ਕੈਨੇਡੀਅਨ
# ਪੰਜਾਬੀ ਪੋਸਟ

Award winning news paper | Canadian Punjabi Post

Vol 17 * Issue 218

Daily Newspaper Thursday, November 15, 2018

Tel: 905-793-2202 Fax: 905-793-2282 news@punjabipost.ca



Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2


# ਹਰਜੀਤ ਸੱਜਣ ਦੀ 'ਹਵਾਈ ਪਾਰਟੀ' ਵਿੱਚ ਉਡਾਏ ਗਏ 3 ਲੱਖ 37 ਹਜ਼ਾਰ ਡਾਲਰ

ਓਟਵਾ, 14 ਨਵੰਬਰ (ਪੋਸਟ ਬਿਊਰੋ) : ਦਸੰਬਰ 2017 ਵਿੱਚ ਕੈਨੇਡੀਅਨ ਫੋਰਸਿਜ਼ ਦੇ ਟੀਮ ਕੈਨੇਡਾ ਟੂਰ ਬਾਰੇ ਪਿਛਲੇ ਹਫਤੇ ਕੰਜ਼ਰਵੇਟਿਵ ਐਮਪੀਜ਼ ਨੇ ਰੱਖਿਆ ਮੰਤਰੀ ਹਰਜੀਤ ਸੱਜਣ ਨੂੰ ਕਈ ਵਾਰੀ ਘੇਰਿਆ ਤੇ ਉਨ੍ਹਾਂ ਉੱਤੇ ਸਵਾਲਾਂ ਦੀ ਝੜੀ ਲਾ ਦਿੱਤੀ।



ਇਸ ਟੂਰ ਉੱਤੇ ਵੀਆਈਪੀਜ਼ ਨੂੰ ਲਿਜਾਣ ਦਾ ਮਕਸਦ ਦੂਜੇ ਦੇਸ਼ਾਂ ਵਿੱਚ ਤਾਇਨਾਤ ਫੌਜੀ ਕਰਮਚਾਰੀਆਂ ਨੂੰ ਹੱਲਾਸ਼ੇਰੀ ਦੇਣਾ ਸੀ ਪਰ ਇਹ ਟੂਰ ਅਸਫਲ ਰਿਹਾ। ਆਰਸੀਏਐਫ ਦੀ ਗ੍ਰੀਸ ਤੇ ਲੈਟਵੀਆ ਜਾਣ ਵਾਲੀ ਉਡਾਨ ਵਿੱਚ ਸਵਾਰ ਕੁੱਝ ਵੀਆਈਪੀਜ਼ ਨੇ ਰੱਜ ਕੇ ਸ਼ਰਾਬ ਪੀਤੀ ਹੋਈ ਸੀ ਤੇ ਉਹ ਅਮਲੇ, ਖਾਸ ਤੌਰ ਉੱਤੇ ਫੌਜੀ ਫਲਾਈਟ ਅਟੈਂਡੈਂਟਸ ਨਾਲ ਗਾਲੀ ਗਲੌਜ ਵੀ ਕਰ ਰਹੇ ਸਨ। ਵੀਆਈਪੀ ਯਾਤਰੀਆਂ, ਜਿਨ੍ਹਾਂ ਵਿੱਚ ਐਨਐਚਐਲ ਦੇ ਸਾਬਕਾ ਖਿਡਾਰੀ ਡੇਵ ਟਾਈਗਰ ਵਿਲੀਅਮਜ਼ ਵੀ ਸ਼ਾਮਲ ਸਨ, ਨੂੰ ਸਕਿਊਰਿਟੀ ਸਕਰੀਨਿੰਗ ਤੋਂ ਵੀ ਛੋਟ ਦਿੱਤੀ ਗਈ। ਇਨ੍ਹਾਂ ਵਿੱਚੋਂ ਕਈਆਂ ਨੇ ਤਾਂ ਪਹਿਲਾਂ ਹੀ ਸ਼ਰਾਬ ਪੀਤੀ ਹੋਈ ਸੀ। ਇੱਥੇ ਹੀ ਬੱਸ ਨਹੀਂ ਕਈ ਯਾਤਰੀ ਤਾਂ ਆਪਣੇ ਹੱਥਾਂ ਵਿੱਚ ਸ਼ਰਾਬ ਫੜ੍ਹ ਕੇ ਹੀ ਕੈਨੇਡੀਅਨ ਫੋਰਸਿਜ਼ ਦੇ ਜਹਾਜ਼ ਵਿੱਚ ਚੜ੍ਹੇ।



ਦੋ ਵਿਅਕਤੀ ਤਾਂ ਇਸ ਹੱਦ ਤੱਕ ਰੱਜੇ ਹੋਏ ਸਨ ਕਿ ਉਨ੍ਹਾਂ ਦਾ ਪਿਸ਼ਾਬ ਵੀ ਨਿਕਲਿਆ ਹੋਇਆ ਸੀ ਤੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਸੁਰਤ ਨਹੀਂ ਸੀ। ਇਸ ਦੌਰਾਨ ਬਣਾਈ ਇੱਕ ਵੀਡੀਓ ਵਿੱਚ ਸਾਫ ਨਜ਼ਰ ਆ ਰਿਹਾ ਹੈ ਕਿ ਚੀਫ ਆਫ ਦ ਡਿਫੈਂਸ ਸਟਾਫ ਜਨਰਲ ਜੌਨ ਵੈਂਸ ਦੇ ਆਫਿਸ ਦੇ ਸਟਾਫ ਮੈਂਬਰ ਸਮੇਤ ਕੁੱਝ ਲੋਕ ਹੱਥਾਂ ਵਿੱਚ ਸ਼ਰਾਬ ਫੜ੍ਹ ਕੇ ਜਹਾਜ਼ ਵਿੱਚ ਡਾਂਸ ਕਰ ਰਹੇ ਹਨ ਤੇ ਪਿਛਲੇ ਪਾਸੇ ਰੌਕ ਬੈਂਡ ਵੱਜ ਰਿਹਾ ਹੈ। ...ਬਾਕੀ ਪੰਨਾ 6 'ਤੇ

# ਦੱਖਣ ਏਸ਼ੀਆਈ ਮੁਲਕਾਂ ਨਾਲ ਮੁਕਤ ਵਪਾਰ ਸਮਝੌਤਾ ਕਰਨਾ ਚਾਹੁੰਦਾ ਹੈ ਕੈਨੇਡਾ: ਟਰੂਡੋ



ਸਿੰਗਾਪੁਰ, 14 ਨਵੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 10 ਦੱਖਣ ਏਸ਼ੀਆਈ ਮੁਲਕਾਂ ਨੂੰ ਇਹ ਸਪਸ਼ਟ ਕੀਤਾ ਹੈ ਕਿ ਕੈਨੇਡਾ ਫਰੀ ਟਰੇਡ ਡੀਲ ਬਾਰੇ ਉਨ੍ਹਾਂ ਨਾਲ ਚੰਗੀ ਤਰ੍ਹਾਂ ਵਿਸਥਾਰ ਪੂਰਬਕ ਗੱਲ ਕਰਨੀ ਚਾਹੁੰਦਾ ਹੈ।

ਆਸੀਆਨ, ਜਿਨ੍ਹਾਂ ਦੀ ਸਾਂਝੀ ਆਬਾਦੀ 650 ਮਿਲੀਅਨ ਹੈ ਤੇ ਸਾਂਝਾ ਅਰਥਚਾਰਾ 2.8 ਟ੍ਰਿਲੀਅਨ ਡਾਲਰ ਹੈ, ਸਿਖਰ ਵਾਰਤਾ ਦੌਰਾਨ ਦਿੱਤੇ ਲੰਚ ਵਿੱਚ ਟਰੂਡੋ ਨੇ ਕੈਨੇਡਾ ਦਾ ਪੱਖ ਸਪਸ਼ਟ ਕੀਤਾ। ਇੱਥੇ ਦੱਸਣਾ ਬਣਦਾ ਹੈ ਕਿ ਆਸੀਆਨ ਮੁਲਕ ਪਹਿਲਾਂ ਹੀ ਕੈਨੇਡਾ ਦੇ ਛੇਵੇਂ ਸੱਭ ਤੋਂ ਵੱਡੇ ਕਾਰੋਬਾਰੀ ਭਾਈਵਾਲ ਹਨ।

ਟਰੂਡੋ ਚਾਹੁੰਦੇ ਹਨ ਕਿ ਜਲਦ ਤੋਂ ਜਲਦ ਆਸੀਆਨ ਤੇ ਕੈਨੇਡਾ ਦੇ ਵਾਰਤਾਕਾਰ ਇਸ ਮੁਕਤ ਵਪਾਰ ਸਮਝੌਤੇ ਬਾਰੇ ਗੱਲ ਕਰਨੀ ਸ਼ੁਰੂ ਕਰਨ। ਇਸ ਤੋਂ ਇਲਾਵਾ ਟਰੂਡੋ ਨੇ ਇਸ ਮੌਕੇ ਆਖਿਆ ਕਿ ਉਹ ਆਸੀਆਨ ਦੇਸ਼ਾਂ ਨੂੰ ਇਹ ਅਪੀਲ ਕਰਦੇ ਹਨ ਕਿ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕਾਊਂਸਲ ਵਿੱਚ ਕੈਨੇਡਾ ਨੂੰ ਸੀਟ ਦਿੱਤੇ ਜਾਣ ਦੀ ਉਨ੍ਹਾਂ ਦੀ ਕੋਸ਼ਿਸ਼ ਦਾ ਸਮਰਥਨ ਕਰਨ।

...ਬਾਕੀ ਪੰਨਾ 6 'ਤੇ

# ਹਾਈਡਰੋ ਪੋਲ ਨਾਲ ਬੱਸ ਟਕਰਾਈ, 24 ਜ਼ਖ਼ਮੀ



ਟੋਰਾਂਟੋ, 14 ਨਵੰਬਰ (ਪੋਸਟ ਬਿਊਰੋ) : ਡੇਵਨਪੋਰਟ ਰੋਡ ਤੇ ਬਾਥਰਸਟ ਸਟਰੀਟ ਦੇ ਦੱਖਣਪੱਛਮੀ ਕੌਰਨਰ ਉੱਤੇ ਸਥਿਤ ਹਾਈਡਰੋ ਪੋਲ ਵਿੱਚ ਟੀਟੀਸੀ ਬੱਸ ਦੇ ਟਕਰਾ ਜਾਣ ਕਾਰਨ 24 ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ।

ਟੋਰਾਂਟੋ ਪੁਲਿਸ ਦੀ ਤਰਜ਼ਮਾਨ ਕਟਰੀਨਾ ਐਰੋਗਾਂਤੇ ਅਨੁਸਾਰ ਜਦੋਂ ਹਾਦਸਾ ਵਾਪਰਿਆ ਤਾਂ ਉਸ ਸਮੇਂ 30 ਯਾਤਰੀ ਬੱਸ ਵਿੱਚ ਸਵਾਰ ਸਨ। ਉਨ੍ਹਾਂ ਦੱਸਿਆ ਕਿ ਹਾਦਸਾ ਕਿਸ ਤਰ੍ਹਾਂ ਵਾਪਰਿਆ ਇਸ ਬਾਰੇ ਅਜੇ ਵੀ ਜਾਂਚ ਚੱਲ ਰਹੀ ਹੈ। ਕਿਸੇ ਦੇ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ ਪਰ ਇਲਾਜ ਲਈ 24 ਦੇ 24 ਯਾਤਰੀਆਂ ਨੂੰ ਹਸਪਤਾਲ ਲਿਜਾਇਆ ਗਿਆ।

ਟੋਰਾਂਟੋ ਹਾਈਡਰੋ ਖੰਭੇ ਦੀ ਮੁਰੰਮਤ ਕਰ ਰਹੀ ਹੈ। ਇਸ ਇਲਾਕੇ ਵਿੱਚ ਟਰੈਫਿਕ ਲਾਈਟਾਂ ਵਿੱਚ ਥੋੜ੍ਹੀ ਦਿੱਕਤ ਲੋਕਾਂ ਨੂੰ ਮਹਿਸੂਸ ਹੋ ਸਕਦੀ ਹੈ।

# ਯੂਐਸਐਮਸੀਏ ਉੱਤੇ ਦਸਤਖ਼ਤ ਕੀਤੇ ਜਾਣ ਤੱਕ ਮੰਡਰਾ ਸਕਦਾ ਹੈ ਆਰਥਿਕ ਅਸਥਿਰਤਾ ਦਾ ਖਤਰਾ



ਵਾਸ਼ਿੰਗਟਨ, 14 ਨਵੰਬਰ (ਪੋਸਟ ਬਿਊਰੋ) : ਉੱਤਰੀ ਅਮਰੀਕਾ ਵਿੱਚ ਉਦੋਂ ਤੱਕ ਆਰਥਿਕ ਅਸਥਿਰਤਾ ਦਾ ਖਤਰਾ ਮੰਡਰਾਉਂਦਾ ਰਹੇਗਾ ਜਦੋਂ ਤੱਕ ਕਾਂਗਰਸ, ਜੋ ਕਿ ਪਹਿਲਾਂ ਹੀ ਵੰਡੀ ਹੋਈ ਹੈ, ਯੂਐਸ-ਮੈਕਸਿਕੋ-ਕੈਨੇਡਾ ਅਗਰੀਮੈਂਟ (ਯੂਐਸਐਮਸੀਏ) ਉੱਤੇ ਸਹੀ ਨਹੀਂ ਪਾਉਂਦੀ। ਦੋਵਾਂ ਦੇਸ਼ਾਂ ਦੇ ਟਰੇਡ ਮਾਹਿਰਾਂ ਨੇ ਇਹ ਪੇਸ਼ੀਨਿਗੋਈ ਕੀਤੀ ਹੈ ਕਿ ਮੁੜ ਤਕੜੇ ਹੋਏ ਡੈਮੋਕ੍ਰੈਟਸ ਨੇ ਇਸ ਡੀਲ ਉੱਤੇ ਮੋਹਰ ਨਾ ਲਾਉਣ ਦਾ ਤਹੱਈਆ ਪ੍ਰਗਟਾਇਆ ਹੈ।

ਇਸ ਸਮਝੌਤੇ ਉੱਤੇ 30 ਨਵੰਬਰ ਨੂੰ ਦਸਤਖ਼ਤ ਕੀਤੇ ਜਾਣ ਦੀ ਸੰਭਾਵਨਾ ਹੈ ਜਦੋਂ ਤਿੰਨਾਂ ਮੁਲਕਾਂ ਦੇ ਆਗੂ ਬਿਊਨਸ ਏਅਰਜ਼ ਵਿੱਚ ਜੀ 20 ਸਿਖਰ ਵਾਰਤਾ ਵਿੱਚ ਦੋ ਦਿਨਾਂ ਲਈ ਇੱਕਠੇ ਹੋਣਗੇ।

...ਬਾਕੀ ਪੰਨਾ 6 'ਤੇ


ਕੀ ਤੁਸੀ ਕਾਕਰੋਚ, ਚੁੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed



JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON



INSURANCE
HOME · AUTO · BUSINESS · TRUCKING · R.E.S.P · COMMERCIAL
CONNEX
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1



AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga | Aaxel Insurance Brokers Ltd.



HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9



Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients



GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton



INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke



FREE Examination 5yrs follow you up
Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4



Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7



• SUPER VISA INSURANCE
• VISITOR VISA INSURANCE
• TRAVEL INSURANCE
• STUDENT INSURANCE
• NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca



Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392



Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598



KELLEY LAW OFFICE
AREA OF PRACTICE
• Immigration • Real Estate
• Family Law • Business Closing
• Corporate • Wills & Estate
• Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ ।



Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Aaxel Insurance Brokers Ltd.
Address: 1550 South Gateway Rd. Suite 220 Mississauga, ON L4W 5G6



ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੌ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205



MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca



PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com



CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor



ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
Sanket (Govt Licensed Exterminator) 647-339-3926
UNMARKED VEHICLE AVAILABLE
Email: aristopest@gmail.com
www.aristopestcontrol.com

# ASIAN FOOD CENTRE



SERVING FROM 10 LOCATIONS
IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



chatr MOBILE

LIMITED TIME OFFER

6GB OF DATA
FOR ONLY
$45/MO.
NO OVERAGE CHARGES IN-ZONE

LET'S GET GOING
CHATRMOBILE.COM

VISIT OUR LOCATION TODAY!

379 MAIN ST. N., BRAMPTON, (905) 451-0379 | 2456 LAKE SHORE BLVD W., (416) 259-3654

chatr AUTHORIZED DEALER

Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

## ਅੱਜ ਨਾਮਾ

ਸ਼ਬਰੀਮਾਲਾ ਦਾ ਮੁੱਦਾ ਪਿਆ ਖੜਾ ਓਥੇ,
ਸਕੀ ਔਰਤ ਕੋਈ ਮੱਥਾ ਨਾ ਟੇਕ ਭਾਈ।
ਸੁਪਰੀਮ ਕੋਰਟ ਦੇ ਹੁਕਮ ਨਾ ਹੋਏ ਲਾਗੂ,
ਜਿਹੜੇ ਹੁਕਮ ਸੀ ਬਹੁਤ ਹੀ ਨੇਕ ਭਾਈ।
ਕੱਟੜਪੰਥੀਆਂ ਨੂੰ ਕਰਿਆ ਆਪ ਮੂਹਰੇ,
ਸੰਘ ਪਰਵਾਰ ਮਿਲਾ ਰਿਹਾ ਹੇਕ ਭਾਈ।
ਲਾਗੂ ਕਰਨ ਨਹੀਂ ਜਾਇਜ਼ ਕਾਨੂੰਨ ਦੇਣਾ,
ਏਦੂੰ ਵੱਧ ਕਿਹੜਾ ਇੰਡੀਆ-ਮੇਕ ਭਾਈ।
ਪੁਰਾਤਨ-ਪੁਣੇ ਦੀ ਚੜ੍ਹੀ ਆ ਕਾਂਗ ਭਾਰੀ,
ਕਿਸ਼ਤੀ ਅਕਲ ਦੀ ਰੁੜ੍ਹੇ ਤਾਂ ਜਾਣ ਦੇਵੋ।
ਰਾਜ-ਤਖ਼ਤ ਦੇ ਵੰਨੀਂ ਜਦ ਨਜ਼ਰ ਗੱਡੀ,
ਮੱਚਦਾ ਦਿੱਸੇ ਤਾਂ ਮੱਚਣ ਘਮਸਾਣ ਦੇਵੋ।

**ਤੀਸ ਮਾਰ ਖਾਂ**

# ਕੰਜ਼ਰਵੇਟਿਵ ਐਮਪੀਜ਼ ਤੋਂ ਬਿਨਾਂ ਹੀ ਨੈਸ਼ਨਲ ਸਕਿਊਰਿਟੀ ਕਮੇਟੀ ਵੱਲੋਂ ਜਾਰੀ ਰੱਖਿਆ ਗਿਆ ਆਪਣਾ ਕੰਮ

ਓਟਵਾ, 14 ਨਵੰਬਰ (ਪੋਸਟ ਬਿਊਰੋ) : ਕੈਨੇਡਾ ਦੇ ਜਾਸੂਸਾਂ ਦੀ ਨਿਗਰਾਨੀ ਕਰ ਰਹੀ ਨਵੀਂ ਕਮੇਟੀ ਵੱਲੋਂ ਕੰਜ਼ਰਵੇਟਿਵ ਐਮਪੀਜ਼ ਤੋਂ ਬਿਨਾਂ ਹੀ ਇੱਕ ਸਾਲ ਪੂਰਾ ਕਰ ਲਿਆ ਗਿਆ ਹੈ।



ਐਂਡਰਿਊ ਸ਼ੀਅਰ ਦੇ ਆਫਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਕੰਜ਼ਰਵੇਟਿਵ ਆਗੂ ਨੇ ਅਜੇ ਤੱਕ ਇਹ ਫੈਸਲਾ ਨਹੀਂ ਕੀਤਾ ਕਿ ਉਹ ਟੋਨੀ ਕਲੇਮੈਂਟ, ਜਿਨ੍ਹਾਂ ਨੂੰ ਜਿਨਸੀ ਸ਼ੋਸ਼ਣ ਦਾ ਦੋਸ਼ ਲੱਗਣ ਉਪਰੰਤ ਪਿਛਲੇ ਹਫਤੇ ਪਾਰਟੀ ਤੋਂ ਕੱਢ ਦਿੱਤਾ ਗਿਆ ਸੀ, ਦੀ ਥਾਂ ਉੱਤੇ ਕਿਸ ਆਗੂ ਨੂੰ ਜ਼ਿੰਮੇਵਾਰੀ ਸੌਂਪਣਗੇ।

ਕਲੇਮੈਂਟ ਇੱਕਲੇ ਅਜਿਹੇ ਕੰਜ਼ਰਵੇਟਿਵ ਐਮਪੀ ਸਨ ਜਿਹੜੇ ਨੈਸ਼ਨਲ ਸਕਿਊਰਿਟੀ ਐਂਡ ਇੰਟੈਲੀਜੈਂਸ ਕਮੇਟੀ ਆਫ ਪਾਰਲੀਆਮੈਂਟੇਰੀਅਨਜ਼ (ਐਨਐਸਆਈਸੀਓਪੀ) ਵਿੱਚ ਸ਼ਾਮਲ ਸਨ। ਕਮੇਟੀ ਵਿੱਚ ਸ਼ਾਮਲ ਇੱਕ ਹੋਰ ਕੰਜ਼ਰਵੇਟਿਵ ਐਮਪੀ ਗੌਰਡ ਬ੍ਰਾਊਨ ਦੀ ਮਈ ਦੇ ਮਹੀਨੇ ਅਚਾਨਕ ਹੋਈ ਮੌਤ ਤੋਂ ਬਾਅਦ ਇਹ ਸੀਟ ਵੀ ਖਾਲੀ ਸੀ।ਇਨ੍ਹਾਂ ਤੋਂ ਇਲਾਵਾ ਕੰਜ਼ਰਵੇਟਿਵ ਸੈਨੇਟਰ ਵਰਨ ਵਾਈਟ ਅਜੇ ਵੀ ਕਮੇਟੀ ਵਿੱਚ ਹੀ ਹਨ। ਐਨਐਸਆਈਸੀਓਪੀ ਦੇ ਨੁਮਾਇੰਦੇ ਨੇ ਮੰਗਲਵਾਰ ਨੂੰ ਆਖਿਆ ਕਿ ਵਿਰੋਧੀ ਧਿਰ ਦੇ ਐਮਪੀਜ਼ ਦੀ ਗੈਰਮੌਜੂਦਗੀ ਦੇ ਬਾਵਜੂਦ ਕਮੇਟੀ ਨੇ ਆਪਣਾ ਕੰਮ ਕਰਨਾ ਜਾਰੀ ਰੱਖਿਆ।

ਕਮੇਟੀ ਦੇ ਐਗਜ਼ੈਕਟਿਵ ਡਾਇਰੈਕਟਰ ਰੈਨੀ ਮਾਰਕੌਕਸ ਨੇ ਇੱਕ ਬਿਆਨ ਵਿੱਚ ਆਖਿਆ ਕਿ ਕਮੇਟੀ ਦਾ ਕੰਮਕਾਜ ਠੀਕ ਢੰਗ ਨਾਲ ਚੱਲ ਰਿਹਾ ਹੈ। ਲਿਬਰਲ ਐਮਪੀ ਡੇਵਿਡ ਮੈਗਿੰਟੀ, ਜੋ ਕਿ ਇਸ ਕਮੇਟੀ ਦੇ ਚੇਅਰ ਹਨ, ਵੱਲੋਂ ਵਾਰੀ ਵਾਰੀ ਇੰਟਰਵਿਊ ਲਈ ਕੀਤੀ ਗਈ ਬੇਨਤੀ ਉੱਤੇ ਕੋਈ ਪ੍ਰਤੀਕਿਰਿਆ ਨਹੀਂ ਪ੍ਰਗਟਾਈ ਗਈ।

# ਸੁਖਬੀਰ ਸਿੰਘ ਬਾਦਲ ਨੇ ਪਹਿਲੀ ਵਾਰ ਮੌੜ ਧਮਾਕੇ ਦੇ ਦੋਸ਼ੀਆਂ ਦੇ ਵਿਰੁੱਧ ਜ਼ਬਾਨ ਖੋਲ੍ਹੀ

### * ਧਮਾਕੇ ਲਈ ਡੇਰਾ ਪ੍ਰੇਮੀ ਦੋਸ਼ੀ ਹਨ ਤਾਂ ਗ੍ਰਿਫ਼ਤਾਰ ਕਰੋ: ਸੁਖਬੀਰ

ਜਲੰਧਰ, 14 ਨਵੰਬਰ, (ਪੋਸਟ ਬਿਊਰੋ)- ਪਿਛਲੇ ਸਾਲ ਚੋਣਾਂ ਦੌਰਾਨ ਹੋਏ ਮੌੜ ਬੰਬ ਧਮਾਕਾ ਕੇਸ ਵਿੱਚ ਡੇਰਾ ਪ੍ਰੇਮੀਆਂ ਦਾ ਨਾਂ ਆਉਣ ਉੱਤੇ ਸਾਬਕਾ ਉਪ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਹਿਲੀ ਵਾਰ ਕਿਹਾ ਕਿ ਪੰਜਾਬ ਸਰਕਾਰ ਇਸ ਬਾਰੇ ਖੁੱਲ੍ਹ ਕੇ ਦੱਸੇ ਅਤੇ ਜੇ ਡੇਰਾ ਪ੍ਰੇਮੀਆਂ ਦੀ ਇਸ ਵਿੱਚ ਕੋਈ ਭੂਮਿਕਾ ਨਿਕਲਦੀ ਹੈ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਵੇ। ਸੁਖਬੀਰ ਸਿੰਘ ਬਾਦਲ ਅੱਜ ਇਥੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਬਾਰੇ ਪਾਰਟੀ ਵੱਲੋਂ ਦਿੱਤੇ ਗਏ ਧਰਨੇ ਵਿੱਚ ਸ਼ਾਮਲ ਹੋਣ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।

ਜਦੋਂ ਸੁਖਬੀਰ ਸਿੰਘ ਬਾਦਲ ਨੂੰ ਚੇਤੇ ਕਰਾਇਆ ਗਿਆ ਕਿ 31 ਜਨਵਰੀ 2015 ਨੂੰ ਹੋਏ ਮੌੜ ਬੰਬ ਧਮਾਕੇ ਮੌਕੇ ਉਹ ਸੂਬੇ ਦੇ ਉਪ ਮੁੱਖ ਮੰਤਰੀ ਸਨ ਤੇ ਉਨ੍ਹਾਂ ਕੋਲ ਗ੍ਰਹਿ ਮੰਤਰਾਲਾ ਵੀ ਸੀ ਤਾਂ ਉਨ੍ਹਾਂ ਦਾ ਪਹਿਲਾ ਪ੍ਰਤੀਕਰਮ ਇਹ ਸੀ ਕਿ ਇਸ ਧਮਾਕੇ ਪਿੱਛੇ ਆਮ ਆਦਮੀ ਪਾਰਟੀ ਅਤੇ ਗਰਮ ਖਿਆਲੀਆਂ ਦਾ ਹੱਥ ਹੈ। ਇਸ ਬਾਰੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਘਟਨਾ ਦੇ ਦੋ ਦਿਨਾਂ ਬਾਅਦ ਧਮਾਕਾ ਕੇਸ ਹੱਲ ਕਰਨ ਬਾਰੇ ਕਿਵੇਂ ਕਿਹਾ ਜਾ ਸਕਦਾ ਹੈ? ਉਨ੍ਹਾਂ ਕਿਹਾ ਕਿ ਮੌੜ ਧਮਾਕੇ ਬਾਰੇ ਓਦੋਂ ਕੀਤੀ ਟਿੱਪਣੀ ਪੁਲੀਸ ਵੱਲੋਂ ਕੀਤੇ ਸ਼ੱਕ ਦੇ ਆਧਾਰ ਉੱਤੇ ਸੀ। ਵਰਨਣ ਯੋਗ ਕਿ 31 ਜਨਵਰੀ 2015 ਨੂੰ ਹੋਏ ਮੌੜ ਬੰਬ ਧਮਾਕੇ ’ਚ 7 ਵਿਅਕਤੀ ਮਾਰੇ ਗਏ ਸਨ। ਇਹ ਬੰਬ ਧਮਾਕਾ ਕਾਂਗਰਸੀ ਉਮੀਦਵਾਰ ਹਰਮਿੰਦਰ ਸਿੰਘ ਜੱਸੀ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ ਸੀ, ਪਰ ਉਹ ਬਚ ਗਏ ਸਨ।

ਅੱਜ ਏਥੇ ਅਕਾਲੀ ਦਲ ਵੱਲੋਂ ਪੰਜਾਬ ਸਰਕਾਰ ਵਿਰੁੱਧ ਸੂਬਾ ਪੱਧਰੀ ਧਰਨਾ ਦੇਣ ਵੇਲੇ ਜ਼ਿਲ੍ਹਾ ਕਾਂਗਰਸ ਨੇ ਪ੍ਰਧਾਨ ਦਲਜੀਤ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਕਾਲੇ ਝੰਡੇ ਲੈ ਕੇ ਪ੍ਰਦਰਸ਼ਨ ਕੀਤਾ। ਕਾਂਗਰਸ ਭਵਨ ਅੱਗੇ ਜੁੜੇ ਹੋਏ ਕਾਂਗਰਸੀਆਂ ਨੇ ਹੱਥਾਂ ਵਿਚ ਕਾਲੇ ਝੰਡੇ ਸਨ ਤੇ ਸੁਖਬੀਰ ਸਿੰਘ ਬਾਦਲ ਤੇ ਅਕਾਲੀ ਦਲ ਮੁਰਦਾਬਾਦ ਦੇ ਨਾਅਰੇ ਲਾ ਰਹੇ ਸਨ। ਉਨ੍ਹਾਂ ਦਾ ਸੁਖਬੀਰ ਸਿੰਘ ਬਾਦਲ ਨੂੰ ਕਾਲੇ ਝੰਡੇ ਦਿਖਾਉਣ ਦਾ ਪ੍ਰੋਗਰਾਮ ਪੁਲੀਸ ਪ੍ਰਬੰਧਾਂ ਕਰਕੇ ਨਹੀਂ ਹੋ ਸਕਿਆ।

# ਯਹੂਦੀ ਟੀਨੇਜਰਜ਼ ਉੱਤੇ ਹੋਏ ਹੇਟ ਕ੍ਰਾਈਮ ਦੀ ਪੁਲਿਸ ਚੀਫ ਸਾਂਡਰਜ਼ ਵੱਲੋਂ ਨਿਖੇਧੀ

### ਕੰਜ਼ਰਵੇਟਿਵ ਆਗੂਆਂ ਨੇ ਵੀ ਕੀਤੀ ਹਮਲੇ ਦੀ ਆਲੋਚਨਾ




ਟੋਰਾਂਟੋ, 14 ਨਵੰਬਰ (ਪੋਸਟ ਬਿਊਰੋ) : ਉੱਤਰੀ ਟੋਰਾਂਟੋ ਵਿੱਚ ਐਤਵਾਰ ਸ਼ਾਮ ਨੂੰ ਚਾਰ ਯਹੂਦੀ ਟੀਨੇਜਰਜ਼ ਉੱਤੇ ਹੋਇਆ ਹਮਲਾ ਅਸਲ ਵਿੱਚ ਹੇਟ ਕ੍ਰਾਈਮ ਹੀ ਸੀ, ਇਸ ਦੀ ਪੁਸ਼ਟੀ ਟੋਰਾਂਟੋ ਪੁਲਿਸ ਵੱਲੋਂ ਕੀਤੀ ਗਈ ਹੈ। ਪੁਲਿਸ ਚੀਫ ਮਾਰਕ ਸਾਂਡਰਜ਼ ਨੇ ਮੰਗਲਵਾਰ ਨੂੰ ਕ੍ਰਾਈਮ ਸੀਨ ਦਾ ਮੁਆਇਨਾ ਕਰਨ ਉਪਰੰਤ ਆਖਿਆ ਕਿ 11 ਨਵੰਬਰ ਦਿਨ ਐਤਵਾਰ ਨੂੰ ਰਾਤੀਂ 8:00 ਵਜੇ ਚਾਰ ਨੌਜਵਾਨ ਬਾਥਰਸਟ ਤੇ ਲਾਰੈਂਸ ਨੇੜੇ ਤੁਰੇ ਜਾ ਰਹੇ ਸਨ ਜਦੋਂ ਉਨ੍ਹਾਂ ਉੱਤੇ ਹਮਲਾ ਹੋਇਆ। ਟੋਰਾਂਟੋ ਪੁਲਿਸ ਸਰਵਿਸ ਨੇ ਇਸ ਦੀ ਪੁਸ਼ਟੀ ਕੀਤੀ ਕਿ ਇਹ ਹੇਟ ਕ੍ਰਾਈਮ ਹੀ ਸੀ। ਉਨ੍ਹਾਂ ਆਖਿਆ ਕਿ ਇਨ੍ਹਾਂ ਚਾਰ ਨੌਜਵਾਨਾਂ ਉੱਤੇ ਨੌਂ ਹੋਰਨਾਂ ਲੜਕਿਆਂ ਨੇ ਹਮਲਾ ਕੀਤਾ। ਪਹਿਲਾਂ ਉਨ੍ਹਾਂ ਉੱਤੇ ਭੱਦੀਆਂ ਟਿੱਪਣੀਆਂ ਕੀਤੀਆਂ ਗਈਆਂ ਫਿਰ ਉਨ੍ਹਾਂ ਦੇ ਯਹੂਦੀ ਕੱਪੜਿਆਂ ਉੱਤੇ ਧਾਰਮਿਕ ਟਿੱਪਣੀਆਂ ਕੀਤੀਆਂ ਗਈਆਂ। ਇਸ ਮਗਰੋਂ ਦੋ ਯਹੂਦੀ ਲੜਕਿਆਂ ਨੂੰ ਕੁੱਟਿਆ ਵੀ ਗਿਆ। ਇੱਕ ਯਹੂਦੀ ਲੜਕੇ ਤੋਂ ਜਾਣ ਲੱਗੇ ਹਮਲਾਵਰ ਲੜਕੇ ਗੌਗਲਜ਼ ਵੀ ਖੋਹ ਕੇ ਲੈ ਗਏ। ਇਸ ਮਗਰੋਂ ਵਿੱਢੀ ਗਈ ਜਾਂਚ ਦੌਰਾਨ 17 ਸਾਲਾ ਮਸ਼ਕੂਕ ਨੂੰ ਗ੍ਰਿਫਤਾਰ ਵੀ ਕਰ ਲਿਆ ਗਿਆ ਪਰ ਬਾਕੀ ਸਾਰੇ ਫਰਾਰ ਹੋਣ ਵਿੱਚ ਕਾਮਯਾਬ ਹੋ ਗਏ।

ਸਾਂਡਰਜ਼ ਨੇ ਆਖਿਆ ਕਿ ਸਾਰਿਆਂ ਨੂੰ ਫੜ੍ਹਨ ਲਈ ਪੁਲਿਸ ਕੋਈ ਵੀ ਕਸਰ ਬਾਕੀ ਨਹੀਂ ਛੱਡੇਗੀ। ਸਾਂਡਰਜ਼ ਨੇ ਆਖਿਆ ਕਿ ਸਿਟੀ ਵਿੱਚ ਸਿਰਫ ਹੇਟ ਕ੍ਰਾਈਮ ਉੱਤੇ ਹੀ ਅਸੀਂ ਨਕੇਲ ਨਹੀਂ ਕੱਸ ਸਕੇ ਹਾਂ। ਉਨ੍ਹਾਂ ਆਖਿਆ ਕਿ ਇਹ ਮਸਲਾ ਹੱਲ ਕਰਨ ਲਈ ਉਹ ਆਪਣੀ ਪੂਰੀ ਵਾਹ ਲਾਉਣਗੇ।

ਇਸ ਦੌਰਾਨ ਮੇਅਰ ਜੌਹਨ ਟੋਰੀ ਨੇ ਵੀ ਟਵਿੱਟਰ ਉੱਤੇ ਆਖਿਆ ਕਿ ਕਿਸੇ ਦੇ ਧਰਮ ਲਈ ਉਸ ਉੱਤੇ ਹੋਣ ਵਾਲੇ ਹਮਲੇ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪ੍ਰੀਮੀਅਰ ਡੱਗ ਫੋਰਡ ਤੇ ਫੈਡਰਲ ਵਿਰੋਧੀ ਧਿਰ ਦੇ ਆਗੂ ਐਂਡਰਿਊ ਸ਼ੀਅਰ ਨੇ ਵੀ ਇਹੋ ਆਖਿਆ ਕਿ ਕਿਸੇ ਵੀ ਕਿਸਮ ਦਾ ਹੇਟ ਕ੍ਰਾਈਮ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਮੌਤ ਦੀ ਸਜ਼ਾ ਬਾਰੇ ਯੂ ਐੱਨ ਖਰੜੇ ਦਾ ਭਾਰਤ ਵੱਲੋਂ ਵਿਰੋਧ

ਯੂ ਐੱਨ ਓ, 14 ਨਵੰਬਰ (ਪੋਸਟ ਬਿਊਰੋ)- ਭਾਰਤ ਨੇ ਮੌਤ ਦੀ ਸਜ਼ਾ ਬਾਰੇ ਯੂ ਐੱਨ ਜਨਰਲ ਅਸੈਂਬਲੀ ਵੱਲੋਂ ਲਿਆਂਦੇ ਗਏ ਖਰੜੇ ਦੇ ਖ਼ਿਲਾਫ਼ ਮਤਦਾਨ ਕੀਤਾ ਹੈ। ਇਸ ਬਾਰੇ ਭਾਰਤ ਨੇ ਕਿਹਾ ਕਿ ਇਹ ਮਤਾ ਸੰਵਿਧਾਨਕ ਕਾਨੂੰਨ ਦੇ ਖ਼ਿਲਾਫ਼ ਹੈ ਅਤੇ ਦੇਸ਼ ਵਿੱਚ ਵਿਰਲੇ ਮਾਮਲਿਆਂ ’ਚ ਹੀ ਮੌਤ ਦੀ ਸਜ਼ਾ ਸੁਣਾਈ ਜਾਂਦੀ ਹੈ। ਇਸ ਸੰਬੰਧ ਵਿੱਚ ਯੂ ਐਨ ਜਨਰਲ ਅਸੈਂਬਲੀ ਦੀ ਤੀਜੀ (ਸਮਾਜਿਕ, ਮਨੁੱਖੀ ਅਤੇ ਸੱਭਿਆਚਾਰਕ) ਕਮੇਟੀ ਵੱਲੋਂ ਮੰਗਲਵਾਰ ਪੇਸ਼ ਕੀਤੇ ਗਏ ਇਸ ਖਰੜੇ ਮਤੇ ਦੇ ਹੱਕ ਵਿਚ 123 ਤੇ ਵਿਰੋਧ ਵਿੱਚ 46 ਵੋਟਾਂ ਪਈਆਂ। 30 ਮੈਂਬਰ ਦੇਸ਼ਾਂ ਨੇ ਇਸ ਵੋਟਿੰਗ ਵਿੱਚ ਹਿੱਸਾ ਨਹੀਂ ਲਿਆ। ਭਾਰਤ ਉਨ੍ਹਾਂ ਦੇਸ਼ਾਂ ’ਚ ਸ਼ਾਮਲ ਰਿਹਾ, ਜਿਨ੍ਹਾਂ ਨੇ ਮਤੇ ਦੇ ਵਿਰੋਧ ’ਚ ਮਤਦਾਨ ਕੀਤਾ। ਇਸ ਮਤੇ ਨਾਲ ਯੂ ਐੱਨ ਓ ਸਾਰੇ ਦੇਸ਼ਾਂ ਵਿੱਚ ਮੌਤ ਦੀ ਸਜ਼ਾ ਦਾ ਸਾਹਮਣਾ ਕਰਨ ਵਾਲੇ ਲੋਕਾਂ ਦੇ ਅਧਿਕਾਰਾਂ ਦੇ ਕੌਮਾਂਤਰੀ ਸਟੈਂਡਰਡ ਦਾ ਸਨਮਾਨ ਕਰਨ ਦੀ ਅਪੀਲ ਕਰੇਗੀ। ਯੂ ਐੱਨ ਓ ਵਿੱਚ ਭਾਰਤ ਦੇ ਸਥਾਈ ਮਿਸ਼ਨ ਦੀ ਫਸਟ ਸੈਕਟਰੀ ਪਾਲੋਮੀ ਤ੍ਰਿਪਾਠੀ ਨੇ ਕਿਹਾ ਕਿ ਇਸ ਮਤੇ ਦਾ ਟੀਚਾ ਮੌਤ ਦੀ ਸਜ਼ਾ ਵਿੱਚ ਦੇਰੀ ਕਰਾਉਣ ਦੇ ਨਾਲ ਇਸ ਸਜ਼ਾ ਨੂੰ ਖ਼ਤਮ ਕਰਨ ਦਾ ਹੈ। ਭਾਰਤ ਨੇ ਇਸ ਦੇ ਖ਼ਿਲਾਫ਼ ਮਤਦਾਨ ਕੀਤਾ ਕਿਉਂਕਿ ਇਹ ਦੇਸ਼ ਦੇ ਸੰਵਿਧਾਨਕ ਕਾਨੂੰਨ ਖ਼ਿਲਾਫ਼ ਹੈ। ਭਾਰਤ ਵਿੱਚ ਮੌਤ ਦੀ ਸਜ਼ਾ ਅਜਿਹੇ ਦੁਰਲੱਭ ਕੇਸਾਂ ’ਚ ਦਿੱਤੀ ਜਾਂਦੀ ਹੈ ਜਿਨ੍ਹਾਂ ’ਚ ਅਪਰਾਧ ਏਨਾ ਗੰਭੀਰ ਹੁੰਦਾ ਹੈ ਕਿ ਉਸ ਨਾਲ ਸਮਾਜ ਦੀ ਅੰਤਰ ਆਤਮਾ ਤਕ ਡਰ ਜਾਂਦੀ ਹੈ।

# ਦਿੱਲੀ ਸਿੱਖ ਕਤਲੇਆਮ ਵਾਲੇ ਮਹੀਪਾਲਪੁਰ ਕਤਲ ਕੇਸ ਵਿੱਚ ਦੋ ਜਣੇ ਦੋਸ਼ੀ ਕਰਾਰ

ਨਵੀਂ ਦਿੱਲੀ, 14 ਨਵੰਬਰ, (ਪੋਸਟ ਬਿਊਰੋ)- ਦਿੱਲੀ ਦੀ ਪਟਿਆਲਾ ਹਾਊਸ ਅਦਾਲਤ ਨੇ 1984 ਦੇ ਸਿੱਖ ਕਤਲੇਆਮ ਦੌਰਾਨ ਮਾਰੇ ਗਏ ਦੋ ਸਿੱਖਾਂ ਦੇ ਕੇਸ ਵਿੱਚ ਦੋ ਵਿਅਕਤੀਆਂ ਨੂੰ ਅੱਜ ਦੋਸ਼ੀ ਕਰਾਰ ਦਿੱਤਾ ਹੈ।

ਐਡੀਸ਼ਨਲ ਸੈਸ਼ਨ ਜੱਜ ਅਜੈ ਪਾਂਡੇ ਨੇ ਨਰੇਸ਼ ਸਹਿਰਾਵਤ ਤੇ ਯਸ਼ਪਾਲ ਸਿੰਘ ਨੂੰ ਸਿੱਖ ਕਤਲੇਆਮ ਵੇਲੇ ਮਹੀਪਾਲ ਇਲਾਕੇ ਵਿੱਚ ਹਰਦੇਵ ਸਿੰਘ ਤੇ ਅਵਤਾਰ ਸਿੰਘ ਦੇ ਕਤਲ ਦੇ ਦੋਸ਼ੀ ਮੰਨਿਆ ਹੈ। ਮ੍ਰਿਤਕ ਹਰਦੇਵ ਸਿੰਘ ਦੇ ਭਰਾ ਸੰਤੋਖ ਸਿੰਘ ਦੀ ਸ਼ਿਕਾਇਤ ਉੱਤੇ ਚੱਲਦੀ ਇਸ ਕੇਸ ਦੀ ਸੁਣਵਾਈ ਵਿੱਚ ਅਦਾਲਤ ਵੱਲੋਂ 15 ਨਵੰਬਰ ਨੂੰ ਸਜ਼ਾ ਦੱਸੀ ਜਾਵੇਗੀ। ਵਰਨਣ ਯੋਗ ਹੈ ਕਿ ਦਿੱਲੀ ਪੁਲੀਸ ਨੇ ਇਹ ਕੇਸ 1994 ਵਿੱਚ ਸਬੂਤਾਂ ਦੀ ਘਾਟ ਦੱਸ ਕੇ ਬੰਦ ਕਰ ਦਿੱਤਾ ਸੀ, ਪਰ ਨਵੀਂ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਕੇਸ ਫਿਰ ਖੋਲ੍ਹਿਆ ਸੀ। ਅਦਾਲਤ ਨੇ ਦੋਵਾਂ ਨੂੰ ਧਾਰਾ 302, 307, 395 ਤੇ 324 ਦਾ ਦੋਸ਼ੀ ਕਰਾਰ ਦਿੱਤਾ ਹੈ, ਜਿਸ ਹੇਠ ਦੋਸ਼ੀਆਂ ਨੂੰ ਵੱਧ ਤੋਂ ਵੱਧ ਮੌਤ ਅਤੇ ਘੱਟੋ-ਘੱਟ ਉਮਰ ਕੈਦ ਹੋ ਸਕਦੀ ਹੈ।



ਇਸ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਅਤੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਅਦਾਲਤ ਦੇ ਫ਼ੈਸਲੇ ਦਾ ਸਵਾਗਤ ਕਰਦੇ ਹੋਏ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦੀ ਮੰਗ ਕੀਤੀ ਹੈ। ਗੁਰਦੁਆਰਾ ਕਮੇਟੀ ਦਫ਼ਤਰ ’ਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ 1984 ਪਿੱਛੋਂ ਇਨਸਾਫ਼ ਵੀ ਕਤਲ ਹੋਇਆ ਹੈ। ਉਨ੍ਹਾਂ ਕਿਹਾ ਕਿ ਮਹੀਪਾਲਪੁਰ ਕੇਸ ਦਾ ਸਿੱਟਾ ਨਿਕਲਣ ਦਾ ਮੁੱਖ ਕਾਰਨ ਤ੍ਰਿਲੋਕ ਸਿੰਘ, ਸੰਗਤ ਸਿੰਘ ਅਤੇ ਕੁਲਦੀਪ ਸਿੰਘ ਵੱਲੋਂ ਬਿਨਾਂ ਡਰੇ ਤੋਂ ਪੈਰਵੀ ਕਰਨਾ ਹੈ। ਉਨ੍ਹਾਂ ਕਿਹਾ ਕਿ ਇਸ ਬਾਰੇ 9 ਸਾਲ ਬਾਅਦ ਕੇਸ ਦਰਜ ਹੋਇਆ ਤੇ ਉਸ ਤੋਂ 25 ਸਾਲ ਪਿੱਛੋਂ 2 ਵਿਅਕਤੀ ਦੋਸ਼ੀ ਕਰਾਰ ਦਿੱਤੇ ਗਏ ਹਨ, ਜਦ ਕਿ ਭੀੜ ਦੀ ਅਗਵਾਈ ਕਰਨ ਵਾਲਾ ਮੁੱਖ ਕਾਂਗਰਸੀ ਆਗੂ ਜੇ ਪੀ ਇਸ ਕੇਸ ਦਾ ਦੋਸ਼ੀ ਐਲਾਨੇ ਜਾਣ ਤੋਂ ਬਚ ਗਿਆ ਹੈ। ਮਨਜਿੰਦਰ ਸਿੰਘ ਸਿਰਸਾ ਨੇ ਅਦਾਲਤ ਦੇ ਫ਼ੈਸਲੇ ਨੂੰ ਦਿੱਲੀ ਕਮੇਟੀ ਦੀ ਵੱਡੀ ਪ੍ਰਾਪਤੀ ਦੱਸਦੇ ਹੋਏ ਕਿਹਾ ਕਿ 2013 ਤੋਂ ਸੇਵਾ ਕਰ ਰਹੀ ਕਮੇਟੀ ਨੂੰ 6 ਸਾਲ ਪਿੱਛੋਂ ਇਹ ਪ੍ਰਾਪਤੀ ਮਿਲ ਸਕੀ ਹੈ।





















# ਕਮਿਊਨਿਸਟ ਪਾਰਟੀ ਆਫ਼ ਕੈਨੇਡਾ ਵੱਲੋਂ ਫ਼ੋਰਡ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਮੁਜ਼ਾਹਰਾ




ਬਰੈਂਪਟਨ, (ਹਰਿੰਦਰ ਹੁੰਦਲ) - ਕਮਿਊਨਿਸਟ ਪਾਰਟੀ ਆਫ਼ ਕਨੇਡਾ ਵੱਲੋਂ ਡੱਗ ਫ਼ੋਰਡ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਖਿਲਾਫ਼ ਬੀਤੇ ਐਤਵਾਰ ਪੀ.ਸੀ.ਪਾਰਟੀ ਦੇ ਐਮ.ਪੀ.ਪੀ. ਅਮਰ-ਜੋਤ ਸੰਧੂ ਦੇ ਬਰੈਂਪਟਨ ਸਥਿਤ ਹਲਕਾ ਦਫ਼ਤਰ ਦੇ ਸਾਹਮਣੇ ਮੁਜ਼ਾਹਰਾ ਕੀਤਾ ਗਿਆ। ਡੱਗ ਫ਼ੋਰਡ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਕਮਿਊਨਿਸਟ ਪਾਰਟੀ ਵੱਲੋਂ ਇਹ ਦੂਸਰੀ ਵਾਰ ਮੁਜ਼ਾਹਰਾ ਕੀਤਾ ਗਿਆ ਹੈ। ਫ਼ੋਰਡ ਸਰਕਾਰ ਲਗਾਤਾਰ ਮਜਦੂਰ ਅਤੇ ਲੋਕ-ਵਿਰੋਧੀ ਫੈਸਲੇ ਲੈ ਰਹੀ ਹੈ ਜਿਨ੍ਹਾਂ ਵਿਚ ਬਿੱਲ-148 ਨੂੰ ਰੱਦ ਕਰਨਾ ਅਤੇ ਉਸ ਦੀ ਥਾਂ ਬੇਹੱਦ ਮਜ਼ਦੂਰ ਵਿਰੋਧੀ ਬਿੱਲ 47 ਨੂੰ ਪੇਸ਼ ਕਰਨਾ, ਵਿੱਦਿਆ ਦੇ ਖ਼ੇਤਰ ਵਿੱਚ ਕਟੌਤੀਆਂ ਨੂੰ ਜਾਰੀ ਰੱਖਦਿਆਂ ਬਰੈਂਪਟਨ ਸਮੇਤ ਸੂਬੇ ਵਿੱਚ ਤਿੰਨ ਯੂਨੀਵਰਸਿਟੀਆਂ ਬਣਾਉਣ ਦੀ ਯੋਜਨਾਂ ਨੂੰ ਰੱਦ ਕਰਨਾ, ਸਿਹਤ ਅਤੇ ਹੋਰ ਸੇਵਾਵਾਂ ਵਿੱਚ ਕਟੌਤੀਆਂ ਨੂੰ ਲਗਾਤਾਰ ਜਾਰੀ ਰੱਖਣਾ ਮੁੱਖ ਹਨ।

ਮੁਜ਼ਾਹਰੇ ਨੂੰ ਓਨਟਾਰੀਓ ਦੀ ਕਮਿਊਨਿਸਟ ਪਾਰਟੀ ਦੇ ਸੂਬਾ ਆਗੂ ਕਾਮਰੇਡ ਡੇਵ ਮਕੀਅ ਨੇ ਸੰਬੋਧਨ ਕਰਦਿਆਂ ਕਿਹਾ ਕਿ ਡੱਗ ਫ਼ੋਰਡ ਨੇ ਜਿੱਤਣ 'ਤੇ ਇਹ ਐਲਾਨ ਕੀਤਾ ਸੀ ਕਿ ਪਹਿਲੀ ਵਾਰ ਲੋਕਾਂ ਦੀ ਸਰਕਾਰ ਚੁਣੀ ਗਈ ਹੈ ਪਰ ਅਜੇ ਸਰਕਾਰ ਬਣੀ ਨੂੰ ਕੁਝ ਮਹੀਨੇ ਹੀ ਹੋਏ ਹਨ ਅਤੇ ਇਸ ਸਰਕਾਰ ਦਾ ਲੋਕ-ਵਿਰੋਧੀ ਚਿਹਰਾ ਪੂਰੀ ਤਰਾਂ ਨੰਗਾ ਹੋ ਗਿਆ ਹੈ। ਇਸ ਸਰਕਾਰ ਨੇ ਸਭ ਤੋਂ ਪਹਿਲਾ ਹਮਲਾ ਪਬਲਿਕ ਸੈਕਟਰ ਦੇ ਕਾਮਿਆਂ 'ਤੇ ਕੀਤਾ ਜਿਸ ਤਹਿਤ ਯੌਰਕ ਯੂਨੀਵਰਸਿਟੀ ਦੇ ਮੁਲਾਜਮਾਂ ਨੂੰ ਕੰਮ 'ਤੇ ਵਾਪਸ ਆਉਣ ਦਾ ਬਿੱਲ ਪਾਸ ਕਰਕੇ ਉਨ੍ਹਾਂ ਨੂੰ ਹੜਤਾਲ ਕਰਨ ਤੋਂ ਵਾਂਝਿਆਂ ਕੀਤਾ ਗਿਆ ਅਤੇ ਪਬਲਿਕ ਸੈਕਟਰ ਵਿੱਚ ਨਵੀਆਂ ਨੌਕਰੀਆਂ ਦੀ ਭਰਤੀ 'ਤੇ ਰੋਕ ਲਾਈ ਗਈ ਹੈ।

ਏਸੇ ਤਰ੍ਹਾਂ ਮਜ਼ਦੂਰਾਂ ਦੇ ਵੇਤਨ ਵਾਧੇ ਨੂੰ ਰੋਕਣ, ਬਿੱਲ 148 ਨੂੰ ਖਾਰਜ ਕਰਨ ਅਤੇ ਕਾਰਪੋਰੇਟ ਪੱਖੀ ਬਿੱਲ-47 ਲਿਆਉਣ ਵਰਗੇ ਫ਼ੋਰਡ ਸਰਕਾਰ ਦੇ ਬੇਹੱਦ ਸ਼ਰਮਨਾਕ ਫੈਸਲੇ ਹਨ। ਸੋਸ਼ਲ ਸਹਾਇਤਾ 'ਤੇ ਗੁਜ਼ਾਰਾ ਕਰ ਰਹੇ ਲੋਕਾਂ ਦੇ ਆਮਦਨ ਵਾਧੇ ਨੂੰ ਅੱਧਾ ਕਰਕੇ ਅਤੇ ਸਰਕਾਰ ਨੇ ਨਵੇਂ ਸੈੱਕਸ ਪਾਠਕਰਮ ਨੂੰ ਰੱਦ ਕਰਕੇ ਬੱਚਿਆਂ ਦੀ ਸਿਹਤ ਨੂੰ ਖ਼ਤਰੇ ਵਿੱਚ ਪਾਉਣ ਵਾਲਾ ਬੇਹੱਦ ਮਾੜਾ ਕੰਮ ਕੀਤਾ ਹੈ। ਇਸ ਦੇ ਨਾਲ ਹੀ ਇਕ ਅਜਿਹੀ ਫ਼ੋਨ-ਲਾਈਨ ਸਥਾਪਿਤ ਕੀਤੀ ਗਈ ਹੈ ਜਿਸ ਤਹਿਤ ਅਧਿਆਪਕਾਂ ਖਿਲਾਫ਼ ਸ਼ਿਕਾਇਤਾਂ ਕੀਤੀਆਂ ਜਾ ਸਕਣ। ਕਾਮਰੇਡ ਡੇਵ ਨੇ ਕਿਹਾ ਕਿ ਫ਼ੋਰਡ ਦੀ ਸਰਕਾਰ ਨੇ ਆਉਂਦਿਆਂ ਹੀ ਵਾਤਾਵਰਣ ਦੀ ਸੰਭਾਲ ਸਬੰਧੀ ਸਾਰੇ ਪ੍ਰੋਗਰਾਮ ਰੱਦ ਕਰਕੇ ਬੇਹੱਦ ਮਾੜਾ ਫ਼ੈਸਲਾ ਲਿਆ ਹੈ।

ਕੈਨੇਡਾ ਦੇ ਮੂਲ-ਵਾਸੀਆਂ ਸਬੰਧੀ ਵਿੱਦਿਆ ਦੇ ਪਾਠ-ਕਰਮ ਨੂੰ ਰੱਦ ਕਰਕੇ ਅਤੇ ਉੱਤਰੀ ਓਨਟਾਰੀਓ ਵਿਚ ਮੂਲ-ਵਾਸੀਆਂ ਦੀਆਂ ਜ਼ਮੀਨਾਂ ਵਿੱਚੋਂ ਕੀਮਤੀ ਖਣਿਜ ਕੱਢਣ ਸਬੰਧੀ ਕਾਰਪੋਰੇਟਾਂ ਨੂੰ ਅਧਿਕਾਰ ਦਿੱਤੇ ਹਨ ਜੋ ਮੂਲ-ਵਾਸੀਆਂ ਦੇ ਹਿੱਤਾਂ ਦੇ ਵਿਰੁੱਧ ਫ਼ੈਸਲੇ ਹਨ। ਉਨ੍ਹਾਂ ਕਿਹਾ ਕਿ ਇਹ ਸਰਕਾਰ ਬਹੁ-ਗਿਣਤੀ ਲੋਕ-ਵਿਰੋਧੀ ਹੈ ਜਦ ਕਿ ਇਹ ਮੁੱਠੀ-ਭਰ ਕਾਰਪੋਰੇਟਾਂ ਦੇ ਹਿੱਤਾਂ ਨੂੰ ਪਾਲ ਰਹੀ ਹੈ। ਇਹ ਲੋਕਾਂ ਦੀ ਸਰਕਾਰ ਨਹੀਂ ਹੈ, ਬਲਕਿ ਇਹ ਲੋਕ-ਵਿਰੋਧੀ ਸਰਕਾਰ ਹੈ। ਸਰਕਾਰ ਦੇ ਲੋਕ-ਵਿਰੋਧੀ ਚਰਿੱਤਰ ਨੂੰ ਲੋਕਾਂ ਵਿੱਚ ਲਗਾਤਾਰ ਨੰਗਿਆਂ ਕੀਤਾ ਜਾਣਾ ਚਾਹੀਦਾ ਹੈ।

ਕਾਮਰੇਡ ਡੇਵ ਨੇ ਕਿਹਾ ਅਜਿਹਾ ਸੂਬੇ ਵਿੱਚ ਮੌਜੂਦਾ ਸਰਕਾਰ ਵਿਰੁੱਧ ਲਗਾਤਾਰ ਮੁਜ਼ਾਹਰੇ ਕਰਕੇ ਹੀ ਕੀਤਾ ਜਾ ਸਕਦਾ ਹੈ। ਸੂਬੇ ਵਿੱਚ ਅਜਿਹੇ ਅਗਾਂਹ-ਵਧੂ ਬਹੁਤ ਸਾਰੇ ਮੁਜ਼ਾਹਰੇ ਹੋ ਰਹੇ ਹਨ ਅਤੇ ਸਰਕਾਰ ਦੇ ਖਿਲਾਫ ਲੋਕ ਪ੍ਰਤੀਰੋਧ ਤਿੱਖਾ ਹੋ ਰਿਹਾ ਹੈ। ਵੱਧ ਤੋਂ ਵੱਧ ਲੋਕਾਂ ਨੂੰ ਮੁਜ਼ਾਹਰਿਆਂ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਮੌਜੂਦਾ ਸਰਕਾਰ ਦੀਆਂ ਮਾਰੂ ਨੀਤੀਆਂ ਦਾ ਮੂੰਹ ਤੋੜ ਜਵਾਬ ਦਿੱਤਾ ਜਾ ਸਕੇ। ਮਜ਼ਦੂਰ ਜਮਾਤ ਦੇ ਸਾਰੇ ਹਲਕਿਆਂ ਨੂੰ ਸਾਂਝੀ, ਜੁਝਾਰੂ ਅਤੇ ਬੱਝਵੀਂ ਲਹਿਰ ਉਸਾਰ ਕੇ ਹਰ ਪੱਖ ਤੋਂ ਮੌਜੂਦਾ ਸਰਕਾਰ ਨੂੰ ਹਰਾਇਆ ਜਾ ਸਕਦਾ ਹੈ। ਲੋਕਾਂ ਦੀਆਂ ਹੱਕੀ ਅਤੇ ਜਮਹੂਰੀ ਮੰਗਾਂ ਨੂੰ ਧਿਆਨ ਵਿੱਚ ਰੱਖ ਕੇ ਅਜਿਹੀ ਲਹਿਰ ਉਸਾਰਨੀ ਸਮੇਂ ਦੀ ਬੇਹੱਦ ਜ਼ਰੂਰੀ ਲੋੜ ਹੈ। ਉਨ੍ਹਾਂ ਕਿਹਾ ਕਿ ਕਮਿਊਨਿਸਟ ਪਾਰਟੀ ਸਾਰੀਆਂ ਮਜ਼ਦੂਰ ਅਤੇ ਲੋਕ-ਪੱਖੀ ਧਿਰਾਂ ਨਾਲ ਰਲ ਕੇ ਇਸ ਦਿਸ਼ਾ ਵੱਲ ਕੰਮ ਕਰ ਰਹੀ ਹੈ। ਕਾਮਰੇਡ ਡੇਵ ਨੇ ਕਿਹਾ ਕਿ ਸਾਡਾ ਨਿਸ਼ਾਨਾ ਸਿਰਫ਼ ਵਿਰੋਧ ਕਰਨ ਤੱਕ ਹੀ ਸੀਮਤ ਨਹੀ ਹੈ ਅਸੀ ਲੋਕ ਪੱਖੀ ਬਦਲ ਵੀ ਪੇਸ਼ ਕਰ ਰਹੇ ਹਾਂ ਜਿਸ ਤਹਿਤ ਨੈਸ਼ਨਲ ਫਾਰਮਾ ਕੇਅਰ, ਮੁਫ਼ਤ ਪੋਸਟ ਸੈਕੰਡਰੀ ਵਿਦਿਆ, ਦੰਦਾਂ ਤੇ ਅੱਖਾਂ ਨੂੰ ਮੁਫ਼ਤ ਸਿਹਤ ਸੇਵਾਵਾਂ ਵਿੱਚ ਸ਼ਾਮਲ ਕਰਨਾ, ਘੱਟੋ ਘੱਟ ਉਜਰਤ ਨੂੰ ਵਧਾਉਣਾ, ਮਿਆਰੀ ਪਬਲਿਕ ਸਿਹਤ ਅਤੇ ਵਿਦਿਅਕ ਸੇਵਾਵਾਂ ਮੁਹ-ਇਆ ਕਰਵਾਉਣਾ ਆਦਿ ਮੁੱਖ ਹਨ।

ਇਸ ਮੁਜ਼ਾਹਰੇ ਨੂੰ ਘੱਟੋ ਘੱਟ ਉਜਰਤ $15 ਕਰਨ ਲਈ ਚੱਲ ਰਹੀ ਮੁਹਿੰਮ ਦੀ ਨੌਜੁਆਨ ਕਾਰਜ ਕਰਤਾ ਸਿਮਰਨ ਨੇ ਵੀ ਸੰਬੋਧਨ ਕੀਤਾ। ਸਿਮਰਨ ਨੇ ਕਿਹਾ ਕਿ ਡੱਗ ਫੋਰਡ ਨੇ ਬਿੱਲ 148 ਬਾਰੇ ਕਿਹਾ ਸੀ ਕਿ ਇਹ ਬੇਹੱਦ ਭਿਆਨਕ ਬਿੱਲ ਹੈ ਜਿਸ ਨਾਲ ਵੱਡੀ ਪੱਧਰ ਤੇ ਰੋਜ਼ਗਾਰ ਘਟਿਆ ਹੈ ਜੋ ਕਿ ਸਰਾਸਰ ਝੂਠ ਹੈ। ਪਿਛਲੇ ਸਮੇਂ ਦੌਰਾਨ ਰੁਜ਼ਗਾਰ ਵਧਿਆ ਹੈ ਅਤੇ 66% ਓਨਟਾਰੀਓ ਵਾਸੀ $15 ਵੇਤਨ ਦਾ ਸਮਰਥਨ ਕਰਦੇ ਹਨ। ਪਿਛਲੀ ਪੀ.ਸੀ. ਸਰਕਾਰ ਨੇ ਉਜ਼ਰਤ $8 ਤੇ ਜਾਮ ਕਰ ਦਿੱਤੀ ਸੀ ਅਤੇ ਬਿੱਲ-148 ਸਦਕਾ ਹੀ ਵੇਤਨ $14 ਹੋਈ ਸੀ ਅਤੇ ਜਨਵਰੀ ਵਿੱਚ ਇਹ $15 ਹੋਣੀ ਜੋ ਮੌਜੂਦਾ ਮਜ਼ਦੂਰ ਵਿਰੋਧੀ ਸਰਕਾਰ ਨੇ ਹੋਣ ਨਹੀ ਦਿੱਤੀ। ਬਿੱਲ-148 ਤਹਿਤ ਬੀਮਾਰ ਹੋਣ ਦੀ ਹਾਲਤ ਵਿਚ 10 ਛੁੱਟੀਆਂ ਸਨ ਜਿੰਨਾਂ ਵਿੱਚੋਂ ਦੋ ਭੁਗਤਾਨ-ਤਹਿਤ ਮਿਲ ਸਕਦੀਆਂ ਸਨ ਅਤੇ ਬਰਾਬਰ ਕੰਮ ਬਰਾਬਰ ਵੇਤਨ ਤਹਿਤ ਲੱਖਾਂ ਕੱਚੇ ਅਤੇ ਏਜੰਸੀਆਂ ਦੇ ਕਾਮਿਆਂ ਨੂੰ ਭਾਰੀ ਆਰਥਿਕ ਫ਼ਾਇਦਾ ਹੋਇਆ ਸੀ ਪਰ ਮੌਜੂਦਾ ਸਰਕਾਰ ਨੇ ਇਹ ਸਭ ਕੁਝ ਖ਼ਤਮ ਕਰ ਦਿੱਦਾ ਹੈ ਅਤੇ ਬੇਹੱਦ ਮਜ਼ਦੂਰ ਵਿਰੋਧੀ ਬਿੱਲ-47 ਪੇਸ਼ ਕੀਤਾ ਹੈ ਅਤੇ ਜੋ ਕਿ ਬਹੁਤ ਹੀ ਸ਼ਰਮਨਾਕ ਕੰਮ ਹੈ। ਪਰ ਅਸੀ ਸਰਕਾਰ ਨੂੰ ਇਸ ਤਰ੍ਹਾਂ ਨਹੀਂ ਕਰਨ ਦੇਵਾਂਗੇ ਅਤੇ ਆਪਣੇ ਲੱਖਾਂ ਮਜ਼ੂਦਰ ਭੈਣ ਭਰਾਵਾਂ ਦੇ ਹੱਕਾਂ ਲਈ ਸੰਘਰਸ਼ ਜਾਰੀ ਰੱਖਾਂਗੇ।

ਇਸ ਮੌਕੇ ਨੇੜਿਉਂ ਲੰਘ ਰਹੇ ਰਾਹਗੀਰਾਂ ਨੇ ਮੁਜ਼ਾਹਰਾ-ਕਾਰੀਆਂ ਦਾ ਲਗਾਤਾਰ ਹਾਰਨ ਮਾਰ ਕੇ ਸਮੱਰਥਨ ਕੀਤਾ। ਕਾਮ-ਰੇਡ ਵਿੱਲਫਰੈਂਡ ਨੇ ਕਿਹਾ ਪਾਰਟੀ ਜਲਦੀ ਹੀ ਅਗਲੇ ਐਕਸ਼ਨ ਦਾ ਐਲਾਨ ਕਰੇਗੀ। ਇਸ ਸਬੰਧੀ ਹੋਰ ਜਾਣਕਾਰੀ ਲਈ ਹਰਿੰਦਰ ਹੁੰਦਲ ਨਾਲ 647-818-6880 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਭਾਰਤੀ ਮੂਲ ਦੇ 2382 ਨਾਗਰਿਕ ਅਜੇ ਵੀ ਅਮਰੀਕਾ ਦੀਆਂ ਜੇਲ੍ਹਾਂ 'ਚ ਨਜਰਬੰਦ : ਚਾਹਲ



ਜਲੰਧਰ ਨਵੰਬਰ 12,2018-ਭਾਰਤੀ ਮੂਲ ਦੇ 2382 ਨਾਗਰਿਕ ਜਿਹਨਾਂ ਵਿਚੋਂ ਜਿਆਦਾ ਪੰਜਾਬ ਤੇ ਗੁਜਰਾਤ ਸੂਬੇ ਨਾਲ ਸਬੰਧਤ ਹਨ ਅਜੇ ਵੀ ਅਮਰੀਕਾ ਦੀਆਂ ਜੇਲਾਂ ਵਿਚ ਨਜਰਬੰਦ ਹਨ।ਇਸ ਗਲ ਦੀ ਜਾਣਕਾਰੀ ਦਿੰਦਿਆਂ ਅਜ ਇਥੇ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਕਾਰਜਕਾਰੀ ਡਾਇਰੈਕਟਰ ਸ: ਸਤਨਾਮ ਸਿੰਘ ਚਾਹਲ ਨੇ ਇਥੋਂ ਜਾਰੀ ਕੀਤੇ ਗਏ ਇਕ ਪਰੈਸ ਨੋਟ ਰਾਹੀਂ ਦਿਤੀ।ਸ: ਚਾਹਲ ਨੇ ਦਸਿਆ ਕਿ ਅਮਰੀਕਾ ਦੇ ਫਰੀਡਮ ਆਫ ਇੰਫਰਮੇਸ਼ਨ(ਫੌਇ) ਐਕਟ ਤਹਿਤ ਪਰਾਪਤ ਕੀਤੀ ਗਈ ਇਸ ਜਾਣਕਾਰੀ ਅਨੁਸਾਰ ਭਾਰਤੀ ਮੂਲ ਦੇ ਇਹ ਸਾਰੇ ਨਾਗਰਿਕ ਅਮਰੀਕਾ ਦੇ ਇੰਮੇਗੇਸ਼ਨ ਕਨੂੰਨਾਂ ਦੀ ਉਲੰਘਣਾ ਕਰਨ ਦੇ ਦੋਸ਼ ਤਹਿਤ ਵੱਖ ਵੱਖ ਮੌਕਿਆਂ ਤੇ ਨਜਰਬੰਦ ਕੀਤੇ ਗਏ ਹਨ ਜਿਹਨਾਂ ਵਿਚੋਂ ਬਹੁਤ ਸਾਰੇ ਨਜਰਬੰਦ ਕੈਦੀ ਅਮਰੀਕਾ ਅੰਦਰ ਸਿਆਸੀ ਸ਼ਰਣ ਲੈਣ ਦੀ ਮੰਗ ਕਰ ਰਹੇ ਹਨ।ਇਹਨਾਂ 2382 ਕੈਦੀਆਂ ਵਿਚੋਂ 891 ਕੈਦੀ ਕੈਲੀਫੋਰਨੀਆਂ ਦੀਆਂ ਜੇਲਾਂ ਵਿਚ,52 ਕੈਦੀ ਨਿਊਯਾਰਕ ਦੀਆਂ ਜੇਲਾਂ ਵਿਚ,115 ਕੈਦੀ ਵਸ਼ਿੰਗਟਨ ਸਟੇਟ ਦੀਆਂ ਜੇਲਾਂ ਵਿਚ ਨਜਰਬੰਦ ਹਨ।ਸ: ਚਾਹਲ ਨੇ ਇਸ ਗਲ ਤੇ ਦੁਖ ਪਰਗਟ ਕੀਤਾ ਕਿ ਪੰਜਾਬ ਵਿਚ ਗੈਰ ਕਨੂੰਨੀ ਮਨੁਖੀ ਤਸਕਰੀ ਦਾ ਧੰਦਾ ਦਿਨੋ ਦਿਨ ਵਧ ਫੁਲ ਰਿਹਾ ਹੈ।ਇਸ ਗੈਰ ਕਨੂੰਨੀ ਮਨੁਖੀ ਤਸਕਰੀ ਦੇ ਧੰਦੇ ਨੂੰ ਰੋਕਣ ਲਈ ਭਾਵੇਂ ਪੰਜਾਬ ਸਰਕਾਰ ਨੇ ਬੜੇ ਸਖਤ ਕਨੂੰਨ ਬਣਾ ਕੇ ਰਖੇ ਹੋਏ ਹਨ ਪਰ ਇਸ ਧੰਦੇ ਨੂੰ ਰੋਕਣ ਵਾਲੀਆਂ ਏਜੰਸੀਆਂ ਤੇ ਵਿਭਾਗਾਂ ਵਿਚ ਇਛਾ ਸ਼ਕਤੀ ਦੀ ਬਹੁਤ ਘਾਟ ਹੈ ਜਿਸ ਕਾਰਣ ਅਜ ਵੀ ਗੈਰ ਕਨੂੰਨੀ ਮਨੁਖੀ ਤਸਕਰੀ ਦਾ ਧੰਦਾ ਅਫਸ਼ਰ ਸ਼ਾਹੀ ਦੇ ਨੱਕ ਹੇਠਾਂ ਸ਼ਰੇਆਮ ਹੋ ਰਿਹਾ ਹੈ।ਸ: ਚਾਹਲ ਨੇ ਪੰਜਾਬ ਦੇ ਲੋਕਾਂ ਤੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪੰਜਾਬ ਵਿਚ ਗੈਰ ਕਨੂੰਨੀ ਮਨੁਖੀ ਤਸਕਰੀ ਦਾ ਧੰਦਾ ਇਸੇ ਤਰਾਂ ਹੀ ਜਾਰੀ ਰਿਹਾ ਤਾਂ ਇਕ ਹੋਰ ਮਾਲਟਾ ਕਾਂਡ ਵਰਗਾ ਦੁਖਾਂਤ ਵਾਪਰਨ ਤੋਂ ਬਚਿਆਂ ਨਹੀਂ ਜਾ ਸਕਦਾ।ਵੱਖ ਵੱਖ ਜੇਲਾਂ ਵਿਚ ਪਰਾਪਤ ਹੋਏ ਆਪਣੇ ਤਜਰਬੇ ਨੂੰ ਸਾਂਝਾ ਕਰਦਿਆਂ ਸ: ਚਾਹਲ ਨੇ ਦਸਿਆ ਕਿ ਜੇਲਾਂ ਵਿਚ ਜਿਹੜੇ ਭਾਰਤੀ ਮੂ਼ਲ ਦੇ ਲੋਕ ਨਜਰਬੰਦ ਹੋ ਜਾਂਦੇ ਹਨ ਉਹਨਾਂ ਵਿਚੋਂ ਜਿਆਂਦਾ ਮੈਕਸੀਕੋ ਤੋਂ ਅਮਰੀਕਾ ਦਾ ਬਾਰਡਰ ਪਾਰ ਕਰਦੇ ਸਮੇਂ ਨਜਰਬੰਦ ਕਰ ਲਏ ਜਾਂਦੇ ਹਨ ਤਾਂ ਕੁਝ ਇਕ ਅਮਰੀਕਾ ਅੰਦਰ ਅਮਰੀਕਾ ਦੇ ਇੰਮੀਗਰੇਸ਼ਨ ਕਨੂੰਨਾਂ ਦੀ ਉਲੰਘਣਾ ਕਰਦੇ ਹੋਏ ਗਰਿਫਤਾਰ ਕਰ ਲਏ ਜਾਂਦੇ ਹਨ।

98724-86727

# ਸਾਬਕਾ ਸਰਪੰਚ ਦੇ ਖਿਲਾਫ ਢਾਈ ਸਾਲ ਬਾਅਦ ਕੇਸ ਦਰਜ

ਮੋਗਾ, 14 ਨਵੰਬਰ (ਪੋਸਟ ਬਿਊਰੋ)- ਇਸ ਜ਼ਿਲੇ ਦੇ ਥਾਣਾ ਕੋਟ ਈਸੇ ਖਾਂ ਵਿੱਚ ਪੁਲਸ ਨੇ ਸਰਕਾਰੀ ਡਿਊਟੀ ਵਿੱਚ ਵਿਘਨ ਪਾਉਣ ਦੇ ਦੋਸ਼ ਹੇਠ ਇੱਕ ਸਾਬਕਾ ਸਰਪੰਚ ਖਿਲਾਫ ਢਾਈ ਸਾਲ ਬਾਅਦ ਕੇਸ ਦਰਜ ਕੀਤਾ ਹੈ। ਸ਼ਿਕਾਇਤ ਕਰਨ ਵਾਲਾ ਅਧਿਕਾਰੀ ਹੁਣ ਸੇਵਾਮੁਕਤ ਹੋ ਚੁੱਕਾ ਹੈ ਅਤੇ ਰਾਜ ਸਰਕਾਰ ਵੱਲੋਂ ਪੰਚਾਇਤਾਂ ਭੰਗ ਕਰ ਦੇਣ ਨਾਲ ਇਸ ਕੇਸ ਦਾ ਮੁਲਜ਼ਮ ਵੀ ਸਾਬਕਾ ਸਰਪੰਚ ਬਣ ਚੁੱਕਾ ਹੈ। ਪੁਲਸ ਦੇ ਮੁਤਾਬਕ ਪਿੰਡ ਬਲਖੰਡੀ ਦਾ ਸਰਪੰਚ ਜਗਸੀਰ ਸਿੰਘ ਸੰਤ ਜੂਨ 2016 ਨੂੰ ਬਲਾਕ ਵਿਕਾਸ ਅਤੇ ਪੰਚ-ਾਇਤ ਦਫਤਰ, ਕੋਟ ਈਸੇ ਖਾਂ ਵਿੱਚ ਕੁਝ ਦਸਤਾਵੇਜ਼ ਲੈ ਕੇ ਆਇਆ ਸੀ। ਉਸ ਵੇਲੇ ਇਨ੍ਹਾਂ ਵਿੱਚ ਤਰੁੱਟੀਆਂ ਮਿਲਣ ਕਾਰਨ ਸਰਕਾਰੀ ਸਟਾਫ ਨੇ ਫਾਈਲਾਂ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਉਸ ਵੇਲੇ ਸਰਪੰਚ ਨੇ ਰੋਹ ਵਿੱਚ ਆ ਕੇ ਆਪਣੇ ਉੱਤੇ ਅਤੇ ਦਫਤਰੀ ਅਮਲੇ ਉੱਤੇ ਤੇਲ ਛਿੜਕ ਕੇ ਅੱਗ ਲਾਉਣ ਦੀ ਧਮਕੀ ਦਿੱਤੀ ਸੀ।

# ਪੰਜਾਬ ਵਿੱਚ ਪੰਚਾਇਤ ਚੋਣਾਂ 15 ਦਸੰਬਰ ਤੋਂ ਪਹਿਲਾਂ ਹੋਣਗੀਆਂ

## ਅਫਸਰਾਂ ਨੂੰ ਸਰਪੰਚਾਂ ਦਾ ਰਾਖਵਾਂਕਰਨ ਮੁਕੰਮਲ ਕਰਨ ਦੇ ਨਿਰਦੇਸ਼

ਐਸ ਏ ਐਸ ਨਗਰ (ਮੁਹਾਲੀ), 14 ਨਵੰਬਰ, (ਪੋਸਟ ਬਿਊਰੋ)- ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਰਾਜ ਵਿੱਚ ਪੰਚਾਇਤਾਂ ਦੀਆਂ ਆਮ ਚੋਣਾਂ ਕਰਾਉਣ ਦਾ ਕੰਮ ਤੇਜ਼ ਕਰ ਦਿੱਤਾ ਹੈ। ਵਿਭਾਗ ਵੱਲੋਂ ਰਾਜ ਦੇ ਚੋਣ ਕਮਿਸ਼ਨ ਨੂੰ 15 ਦਸੰਬਰ ਤੱਕ ਪੰਚਾਇਤ ਚੋਣਾਂ ਕਰਾਉਣ ਲਈ ਪੱਤਰ ਲਿਖਣ ਪਿੱਛੋਂ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਸਰਪੰਚਾਂ ਦੇ ਅਹੁਦੇ ਦੇ ਰਾਖਵੇਂਕਰਨ ਦਾ ਕੰਮ 15 ਨਵੰਬਰ ਤੱਕ ਮੁਕੰਮਲ ਕਰਕੇ ਨੋਟੀਫ਼ਿਕੇਸ਼ਨ ਜਾਰੀ ਕਰਨ ਨੂੰ ਕਿਹਾ ਗਿਆ ਹੈ। ਜੁਲਾਈ ਵਿੱਚ ਭੰਗ ਹੋਈਆਂ ਪੰਚਾਇਤਾਂ ਦੀ ਚੋਣ ਦਸੰਬਰ ਵਿੱਚ ਹਰ ਹਾਲਤ ਵਿੱਚ ਕਰਾਉਣੀ ਪੈਣੀ ਹੈ।

ਇਸ ਬਾਰੇ ਵਿਭਾਗ ਦੇ ਸੂਤਰਾਂ ਅਨੁਸਾਰ ਚੋਣ ਕਮਿਸ਼ਨ ਕਿਸੇ ਵੀ ਸਮੇਂ ਪੰਚਾਇਤ ਚੋਣਾਂ ਦਾ ਐਲਾਨ ਕਰ ਸਕਦਾ ਹੈ। ਪੰਚਾਇਤ ਵਿਭਾਗ ਦੇ ਵਿੱਤ ਕਮਿਸ਼ਨਰ ਅਨੁਰਾਗ ਵਰਮਾ ਦੇ ਮੁਤਾਬਕ ਪੰਚਾਇਤ ਵਿਭਾਗ ਪੰਚਾਇਤੀ ਚੋਣਾਂ ਕਰਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ ਤੇ ਵਿਭਾਗੀ ਕਾਰਵਾਈਆਂ ਮੁਕੰਮਲ ਹਨ। ਉਨ੍ਹਾਂ ਦੱਸਿਆ ਕਿ ਪੰਚਾਇਤਾਂ ਜੁਲਾਈ ਵਿੱਚ ਭੰਗ ਕੀਤੀਆਂ ਸਨ ਤੇ ਵਿਭਾਗ ਨੇ ਰਾਜ ਦੇ ਚੋਣ ਕਮਿਸ਼ਨ ਨੂੰ ਪੱਤਰ ਲਿਖ ਕੇ 15 ਦਸੰਬਰ ਤੱਕ ਚੋਣਾਂ ਕਰਾਉਣ ਲਈ ਕਿਹਾ ਹੈ ਤੇ ਸਰਪੰਚਾਂ ਦੇ ਰਾਖਵੇਂਕਰਨ ਦਾ ਕੰਮ ਅਗਲੇ ਇੱਕ ਦੋ ਦਿਨਾਂ ਵਿੱਚ ਹੋ ਜਾਵੇਗਾ। ਪੰਚਾਇਤ ਵਿਭਾਗ ਦੇ ਵਿਸ਼ੇਸ਼ ਸਕੱਤਰ ਨੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਲਿਖਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਕੀਤੀ ਤਾਜ਼ਾ ਸੋਧ ਅਨੁਸਾਰ ਜ਼ਿਲ੍ਹਾ ਪੱਧਰ ਉੱਤੇ ਰਾਖਵੇਂਕਰਨ ਦਾ ਕੰਮ ਕਰਨਾ ਹੈ ਤੇ 15 ਦਸੰਬਰ ਤੱਕ ਪੰਚਾਇਤ ਚੋਣਾਂ ਲਈ 15 ਨਵੰਬਰ ਤੱਕ ਸਰਪੰਚ ਅਹੁਦਿਆਂ ਦਾ ਰਾਖਵਾਂਕਰਨ ਜ਼ਰੂਰੀ ਹੈ। ਉਨ੍ਹਾਂ ਡਿਪਟੀ ਕਮਿਸ਼ਨਰਾਂ ਨੂੰ ਤੈਅ ਮਿਤੀ ਤੱਕ ਰਾਖਵੇਂਕਰਨ ਦਾ ਨੋਟੀਫ਼ਿਕੇਸ਼ਨ ਪੂਰਾ ਕਰਕੇ ਇਸ ਦੀਆਂ ਕਾਪੀਆਂ ਰਾਜ ਦੇ ਚੋਣ ਕਮਿਸ਼ਨ ਤੇ ਪੰਚਾਇਤ ਵਿਭਾਗ ਨੂੰ ਭੇਜਣ ਨੂੰ ਕਿਹਾ ਹੈ। ਪੰਜਾਬ ਦੇ ਪ੍ਰਸੋਨਲ ਵਿਭਾਗ ਨੇ ਪੰਚਾਇਤ ਵਿਭਾਗ ਦੀ ਮੰਗ ਉੱਤੇ ਪੰਚਾਇਤੀ ਚੋਣਾਂ ਲਈ ਬਦਲੀਆਂ ਤੇ ਤਾਇਨਾਤੀਆਂ ਬਾਰੇ ਛੋਟਾਂ ਦੇ ਦਿੱਤੀਆਂ ਹਨ। ਵਿਭਾਗ ਨੇ ਪੰਚਾਇਤ ਵਿਭਾਗ ਦੇ ਵਿੱਤੀ ਕਮਿਸ਼ਨਰ ਨੂੰ ਲਿਖੇ ਪੱਤਰ ਵਿੱਚ ਪੰਚਾਇਤ ਵਿਭਾਗ ਦੇ ਕਰਮਚਾਰੀਆਂ ਦੀਆਂ ਬਦਲੀਆਂ ਅਤੇ ਤਾਇਨਾਤੀਆਂ ਬਾਰੇ ਦੋ ਸਾਲ ਦੀ ਸਟੇਅ ਤੋਂ ਛੋਟ ਦੇ ਦਿੱਤੀ ਹੈ ਅਤੇ ਚੋਣ ਜ਼ਾਬਤਾ ਲੱਗਣ ਤੱਕ ਵਿਭਾਗ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਆਪਣੀ ਲੋੜ ਅਨੁਸਾਰ ਬਦਲੀਆਂ ਅਤੇ ਨਿਯੁਕਤੀਆਂ ਕਰ ਸਕੇਗਾ।

ਸਰਪੰਚਾਂ ਦੇ ਰਾਖਵੇਂਕਰਨ ਦਾ ਕੰਮ ਮੁਕੰਮਲ ਕਰਨ ਦੀਆਂ ਹਦਾਇਤਾਂ ਪਿੱਛੋਂ ਸਰਪੰਚੀ ਚੋਣ ਲੜਨ ਦੇ ਚਾਹਵਾਨਾਂ ਨੇ ਵਿਧਾਇਕਾਂ ਵੱਲ ਦੌੜਾ ਲਾ ਦਿੱਤੀਆਂ ਹਨ। ਉਨ੍ਹਾਂ ਵੱਲੋਂ ਆਪੋ ਆਪਣੇ ਪਿੰਡਾਂ ਨੂੰ ਜਨਰਲ ਜਾਂ ਫ਼ਿਰ ਆਪਣੀ ਮਰਜ਼ੀ ਅਨੁਸਾਰ ਰਿਜ਼ਰਵ ਕਰਾਉਣ ਦਾ ਦਬਾਅ ਦਿੱਤਾ ਜਾ ਰਿਹਾ ਹੈ। ਵਿਧਾਇਕਾਂ ਵੱਲੋਂ ਵੀ ਆਪਣੇ ਸਮਰਥਕਾਂ ਨੂੰ ਸਰਪੰਚ ਬਣਾਉਣ ਲਈ ਰਾਖਵੇਂਕਰਨ ਵੱਲ ਧਿਆਨ ਦਿੱਤਾ ਜਾ ਰਿਹਾ ਹੈ। ਇਸ ਵਾਰ ਪੰਜਾਹ ਫ਼ੀਸਦੀ ਸੀਟਾਂ ਔਰਤਾਂ ਲਈ ਰਾਖਵੀਆਂ ਹੋਣ ਕਰ ਕੇ ਹਾਕਮ ਪਾਰਟੀ ਦੇ ਵਿਧਾਇਕ ਆਪਣੇ ਸਮਰਥਕਾਂ ਨੂੰ ਔਰਤਾਂ ਨੂੰ ਖੜੇ ਕਰਨ ਦੀਆਂ ਹਦਾਇਤਾਂ ਦੇ ਰਹੇ ਹਨ।

# ਪ੍ਰਦੂਸ਼ਣ ਦੇ ਦੋਸ਼ ਹੇਠ ਐਨ ਜੀ ਟੀ ਵੱਲੋਂ ਪੰਜਾਬ ਸਰਕਾਰ ਨੂੰ 50 ਕਰੋੜ ਰੁਪਏ ਜੁਰਮਾਨਾ

ਜਲੰਧਰ, 14 ਨਵੰਬਰ, (ਪੋਸਟ ਬਿਊਰੋ)- ਪੰਜਾਬ ਵਿਚਲੇ ਸਤਲੁਜ ਤੇ ਬਿਆਸ ਦਰਿਆਵਾਂ ਦੇ ਪਾਣੀਆਂ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ ਜੀ ਟੀ) ਨੇ ਅੱਜ ਅਹਿਮ ਫੈਸਲਾ ਦੇਂਦੇ ਹੋਏ ਪੰਜਾਬ ਸਰਕਾਰ ਨੂੰ 50 ਕਰੋੜ ਰੁਪਏ ਦਾ ਜੁਰਮਾਨਾ ਕੀਤਾ ਹੈ। ਇਹ ਪਹਿਲੀ ਵਾਰ ਹੈ, ਜਦੋਂ ਪੰਜਾਬ ਦੇ ਦਰਿਆਵਾਂ ਵਿਚ ਗੰਦ ਪਾਉਣ ਦੇ ਬਦਲੇ ਏਨੀ ਮੋਟੀ ਰਕਮ ਦਾ ਜੁਰਮਾਨਾ ਲਾਇਆ ਗਿਆ ਹੈ।

ਰਾਜਸਥਾਨ ਤੋਂ ਸ੍ਰੀਮਤੀ ਸੋਭਾ ਸਿੰਘ ਨੇ 19 ਮਈ 2014 ਨੂੰ ਐਨ ਜੀ ਟੀ ਵਿੱਚ ਕੇਸ ਕੀਤਾ ਸੀ ਕਿ ਰਾਜਸਥਾਨ ਨੂੰ ਪੰਜਾਬ ਤੋਂ ਆ ਰਹੀ ਨਹਿਰ ਵਿੱਚ ਗੰਦਾ ਤੇ ਜ਼ਹਿਰੀਲਾ ਪਾਣੀ ਆ ਰਿਹਾ ਹੈ। ਚਾਰ ਸਾਲ ਐਨ ਜੀ ਟੀ ਵਿੱਚ ਕੇਸ ਚੱਲਦਾ ਰਿਹਾ। ਜੁਲਾਈ 2018 ਨੂੰ ਐਨ ਜੀ ਟੀ ਨੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਨੋਡਲ ਏਜੰਸੀ ਬਣਾ ਕੇ ਨਿਗਰਾਨ ਕਮੇਟੀ ਬਣਾਈ ਸੀ, ਜਿਸ ਦਾ ਵਾਤਾਵਰਣ ਪ੍ਰੇਮੀ ਬਲਬੀਰ ਸਿੰਘ ਸੀਚੇਵਾਲ ਨੂੰ ਵੀ ਮੈਂਬਰ ਲਿਆ ਸੀ। ਸੰਤ ਸੀਚੇਵਾਲ ਨੇ ਸਤਲੁਜ ਤੇ ਬਿਆਸ ਦਰਿਆ ਦੇ ਦੁਆਲੇ ਲੱਗੇ 44 ਟਰੀਟਮੈਂਟ ਪਲਾਂਟਾਂ ਦਾ ਦੌਰਾ ਕੀਤਾ ਤਾਂ ਸਿਰਫ ਇਕ ਟਰੀਟਮੈਂਟ ਪਲਾਂਟ ਸਹੀ ਚੱਲ ਰਿਹਾ ਸੀ। ਸੰਤ ਸੀਚੇਵਾਲ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਲੋਕਲ ਬਾਡੀਜ਼ ਵਿਭਾਗ ਦੇ ਅਧਿਕਾਰੀਆਂ, ਸੀਵਰੇਜ ਬੋਰਡ ਅਤੇ ਹੋਰ ਵਿਭਾਗਾਂ ਦੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਦਰਿਆਵਾਂ ਵਿਚ ਗੰਦਾ ਪਾਣੀ ਪੈਣੋਂ ਰੋਕਣ ਲਈ ਬਣੇ 1974 ਦੇ ਕਾਨੂੰਨ ਨੂੰ ਲਾਗੂ ਕਰਨ ਵੱਲ ਧਿਆਨ ਦੇਣ।

ਇਸ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਹਿਮਾਚਲ ਪ੍ਰਦੇਸ਼ ਤੋਂ ਵੱਡੀ ਮਾਤਰਾ ਵਿੱਚ ਸ਼ਹਿਰਾਂ ਤੇ ਫੈਕਟਰੀਆਂ ਦਾ ਗੰਦ ਸਤਲੁਜ ਤੇ ਬਿਆਸ ਵਿੱਚ ਪੈਂਦਾ ਹੈ। ਕੁਝ ਸਾਲਾਂ ਤੋਂ ਪੰਜਾਬ ਨੂੰ ਆਉਂਦੇ ਦਰਿਆਵਾਂ ਦਾ ਪਾਣੀ 'ਏ' ਤੋਂ 'ਬੀ' ਗਰੇਡ ਹੋ ਗਿਆ ਹੈ। ਸੀਚੇਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਲੱਗਾ ਜੁਰਮਾਨਾ ਇਸ ਸਮੱਸਿਆ ਦਾ ਹੱਲ ਨਹੀਂ। ਦਰਿਆਵਾਂ ਨੂੰ ਗੰਦਾ ਤੇ ਜ਼ਹਿਰੀਲਾ ਕਰਨ ਵਾਲੇ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੇ ਜਵਾਬਦੇਹੀ ਤੈਅ ਕੀਤੀ ਜਾਣੀ ਚਾਹੀਦੀ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Daljit Singh President
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton. Tel: 905-460-1414
HEAD OFFICE: 905-874-9878
Toll Free: 1-877-799-9878, www.skydomeauto.ca

Paramjit Deol CELL: 416-993-7378
Broker 7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

BRAMPTON $89,000 — Photo Not Available — Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੈਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।
HAMILTON $25/Sq Ft. — 135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।
BRAMPTON $2,500 — 85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।
BRAMPTON $54,900 — 255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੌਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।
BRAMPTON $249,000 — Photo Not Available — 10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।
PICKERING $59,000 — 1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ। ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।
BRAMPTON $541,800 — Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਊਨ ਹਾਊਸ, ਕੁਆਰਟਜ਼ ਕਾਊਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।
AJAX $169,900 — Photo Not Available — 44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।
KITCHENER $369,999 — Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਊਨ ਹਾਊਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।
TORONTO $508,775 — Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।
BRAMPTON $629,000 — 60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੂਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।
TORONTO $825,000 — Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੁਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।
BRAMPTON $179,000 — Photo Not Available — 384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।
TORONTO $944,000 — Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!
BRAMPTON $849,000 — Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।
CALEDON $1,009,999 — Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

## "ਸੀ.ਆਰ.ਟੀ.ਸੀ. ਨੂੰ ਇੰਟਰਨੈੱਟ ਪ੍ਰੋਵਾਈਡਰਾਂ ਵੱਲੋਂ 'ਕੋਡ ਆਫ਼ ਕੰਡੱਕਟ' ਲਈ ਤੁਹਾਡੇ ਵਿਚਾਰਾਂ ਦੀ ਜ਼ਰੂਰਤ ਹੈ" : ਸੋਨੀਆ ਸਿੱਧੂ



ਬਰੈਂਪਟਨ, -ਸੀ.ਸੀ.ਟੀ.ਐੱਸ. ਦੀ 2016-17 ਦੀ ਸਲਾਨਾ ਰਿਪੋਰਟ ਵਿਚ ਇੰਟਰਨੈੱਟ ਸੇਵਾਵਾਂ ਬਾਰੇ ਸ਼ਿਕਾਇਤਾਂ ਵਿਚ ਪਿਛਲੇ ਸਾਲ ਨਾਲੋਂ 38% ਵਾਧਾ ਹੋਣ 'ਤੇ ਕੈਨੇਡੀਅਨ ਰੇਡੀਓ ਐਂਡ ਟੈਲੀਵਿਜ਼ਨ ਕਮਿਸ਼ਨ (ਸੀ.ਆਰ.ਟੀ.ਸੀ.) ਨੇ ਐਲਾਨ ਕੀਤਾ ਹੈ ਕਿ ਉਹ ਇੰਟਰਨੈੱਟ ਸਰਵਿਸਿਜ਼ ਬਾਰੇ ਸ਼ਿਕਾਇਤਾਂ ਨੂੰ ਦੂਰ ਕਰਨ ਲਈ ਯੋਗ ਕਾਰਵਾਈ ਕਰ ਰਿਹਾ ਹੈ। ਨਤੀਜੇ ਵਜੋਂ, ਉਸ ਦੇ ਵੱਲੋਂ ਇੰਟਰਨੈੱਟ ਸਰਵਿਸਿਜ਼ ਪ੍ਰੋਵਾਈਡਰਾਂ ਲਈ ਕੋਡ ਆਫ਼ ਕੰਡੱਕਟ ਜ਼ਰੂਰੀ ਬਨਾਉਣ ਲਈ ਕੈਨੇਡਾ-ਵਾਸੀਆਂ ਨੂੰ ਇਸ ਦੇ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਕਿਹਾ ਗਿਆ ਹੈ।

ਇਸ ਦੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਹੋਇਆਂ ਬਰੈਂਪਟਨ ਦੀ ਪਾਰਲੀਮੈਂਟ ਮੈਂਬਰ ਸੋਨੀਆ ਸਿੱਧੂ ਨੇ ਕਿਹਾ,"ਇੰਟਰਨੈੱਟ ਕੋਡ ਕੰਜ਼ਿਊਮਰ-ਫ਼ਰੈਂਡਲੀ ਬਿਜ਼ਨੈੱਸ ਕਦਰਾਂ-ਕੀਮਤਾਂ ਸਥਾਪਿਤ ਕਰੇਗਾ। ਬਿੱਲ ਮੈਨੇਜਮੈਂਟ ਟੂਲਜ਼, ਨੋਟੀਫ਼ੀਕੇਸ਼ਨਾਂ ਅਤੇ ਇਕੁਇਪਮੈਂਟ ਮੁੱਦਿਆਂ ਤੋਂ ਲੈ ਕੇ ਪ੍ਰਾਈਸਿੰਗ ਦੀ ਕਲੈਰਿਟੀ ਤੱਕ ਅਤੇ ਸਰਵਿਸ-ਕਾਲਾਂ ਦੇ ਮਸਲਿਆਂ ਬਾਰੇ ਮੈਂ ਕੈਨੇਡਾ-ਵਾਸੀਆਂ ਨੂੰ ਆਪਣੇ ਵਿਚਾਰ ਸੀ.ਆਰ.ਟੀ.ਸੀ. ਨਾਲ ਸਾਂਝੇ ਕਰਨ ਲਈ ਸੱਦਾ ਦਿੰਦੀ ਹਾਂ ਤਾਂ ਜੋ ਅਸੀਂ ਇਕ ਅਜਿਹਾ ਸਿਸਟਮ ਬਣਾ ਸਕੀਏ ਜੋ ਸਾਰਿਆਂ ਲਈ ਕਾਰਜਸ਼ੀਲ ਹੋਵੇ।"

ਸੀ.ਆਰ.ਟੀ.ਸੀ. ਵੱਲੋਂ ਲਿਆ ਜਾ ਰਿਹਾ ਅਹਿਮ ਕਦਮ ਇਸ ਮਸਲੇ 'ਤੇ ਉਸ ਦੇ ਵੱਲੋਂ ਕੀਤੀ ਜਾ ਰਹੀ ਇਨਕੁਆਇਰੀ ਤੋਂ ਇਲਾਵਾ ਹੈ ਜਿਹੜੀ ਕਿ 28 ਫ਼ਰਵਰੀ 2019 ਨੂੰ ਪੂਰੀ ਹੋਵੇਗੀ। ਇਸ ਇਨਕੁਆਇਰੀ ਤੋਂ ਬਾਅਦ ਸਰਕਾਰ ਨੂੰ ਰਿਪੋਰਟ ਪੇਸ਼ ਕੀਤੀ ਜਾਏਗੀ ਜਿਸ ਵਿਚ ਕੈਨੇਡਾ ਦੇ ਖ਼ਪਤਕਾਰਾਂ ਦੇ ਹੱਕ ਸੁਰੱਖ਼ਿਅਤ ਰੱਖਣ ਅਤੇ ਉਨ੍ਹਾਂ ਨੂੰ ਸਹੀ ਜਾਣਕਾਰੀ ਦੇਣ ਲਈ ਯੋਗ ਹੱਲ ਸੁਝਾਏ ਜਾਣਗੇ।

ਇਸ ਦੇ ਬਾਰੇ ਵਿਚਾਰ-ਵਟਾਂਦਰਾ ਕਰਨ ਅਤੇ ਬਹਿਸ ਨੂੰ ਅੱਗੇ ਤੋਰਨ ਲਈ ਸੀ.ਆਰ.ਟੀ.ਸੀ. ਨੇ 'ਇੰਟਰਨੈੱਟ ਕੋਡ ਵਰਕਿੰਗ ਡਾਕੂਮੈਂਟ' ਤਿਆਰ ਕੀਤਾ ਹੈ ਜਿਹੜਾ ਕਿ ਵਾਇਰਲੈੱਸ ਕੋਡ ਅਤੇ ਟੈਲੀਵਿਜ਼ਨ ਸਰਵਿਸ ਪ੍ਰੋਵਾਈਡਰ ਕੋਡ ਵਿਚ ਦਰਜ ਸੇਵਾ-ਸ਼ਰਤਾਂ ਦੇ ਆਧਾਰਿਤ ਹੈ।

ਕੈਨੇਡਾ-ਵਾਸੀ ਆਪਣੇ ਵਿਚਾਰ 19 ਦਸੰਬਰ 2018 ਤੀਕ ਹੇਠ-ਲਿਖੇ ਤਰੀਕਿਆਂ ਨਾਲ ਭੇਜ ਸਕਦੇ ਹਨ:

- ਉਹ ਇਸ ਸਬੰਧੀ ਔਨ-ਲਾਈਨ ਫ਼ਾਰਮ ਭਰ ਸਕਦੇ ਹਨ।
- ਉਹ ਆਪਣੇ ਵਿਚਾਰ ਲਿਖਤੀ-ਰੂਪ ਵਿਚ ਸੀ.ਆਰ.ਟੀ.ਸੀ. ਦੇ ਡਾਇਰੈੱਕਟਰ ਜਨਰਲ, ਔਟਵਾ ਨੂੰ ਭੇਜ ਸਕਦੇ ਹਨ।
- ਉਹ ਆਪਣੇ ਵਿਚਾਰ (819) 994-0218 'ਤੇ ਫ਼ੈਕਸ ਵੀ ਕਰ ਸਕਦੇ ਹਨ।

ਇੱਥੇ ਇਹ ਜ਼ਿਕਰਯੋਗ ਹੈ ਕਿ ਸੀ.ਆਰ.ਟੀ.ਸੀ. ਟੈਲੀਕਮਿਊਨੀਕੇਸ਼ਨ ਸੇਵਾਵਾਂ ਨੂੰ ਰੈਗੂਲੇਟ ਕਰਨ ਅਤੇ ਵਾਇਰਲੈੱਸ ਕੋਡ ਆਫ਼ ਕੰਡੱਕਟ ਵਰਗੇ ਢੰਗ ਤਰੀਕੇ ਲਾਗੂ ਕਰਨ ਲਈ ਜ਼ਿੰਮੇਵਾਰ ਹੈ।

## ਫ਼ੈੱਡਰਲ ਮੰਤਰੀ ਮੈਰੀ ਏਂਗ ਛੋਟੇ ਬਿਜਨੈੱਸ ਮਾਲਕਾਂ ਨੂੰ ਮਿਲਣ ਲਈ ਬਰੈਂਪਟਨ ਪਹੁੰਚੇ

ਬਰੈਂਪਟਨ, - ਬਰੈਂਪਟਨ ਸਾਊਥ ਦੀ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਨੇ ਬਰੈਂਪਟਨ ਦੇ ਛੋਟੇ ਬਿਜ਼ਨੈੱਸਾਂ ਦੇ ਮਾਲਕਾਂ ਨਾਲ ਮੀਟਿੰਗ ਕਰਨ ਲਈ ਸਮਾਲ ਬਿਜ਼ਨੈੱਸ ਐਂਡ ਐਕਸਪੋਰਟ ਪ੍ਰੋਮੋਸ਼ਨ ਮਨਿਸਟਰ ਮੈਰੀ ਏਂਗ ਦੇ ਇੱਥੇ ਪਹੁੰਚਣ 'ਤੇ ਭਰਵਾਂ ਸੁਆਗਤ ਕੀਤਾ। ਇਸ ਮੀਟਿੰਗ ਨਾਲ ਮੰਤਰੀ ਮੈਰੀ ਏਂਗ ਅਤੇ ਐੱਮ.ਪੀ. ਸੋਨੀਆ ਸਿੱਧੂ ਨੂੰ ਛੋਟੇ ਬਿਜ਼ਨੈੱਸਮੈਨਾਂ ਨਾਲ ਸਿੱਧੀ ਗੱਲਬਾਤ ਕਰਕੇ ਉਨ੍ਹਾਂ ਕੋਲੋਂ ਫ਼ੀਡਬੈਕ ਲੈਣ ਅਤੇ ਕੈਨੇਡਾ ਸਰਕਾਰ ਦੇ ਛੋਟੇ ਬਿਜ਼ਨੈੱਸਾਂ ਨੂੰ ਸ਼ੁਰੂ ਕਰਨ, ਇਨ੍ਹਾਂ ਨੂੰ ਅੱਗੇ ਵਧਾਉਣ ਅਤੇ ਇਨ੍ਹਾਂ ਦੀ ਨਵੀਆਂ ਮੰਡੀਆਂ ਤੱਕ ਪਹੁੰਚ ਕਰਨ ਸਬੰਧੀ ਪ੍ਰੋਗਰਾਮਾਂ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਬਹੁਤ ਵਧੀਆ ਅਵਸਰ ਮਿਲਿਆ। ਇਹ ਮੀਟਿੰਗ ਬਰੈਂਪਟਨ ਦੇ ਡਾਊਨ ਟਾਊਨ ਵਿਖੇ ਹੋਈ ਜਿਸ ਵਿਚ ਸਥਾਨਕ ਛੋਟੇ ਬਿਜ਼ਨੈੱਸਾਂ ਦੇ ਮਾਲਕ, ਛੋਟੇ ਉਦਯੋਗਪਤੀ, ਟੈਕਨਾਲੌਜੀ ਨਾਲ ਸਬੰਧਿਤ ਮਾਹਿਰ ਅਤੇ ਔਰਤ ਜੱਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਹੋਏ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਸੋਨੀਆ ਸਿੱਧੂ ਨੇ ਕਿਹਾ,"ਛੋਟੇ ਬਿਜ਼ਨੈੱਸ ਸਾਡੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ ਅਤੇ ਇਹ ਕੈਨੇਡਾ ਦੇ ਬਿਜ਼ਨੈੱਸ-ਸਮੂਹ ਦਾ 98% ਬਣਦੇ ਹਨ। ਇਨ੍ਹਾਂ ਵਿਚ ਰੈਸਟੋਰੈਂਟ, ਸਟੋਰ, ਵੱਖ-ਵੱਖ ਸੇਵਾਵਾਂ ਅਤੇ ਕਲਾਵਾਂ ਸ਼ਾਮਲ ਹਨ। ਅਸੀਂ ਉਨ੍ਹਾਂ ਲੋਕਾਂ ਨੂੰ ਸਿੱਧੇ ਮਿਲਣ ਲਈ ਵਚਨਬੱਧ ਹਾਂ ਜਿਹੜੇ ਇਨ੍ਹਾਂ ਨਾਲ ਸਬੰਧਿਤ ਮਸਲਿਆਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਅਤੇ ਕੈਨੇਡਾ-ਵਾਸੀਆਂ ਦੀਆਂ ਜ਼ਰੂਰਤਾਂ ਨੂੰ ਸਮਝਦੇ ਹਨ। ਏਸੇ ਲਈ ਅਸੀਂ 'ਲਾਲ-ਫ਼ੀਤਾਸ਼ਾਹੀ' ਨੂੰ ਘੱਟ ਕਰਨ ਅਤੇ ਛੋਟੇ ਬਿਜ਼ਨੈੱਸਮੈਨਾਂ ਵੱਲੋਂ ਹੋਰ ਨੌਕਰੀਆਂ ਪੈਦਾ ਕਰਨ ਅਤੇ ਦੇਸ਼ ਵਿਚ ਖ਼ੁਸ਼ਹਾਲੀ ਲਿਆਉਣ ਲਈ ਕੰਮ ਕਰਨ ਵੱਲ ਤਵੱਜੋਂ ਦੇਣ ਲਈ ਸਖ਼ਤ ਮਿਹਨਤ ਕਰ ਰਹੇ ਹਾਂ।"

ਉਨ੍ਹਾਂ ਦੱਸਿਆ ਕਿ ਇਸ ਸਾਲ ਅਸੀ ਛੋਟੇ ਬਿਜ਼ਨੈੱਸਾਂ 'ਤੇ ਬਿਜ਼ਨੈੱਸ ਰੇਟ ਟੈਕਸ ਘੱਟ ਕਰਕੇ 9% ਕਰ ਦਿੱਤਾ ਹੈ ਅਤੇ ਪੇਅਮੈਂਟ ਕਾਰਡ ਕੰਪਨੀਆਂ ਨੂੰ ਬਿਜ਼ਨੈੱਸ ਅਦਾਰਿਆਂ ਲਈ ਕੱਸਟਮਰ-ਯੂਜ਼ ਲਈ ਕਰੈਡਿਟ ਕਾਰਡਾਂ ਦੀ ਫ਼ੀਸ ਵੀ ਘੱਟ ਕਰਨ ਲਈ ਕਿਹਾ ਹੈ। ਇਸ ਦੇ ਨਾਲ ਇਨ੍ਹਾਂ ਬਿਜ਼ਨੈੱਸ ਅਦਾਰਿਆਂ ਨੂੰ 7500 ਡਾਲਰ ਤੱਕ ਸਲਾਨਾ ਬੱਚਤ ਹੋਵੇਗੀ।

ਇਸ ਤੋਂ ਪਹਿਲਾਂ ਦਿਨ ਵੇਲੇ ਮੰਤਰੀ ਮੈਰੀ ਏਂਗ ਬਰੈਂਪਟਨ ਬੋਰਡ ਆਫ਼ ਟਰੇਡ ਨੂੰ ਮਿਲੇ ਅਤੇ ਬਰੈਂਪਟਨ ਦੇ ਛੋਟੇ ਬਿਜ਼ਨੈੱਸਮੈਨਾਂ ਨਾਲ ਸਵਾਲਾਂ-ਜੁਆਬਾਂ ਦਾ ਸੈਸ਼ਨ ਕੀਤਾ। ਇਸ ਦੇ ਨਾਲ ਹੀ ਸ਼ਾਮ ਨੂੰ ਮਾਣਯੋਗ ਮੰਤਰੀ ਨੇ ਬਰੈਂਪਟਨ ਦੇ ਪਾਰਲੀਮੈਂਟ ਮੈਂਬਰਾਂ ਸਮੇਤ ਕੈਨੇਡਾ-ਇੰਡੀਆ ਐਕਸਪੋਰਟ ਬਿਜ਼ਨੈੱਸ ਕਮਿਊਨਿਟੀ ਨਾਲ ਰਾਊਂਡ-ਟੇਬਲ ਗੱਲਬਾਤ ਕੀਤੀ।

## ਉਜਾਗਰ ਸਿੰਘ ਦਾ ਪਟਿਆਲਾ ਰਤਨ ਅਵਾਰਡ ਨਾਲ ਸਨਮਾਨ



ਪਟਿਆਲਾ, 12 ਨਵੰਬਰ (ਪੋਸਟ ਬਿਊਰੋ): ਪੰਜਾਬ ਰਾਈਟਰਜ਼ ਐਂਡ ਕਲਚਰਲ ਫੋਰਮ ਨੇ ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ ਉਜਾਗਰ ਸਿੰਘ ਨੂੰ ਨਾਰਥ ਜੋਨ ਕਲਚਰ ਸੈਂਟਰ ਦੇ ਆਡੋਟੋਰੀਅਮ ਵਿਚ ਆਯੋਜਤ ਇਕ ਸਮਾਗਮ ਵਿਚ ਉਨ੍ਹਾਂ ਦੀਆਂ ਸਮਾਜ ਸੇਵਾ ਦੇ ਖੇਤਰ ਵਿਚ ਕੀਤੀਆਂ ਸੇਵਾਵਾਂ ਖਾਸ ਤੌਰ ਤੇ ਪੰਜਾਬ ਦੇ ਭਖਦੇ ਮਸਲਿਆਂ ਬਾਰੇ ਅਖ਼ਬਾਰਾਂ ਵਿਚ ਲਿਖੇ ਲੇਖਾਂ ਦੇ ਵਿਲੱਖਣ ਯੋਗਦਾਨ ਕਰਕੇ ਪਟਿਆਲਾ ਰਤਨ ਅਵਾਰਡ ਦੇ ਕੇ ਸਨਮਾਨਤ ਕੀਤਾ। ਇਹ ਸਨਮਾਨ ਚਿੰਨ੍ਹ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੰਵਰ ਪਾਲ ਸਿੰਘ ਅਤੇ ਮਹਾਰਾਣੀ ਪਰਨੀਤ ਕੌਰ ਸਾਬਕਾ ਵਿਦੇਸ਼ ਰਾਜ ਮੰਤਰੀ ਨੇ ਭੇਂਟ ਕੀਤਾ। ਇਸ ਮੌਕੇ ਤੇ ਉਨ੍ਹਾਂ ਨਾਲ ਪੰਜਾਬ ਰਾਈਟਰਜ਼ ਐਂਡ ਕਲਚਰਲ ਫੋਰਮ ਦੇ ਫਾਊਂਡਰ ਚੇਅਰਮੈਨ ਵੇਦ ਪ੍ਰਕਾਸ਼ ਗੁਪਤਾ ਵੀ ਸਨ।

## ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦਾ ਸਮਾਗ਼ਮ 18 ਨੂੰ

### ਪੰਜਾਬੀ ਕਵਿਤਾ ਬਾਰੇ ਸੁਖਮਿੰਦਰ ਰਾਮਪੁਰੀ ਤੇ ਅਮਰਜੀਤ ਕੌਰ ਘੁੰਮਣ ਵਿਚਾਰ ਪੇਸ਼ ਕਰਨਗੇ ਤੇ ਕਵੀ ਦਰਬਾਰ ਹੋਵੇਗਾ

ਬਰੈਂਪਟਨ, (ਡਾ. ਝੰਡ) -ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦਾ ਮਹੀਨਾਵਾਰ ਸਮਾਗ਼ਮ 21 ਕੋਵੈਂਟਰੀ ਰੋਡ ਸਥਿਤ ਐੱਫ਼.ਬੀ.ਆਈ. ਸਕੂਲ ਵਿਚ ਆਉਂਦੇ ਐਤਵਾਰ 18 ਨਵੰਬਰ ਨੂੰ ਬਾਅਦ ਦੁਪਹਿਰ 1.00 ਵਜੇ ਤੋਂ 4.00 ਵਜੇ ਤੱਕ ਹੋਵੇਗਾ। ਇਸ ਵਿਚ ਉੱਘੇ ਕਵੀ ਸੁਖਮਿੰਦਰ ਰਾਮਪੁਰੀ ਅਤੇ ਪੰਜਾਬ ਤੋਂ ਆਈ ਕਵਿੱਤਰੀ ਅਮਰਜੀਤ ਕੌਰ ਘੁੰਮਣ ਪੰਜਾਬੀ ਕਵਿਤਾ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਉਪਰੰਤ, ਹਾਜ਼ਰੀਨ ਵਿੱਚੋਂ ਵੀ ਇਸ ਵਿਸ਼ੇ 'ਤੇ ਹੋਣ ਵਾਲੇ ਵਿਚਾਰ-ਵਟਾਂਦਰੇ ਵਿਚ ਭਾਗ ਲਿਆ ਜਾਏਗਾ।

ਸਮਾਗ਼ਮ ਦੇ ਦੂਸਰੇ ਭਾਗ ਵਿਚ ਕਵੀ-ਦਰਬਾਰ ਹੋਵੇਗਾ ਜਿਸ ਬਿਵ ਕਵੀਜਨ ਅਤੇ ਗਾਇਕ ਆਪਣੀਆਂ ਰਚਨਾਵਾਂ ਸਾਂਝੀਆਂ ਕਰਨਗੇ। ਸਮੂਹ ਪੰਜਾਬੀ ਪ੍ਰੇਮੀਆਂ ਨੂੰ ਇਸ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਲਈ 647-300-2525, 905-497-1216 ਜਾਂ 416-904-3500 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਯੂਨਾਈਟਿਡ ਸਪੋਰਟਸ, ਸਿੱਖ ਸਪੋਰਟਸ ਤੇ ਪੰਜਾਬ ਸਪੋਰਟਸ ਕੈਨੇਡਾ ਵੱਲੋਂ ਮੇਅਰ ਪੈਟ੍ਰਿਕ ਬਰਾਊਨ ਲਈ ਕੀਤਾ ਗਿਆ ਸੁਆਗ਼ਤੀ-ਡਿਨਰ







ਬਰੈਂਪਟਨ, (ਡਾ.ਝੰਡ) -ਬੀਤੇ ਸੋਮਵਾਰ 12 ਨਵੰਬਰ ਨੂੰ ਯੂਨਾਈਟਿਡ ਸਪੋਰਟਸ ਕਲੱਬ, ਸਿੱਖ ਸਪੋਰਟਸ ਕਲੱਬ, ਪੰਜਾਬ ਸਪੋਰਟਸ ਕੈਨੇਡਾ, ਗੁਰੂ ਨਾਨਕ ਕਮਿਊਨਿਟੀ ਸਰਵਿਸਿਜ਼ ਫ਼ਾਊਂਡੇਸ਼ਨ ਅਤੇ ਪਟਿਆਲਾ-ਫ਼ਤਿਹਗੜ੍ਹ ਸਪੋਰਟਸ ਐਂਡ ਕਲਚਰਲ ਕਲੱਬ ਵੱਲੋਂ ਸਾਂਝੇ ਤੌਰ 'ਤੇ ਸ਼ਿੰਗਾਰ ਬੈਂਕੁਇਟ ਹਾਲ ਵਿਚ ਕਰਵਾਏ ਗਏ ਇਕ ਸਮਾਗ਼ਮ ਵਿਚ ਬਰੈਂਪਟਨ ਦੇ ਨਵੇਂ ਬਣੇ ਮੇਅਰ ਪੈਟ੍ਰਿਕ ਬਰਾਊਨ ਦਾ ਭਰਵਾਂ ਸੁਆਗ਼ਤ ਕੀਤਾ ਗਿਆ ਅਤੇ ਉਨ੍ਹਾਂ ਦੇ ਮਾਣ ਵਿਚ ਸ਼ਾਨਦਾਰ ਡਿਨਰ ਪਾਰਟੀ ਕੀਤੀ ਗਈ। ਸਮਾਗ਼ਮ ਵਿਚ ਪੈਟ੍ਰਿਕ ਬਰਾਊਨ ਤੋਂ ਇਲਾਵਾ ਉਨ੍ਹਾਂ ਦੀ ਨਵ-ਵਿਆਹੀ ਪਤਨੀ ਅਤੇ ਵਾਰਡ 7-8 ਤੋਂ ਜੇਤੂ ਰੀਜਨਲ ਕਾਊਂਸਲਰ ਪੈਟ ਫ਼ੋਰਟਿਨੀ ਵੀ ਸ਼ਾਮਲ ਹੋਏ।

ਇਸ ਮੌਕੇ ਬੁਲਾਰਿਆਂ ਵਿਚ ਸ਼ਾਮਲ ਪੈਟ ਫ਼ੋਰਟਿਨੀ, ਮੇਜਰ ਸਿੰਘ ਨਾਗਰਾ, ਪਰਮਜੀਤ ਸਿੰਘ ਸ਼ੇਰਗਿੱਲ, ਪਰਮਜੀਤ ਸਿੰਘ ਢਿੱਲੋਂ, ਪ੍ਰਵੀਨ ਸ਼ਰਮਾ ਅਤੇ ਬੀਬੀ ਹਰਵਿੰਦਰ ਕੌਰ ਬਾਜਵਾ ਨੇ ਪੈਟ੍ਰਿਕ ਬਰਾਊਨ ਦਾ ਸੁਆਗ਼ਤ ਕਰਦਿਆਂ ਹੋਇਆਂ ਨਾਲ ਦੀ ਨਾਲ ਬਰੈਂਪਟਨ ਵਿਚ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਵੀ ਜਾਣੂੰ ਕਰਵਾਇਆ ਜਿਨ੍ਹਾਂ ਵਿਚ ਮੁੱਖ ਤੌਰ 'ਤੇ ਬਰੈਂਪਟਨ ਵਿਚ ਨੌਕਰੀਆਂ ਦੀ ਘਾਟ, ਸਿਹਤ-ਸੇਵਾਵਾਂ ਦੀ ਕਮੀ, ਹਿੰਸਕ ਘਟਨਾਵਾਂ ਦੀ ਬਹੁਤਾਤ, ਯੂਨੀਵਰਸਿਟੀ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਪੇਸ਼ ਆ ਰਹੀਆਂ ਅੜਚਣਾਂ, ਟਰੈਫ਼ਿਕ ਦੀਆਂ ਸਮੱਸਿਆਵਾਂ ਅਤੇ ਦੂਸਰੇ ਸ਼ਹਿਰਾਂ ਦੇ ਮੁਕਾਬਲੇ ਸੱਭ ਤੋਂ ਵਧੇਰੇ ਆਟੋ ਇੰਸ਼ੋਰੈਂਸ ਰੇਟ, ਆਦਿ ਸ਼ਾਮਲ ਸਨ। ਉਨ੍ਹਾਂ ਵੱਲੋਂ ਪੈਟ੍ਰਿਕ ਬਰਾਊਨ ਨੂੰ ਹਰ ਪ੍ਰਕਾਰ ਦੇ ਸਹਿਯੋਗ ਦਾ ਭਰੋਸਾ ਦਿੱਤਾ ਗਿਆ। ਚੱਲ ਰਹੇ ਸਮਾਗ਼ਮ ਦੌਰਾਨ ਯੂਨਾਈਟਿਡ ਸਪੋਰਟਸ, ਸਿੱਖ ਸਪੋਰਟਸ, ਪੰਜਾਬ ਸਪੋਰਟਸ, ਗੁਰੂ ਨਾਨਕ ਕਮਿਊਨਿਟੀ ਸਰਵਿਸਿਜ਼ ਫ਼ਾਊਂਡੇਸ਼ਨ ਅਤੇ ਪਟਿਆਲਾ-ਫ਼ਤਿਹਗੜ੍ਹ ਸਪੋਰਟਸ ਐਂਡ ਕਲਚਰਲ ਫ਼ਾਊਂਡੇਸ਼ਨ ਵੱਲੋਂ ਪੈਟ੍ਰਿਕ ਬਰਾਊਨ ਨੂੰ ਸ਼ਾਨਦਾਰ ਯਾਦਗਾਰੀ-ਚਿੰਨ੍ਹ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ।

ਪੈਟ੍ਰਿਕ ਬਰਾਊਨ ਨੇ ਆਪਣੇ ਸੰਬੋਧਨ ਵਿਚ ਉਨ੍ਹਾਂ ਨੂੰ ਸਨਮਾਨਿਤ ਕਰਨ ਵਾਲੀਆਂ ਜੱਥੇਬੰਦੀਆਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਅਤੇ ਬਰੈਂਪਟਨ ਵਿਚ ਲੋਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਦਾ ਵਿਸ਼ਵਾਸ ਦਿਵਾਇਆ। ਉਨ੍ਹਾਂ ਬਰੈਂਪਟਨ ਵਿਚ ਯੂਨੀਵਰਸਿਟੀ ਅਤੇ ਨਵਾਂ ਹਸਪਤਾਲ ਬਨਾਉਣ ਬਾਰੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਭਾ ਦੇ ਚੇਅਰ-ਪਰਸਨ ਕਰਨ ਅਜਾਇਬ ਸਿੰਘ ਸੰਘਾ ਦੀ ਅਗਵਾਈ ਹੇਠ ਪਰਮਜੀਤ ਸਿੰਘ ਢਿੱਲੋਂ, ਪਰਮਜੀਤ ਸਿੰਘ ਸ਼ੇਰਗਿੱਲ, ਡਾ. ਸੁਖਦੇਵ ਸਿੰਘ ਝੰਡ, ਡਾ. ਜਗਮੋਹਨ ਸਿੰਘ ਸੰਘਾ, ਮਲੂਕ ਸਿੰਘ ਕਾਹਲੋਂ, ਮਕਸੂਦ ਚੌਧਰੀ, ਕੁਲਜੀਤ ਸਿੰਘ ਮਾਨ, ਪਿਆਰਾ ਸਿੰਘ ਕੁੱਦੋਵਾਲ ਅਤੇ ਸੁਰਜੀਤ ਕੌਰ ਇਸ ਸੁਆਗ਼ਤੀ ਸਮਾਰੋਹ ਵਿਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੰਚ-ਸੰਚਾਲਨ ਦੀ ਜ਼ਿੰਮੇਂਵਾਰੀ ਯੂਨਾਈਟਿਡ ਸਿੱਖ ਸਪੋਰਟਸ ਦੇ ਪ੍ਰਧਾਨ ਗੁਰਸ਼ਰਨ ਸਿੰਘ ਵੱਲੋਂ ਬਾਖ਼ੂਬੀ ਨਿਭਾਈ ਗਈ। ਸਮਾਗ਼ਮ ਦੇ ਦੌਰਾਨ ਸ਼ਿੰਗਾਰ ਬੈਂਕੁਇਟ ਹਾਲ ਦੇ ਮਾਲਕ ਇੰਦਰਜੀਤ ਸਿੰਘ ਭਿੰਡਰ ਵੱਲੋਂ ਮਿਲੇ ਵਿਸ਼ੇਸ਼ ਸਹਿਯੋਗ ਲਈ ਪ੍ਰਬੰਧਕਾਂ ਵੱਲੋਂ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਫ਼ੋਟੋਗ੍ਰਾਫ਼ੀ ਦੀ ਸੇਵਾ 'ਲੌਂਗਮੈਨ ਸਟੂਡੀਓ' ਦੇ ਮਿਸਟਰ ਹੈਰੀ ਵੱਲੋਂ ਕੀਤੀ ਗਈ।

ਜ਼ਿਕਰਯੋਗ ਹੈ ਕਿ ਯੂਨਾਈਟਿਡ ਸਪੋਰਟਸ ਕਲੱਬ ਅਤੇ ਸਿੱਖ ਸਪੋਰਟਸ ਕਲੱਬ ਬਰੈਂਪਟਨ ਵਿਚ ਬੱਚਿਆਂ ਅਤੇ ਨੌਜੁਆਨਾਂ ਨੂੰ ਸੌਕਰ, ਬਾਸਕਿਟ ਬਾਲ, ਮਾਰਸ਼ਲ ਆਰਟਸ ਅਤੇ ਕਈ ਹੋਰ ਗੇਮਾਂ ਨਾਲ ਜੋੜਨ ਲਈ ਪਿਛਲੇ ਕਈ ਸਾਲਾਂ ਤੋਂ ਸਰਗ਼ਰਮੀ ਨਾਲ ਕੰਮ ਕਰ ਰਹੀਆਂ ਹਨ। ਗੁਰੂ ਨਾਨਕ ਕਮਿਊਨਿਟੀ ਸਰਵਿਸਿਜ਼ ਫ਼ਾਊਂਡੇਸ਼ਨ ਪਿਛਲੇ 20 ਸਾਲਾਂ ਤੋਂ ਗਰਮੀਆਂ ਦੇ ਮੌਸਮ ਵਿਚ ਗੁਰੂ ਨਾਨਕ ਰੈਲੀ ਦਾ ਆਯੋਜਨ ਕਰ ਰਹੀ ਹੈ ਅਤੇ ਬੱਚਿਆਂ ਨੂੰ ਗੁਰਬਾਣੀ ਕੀਰਤਨ ਨਾਲ ਜੋੜਨ ਦਾ ਉਪਰਾਲਾ ਵੀ ਕਰ ਰਹੀ ਹੈ, ਜਦਕਿ ਪਟਿਆਲਾ-ਫ਼ਤਿਹਗੜ੍ਹ ਸਪੋਰਟਸ ਐਂਡ ਕਲਚਰਲ ਕਲੱਬ ਖੇਡਾਂ ਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਲਗਾਤਾਰ ਯਤਨਸ਼ੀਲ ਹੈ ਅਤੇ 'ਪੰਜਾਬ ਸਪੋਰਟਸ ਕੈਨੇਡਾ' ਦਾ ਸਪੋਰਟਸ ਨਾਲ ਸਬੰਧਿਤ ਵੱਖ-ਵੱਖ ਆਈਟਮਾਂ ਨਾਲ ਲੈੱਸ ਵਿਸ਼ਾਲ ਸ਼ੋਅ-ਰੂਮ ਸਟੀਲ ਐਂਡ ਟੌਰਬਰਮ ਪਲਾਜ਼ੇ ਵਿਚ ਪਿਛਲੇ ਦੋ ਦਹਾਕਿਆਂ ਤੋਂ ਸਫ਼ਲਤਾ-ਪੂਰਵਕ ਚੱਲ ਰਿਹਾ ਹੈ ਜਿੱਥੇ ਇਹ ਲੋੜੀਂਦੀਆਂ ਵਸਤਾਂ ਤੇ ਸੇਵਾਵਾਂ ਉਪਲੱਬਧ ਕੀਤੀਆਂ ਜਾ ਰਹੀਆਂ ਹਨ।

## ਹੇਸਟਿੰਗਜ਼ ਵਿਖੇ ਭਾਰਤੀ ਰੈਸਟੋਰੈਂਟ ਮਾਲਕ ਨੂੰ ਟੈਕਸ ਧੋਖਾਧੜੀ 'ਚ ਢਾਈ ਸਾਲ ਦੀ ਜ਼ੇਲ੍ਹ




ਔਕਲੈਂਡ 14 ਨਵੰਬਰ (ਹਰਜਿੰਦਰ ਸਿੰਘ ਬਸਿਆਲਾ)-ਹੇਸਟਿੰਗਜ਼ ਸ਼ਹਿਰ ਵਿਖੇ ਇਕ ਇੰਡੀਅਨ ਰੈਸਟੋਰੈਂਟ ਮਾਲਕ ਰਾਕੇਸ਼ ਕੁਮਾਰ (56) ਨੂੰ ਟੈਕਸ ਹੇਰਾਫੇਰੀ ਦੇ ਕਾਰਨ ਹੇਸਟਿੰਗਜ਼ ਜਿਲ੍ਹਾ ਅਦਾਲਤ ਵੱਲੋਂ ਢਾਈ ਸਾਲ ਜ਼ੇਲ੍ਹ ਦੀ ਸਜ਼ਾ ਸੁਣਾਈ ਗਈ ਹੈ ਜਦ ਕਿ ਉਸਦੀ ਅਣਜਾਣ ਬਣੀ ਪਤਨੀ ਨੂੰ 5 ਮਹੀਨੇ ਘਰ ਨਜ਼ਰਬੰਦੀ ਦੀ ਸਜ਼ਾ ਅਤੇ 100 ਘੰਟੇ ਕਮਿਊਨਿਟੀ ਸੇਵਾ ਲਾਈ ਗਈ ਹੈ। ਇਸ ਰੈਸਟੋਰੈਂਟ ਮਾਲਕ ਜੋੜੇ ਉਤੇ ਇਲਜ਼ਾਮ ਸੀ ਕਿ ਇਨ੍ਹਾਂ ਨੇ ਹੇਰਾਫੇਰੀ ਕਰਕੇ ਟੈਕਸ ਵਿਭਾਗ ਨੂੰ 833,000 ਡਾਲਰ ਦਾ ਚੂਨਾ ਲਾਇਆ ਹੈ। ਇਹ ਜੋੜਾ ਆਪਣੇ ਬਿਜ਼ਨਸ ਨੂੰ ਤਾਂ ਘਾਟੇ ਵਿਚ ਦਿਖਾ ਰਿਹਾ ਸੀ ਪਰ ਨਾਲੋ-ਨਾਲ ਬੈਂਕ ਦੇ ਵਿਚ ਨਕਦੀ ਵੀ ਜ਼ਮ੍ਹਾ ਕਰਵਾ ਰਿਹਾ ਸੀ। 2009 ਤੋਂ ਲੈ ਕੇ 2016 ਤੱਕ ਇਨ੍ਹਾਂ ਨੇ ਆਪਣੀ ਸਕੀਮ ਨਾਲ ਵੱਡੀ ਟੈਕਸ ਰਕਮ ਸਰਕਾਰ ਤੋਂ ਬਚਾਉਣ ਕੋਸ਼ਿਸ਼ ਕੀਤੀ। ਰਾਕੇਸ਼ ਕੁਮਾਰ ਦੀ ਪਤਨੀ ਨਲਿਨੀ ਕੁਮਾਰ ਨੇ ਜਾਅਲੀ ਜੀ.ਐਸ.ਟੀ. ਅਤੇ ਪੀ.ਏ.ਵਾਈ.ਈ. ਉਤੇ ਵੀ ਦਸਤਖਤ ਕੀਤੇ ਅਤੇ 127,000 ਡਾਲਰ ਤੋਂ ਵੱਧ ਟੈਕਸ ਬਚਾਉਣ ਦੀ ਕੋਸ਼ਿਸ ਕੀਤੀ। ਜੁਲਾਈ ਮਹੀਨੇ ਰਾਕੇਸ਼ ਕੁਮਾਰ ਅਜਿਹੇ ਤਿੰਨ ਦੋਸ਼ਾਂ ਲਈ ਦੋਸ਼ੀ ਸਾਬਿਤ ਹੋਇਆ ਸੀ, ਉਸਦੀ ਪਤਨੀ ਇਕ ਦੋਸ਼ ਲਈ ਦੋਸ਼ੀ ਸਾਬਿਤ ਹੋਈ ਸੀ ਸੋ ਇਸ ਕਰਕੇ ਹੁਣ ਸਜ਼ਾ ਸੁਣਾਈ ਗਈ ਹੈ। ਨਲਿਨੀ ਕੁਮਾਰ ਨੇ ਸਾਰਾ ਬਕਾਇਆ ਭਰ ਦਿੱਤਾ ਹੈ ਜਦ ਕਿ ਰਾਕੇਸ਼ ਕੁਮਾਰ ਨੇ 349,948 ਡਾਲਰ ਭਰੇ ਹਨ ਅਤੇ 483,346 ਡਾਲਰ ਬਕਾਇਆ ਹਨ। ਜੱਜ ਸਾਹਿਬ ਨੇ ਸਾਫ ਕਿਹਾ ਕਿ ਇਹ ਧੋਖਾਧੜੀ ਆਮਦਨ ਕਰ ਦੇ ਸਿਸਟਮ ਨੂੰ ਸੱਟ ਮਾਰਨ ਬਰਾਬਰ ਹੈ। ਕੰਪਨੀ ਦੇ ਵਿਚੋਂ ਨਲਿਨੀ ਦੀ ਤਨਖਾਹ ਸਿਰਫ 120 ਡਾਲਰ ਪ੍ਰਤੀ ਹਫਤਾ ਵੀ ਵਿਖਾਈ ਜਾਂਦੀ ਸੀ। ਜਿਸ ਵੇਲੇ ਰਾਕੇਸ਼ ਕੁਮਾਰ ਘਾਟੇ ਵਿਖਾ ਰਿਹਾ ਸੀ ਉਸੇ ਸਮੇਂ ਉਹ ਵੱਖ-ਵੱਖ ਕੰਪਨੀਆ ਦੇ ਵਿਚ ਡਾਇਰੈਕਟਰ ਸੀ ਅਤੇ ਕੰਮਕਾਰ ਵਧਾ ਰਿਹਾ ਸੀ। ਉਸਨੇ ਰੈਸਟੋਰੈਂਟ ਤੋਂ ਇਵਾਵਾ ਡੇਅਰੀ ਸ਼ਾਪਾਂ, ਰੈਂਟਲ ਪ੍ਰਾਪਰਟੀਜ਼ ਅਤੱ ਹਾਰਟੀਕਲਚਰ ਦੇ ਵਿਚ ਵੀ ਨਿਵੇਸ਼ ਕੀਤਾ। ਉਸਨੇ ਨਵਾਂ ਬਿਜ਼ਨਸ ਵੀ ਖਰੀਦਿਆ। 'ਪ੍ਰਭੂ ਕਿਰਪਾ' ਨਾਂਅ ਦੀ ਕੰਪਨੀ ਦੇ ਇਹ ਪਤੀ-ਪਤਨੀ ਡਾਇਰੈਕਟਰ ਸਨ ਤੇ ਇੰਡੀਅਨ ਪੈਲੇਸ ਰੈਸਟੋਰੈਂਟ ਨਾਂਅ ਦਾ ਰੈਸਟੋਰੈਂਟ ਚਲਾਉਂਦੇ ਸਨ। ਦੋਹਾਂ ਪਤੀ-ਪਤਨੀ ਨੇ ਲਾਲਚ ਵਸ ਪਹਿਲਾਂ ਤਾਂ ਟੈਕਸ ਅੰਦਰ ਕਰ ਲਿਆ ਪਰ ਹੁਣ ਆਪ ਅੰਦਰ ਹੋ ਗਏ ਹਨ। ਸਿਆਣਿਆਂ ਠੀਕ ਹੀ ਕਿਹਾ ਹੈ ਕਿ ਲਾਲਚ ਬੁਰੀ ਬਲਾ ਹੈ।

jobs! jobs! jobs! jobs! jobs!

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

DUNDAS·JAFINE

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

Jobs Jobs Jobs

General Labour/ Drivers/ Window Assemblers & Machine Operators

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.618.6030
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ



# ਸੰਪਾਦਕੀ

## ਕੀ ਦੱਸਦਾ ਹੈ ਪੰਜਾਬੀਆਂ ਦੇ ਰਿਫਿਊਜੀ ਕਲੇਮਾਂ ਵਿੱਚ ਵਾਧਾ

ਦਹਾਕਿਆਂ ਤੋਂ ਕੈਨੇਡਾ ਵੱਸਦੀ ਭਾਰਤੀ ਖਾਸ ਕਰਕੇ ਪੰਜਾਬੀ ਕਮਿਊਨਿਟੀ ਆਪੋ ਆਪਣੇ ਸਮੇਂ ਦੀਆਂ ਸਰਕਾਰਾਂ ਉੱਤੇ ਜੋਰ ਪਾਉਂਦੀ ਰਹੀ ਹੈ ਕਿ ਸਾਡੇ ਰਿਸ਼ਤੇਦਾਰਾਂ, ਭੈਣਾਂ ਭਰਾਵਾਂ ਅਤੇ ਹੋਰ ਸਕੇ ਸਬੰਧੀਆਂ ਨੂੰ ਵਿਜ਼ਟਰ ਵੀਜ਼ਾ ਨਹੀਂ ਦਿੱਤੇ ਜਾਂਦੇ। ਸਾਬਕਾ ਇੰਮੀਗਰੇਸ਼ਨ ਜੇਸਨ ਕੈਨੀ ਤੋਂ ਲੈ ਕੇ ਲਿਬਰਲ ਸਰਕਾਰ ਨੇ ਇਸ ਮੰਗ ਵੱਲ ਵਿਸ਼ੇਸ਼ ਧਿਆਨ ਦਿੱਤਾ। ਸਿੱਟੇ ਵਜੋਂ ਭਾਰਤ ਖਾਸ ਕਰਕੇ ਪੰਜਾਬ ਤੋਂ ਵਿਜ਼ਟਰ ਵੀਜ਼ਾ ਲਈ ਕੀਤੀਆਂ ਜਾਣ ਵਾਲੀਆਂ ਅਰਜ਼ੀਆਂ ਨੂੰ ਖੁੱਲੇ ਦਿਲ ਨਾਲ ਵੀਜ਼ੇ ਦਿੱਤੇ ਗਏ ਜੋ ਚੰਗੀ ਗੱਲ ਹੈ। ਪਰ ਨੈਸ਼ਨਲ ਪੋਸਟ ਵੱਲੋਂ ਸਰਕਾਰੀ ਸ੍ਰੋਤਾਂ ਤੋਂ ਇੱਕਤਰ ਕੀਤੀ ਗਈ ਜਾਣਕਾਰੀ ਦੇ ਆਧਾਰ ਉੱਤੇ ਲਿਖੇ ਇੱਕ ਆਰਟੀਕਲ ਨੇ ਇਸ ਸਮੁੱਚੇ ਰੁਝਾਨ ਨੂੰ ਇੱਕ ਵੱਖਰਾ ਮੋੜ ਦਿੱਤਾ ਹੈ। ਅਜਿਹਾ ਮੋੜ ਜੋ ਅਗਲੇ ਸਮੇਂ ਵਿੱਚ ਸਿਰਫ਼ ਵੀਜ਼ਾ ਨਿਜਾਮ ਨੂੰ ਹੀ ਸਖ਼ਤ ਬਣਾਉਣ ਦੀ ਤਾਕਤ ਨਹੀਂ ਰੱਖਦਾ ਸਗੋਂ ਬਹੁ-ਗਿਣਤੀ ਕੈਨੇਡੀਅਨ-ਪੰਜਾਬੀਆਂ ਦਾ ਭਾਰਤ ਵਿੱਚ ਇੱਕ ਅਲਗਾਵ-ਵਾਦੀ ਹੋਣ ਦਾ ਅਕਸ ਪੈਦਾ ਕਰ ਸਕਦਾ ਹੈ।

ਨੈਸ਼ਨਲ ਪੋਸਟ ਵੱਲੋਂ ਕੈਨੇਡੀਅਨ ਬਾਰਡਰ ਸਰਵਿਸਜ਼ ਏਜੰਸੀ (CBSA) ਦੇ ਇੰਟੈਲੀਜੈਂਸ ਵਿਭਾਗ ਤੋਂ ਜਾਣਕਾਰੀ ਪ੍ਰਾਪਤ ਕੀਤੀ ਗਈ ਹੈ। ਇਸ ਜਾਣਕਾਰੀ ਮੁਤਾਬਕ 2018 ਵਿੱਚ ਭਾਰਤੀਆਂ ਖਾਸ ਕਰਕੇ ਸਿੱਖਾਂ ਵੱਲੋਂ ਕੈਨੇਡਾ ਆ ਕੇ ਰਿਫਿਊਜੀ ਕਲੇਮ ਦਾਖਲ ਕਰਨ ਦੀ ਗਿਣਤੀ ਵਿੱਚ 246% ਵਾਧਾ ਹੋਇਆ ਹੈ। 2018 ਸਾਲ ਦੇ ਮੱਧ ਤੱਕ 1805 ਪੰਜਾਬੀ ਰਿਫਿਊਜੀ ਕਲੇਮ ਦਾਖ਼ਲ ਕਰ ਚੁੱਕੇ ਸਨ ਜਿਹਨਾਂ ਵਿੱਚੋਂ 60% ਨੇ ਕੈਨੇਡਾ ਦੇ ਅੰਦਰੋਂ ਰਿਫਿਊਜੀ ਬੋਰਡ ਕੋਲ ਕਲੇਮ ਦਾਖਲ ਕੀਤੇ ਹਨ। ਕਲੇਮ ਕਰਨ ਵਾਲੇ ਬਹੁ ਗਿਣਤੀ ਪੰਜਾਬ ਹਰਿਆਣਾ ਦੇ ਵਾਸੀ ਹਨ ਜਿਹੜੇ ਭਾਰਤ ਤੋਂ ਵਿਜ਼ਟਰ ਵੀਜ਼ਾ ਹਾਸਲ ਕਰਕੇ ਆਏ ਸਨ। ਕੈਨੇਡਾ ਆ ਕੇ ਇਹਨਾਂ ਨੇ ਇਸ ਆਧਾਰ ਉੱਤੇ ਰਿਫਿਊਜੀ ਕਲੇਮ ਕੀਤਾ ਕਿ ਉਹਨਾਂ ਨੂੰ ਭਾਰਤ ਵਿੱਚ ਪੁਲੀਸ ਹੱਥੋਂ ਤਸ਼ੱਦਦ ਦਾ ਸ਼ਿਕਾਰ ਹੋ ਜਾਣ ਦਾ ਖਤਰਾ ਹੈ।

ਨੈਸ਼ਨਲ ਪੋਸਟ ਮੁਤਾਬਕ ਭਾਰਤ ਦੀ ਮੋਦੀ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਭਾਰਤ ਫੇਰੀ ਦੌਰਾਨ ਠੰਡਾ ਸੁਆਗਤ ਕੀਤੇ ਜਾਣ ਦਾ ਵੱਡਾ ਕਾਰਣ ਇਹ ਰਿਫਿਊਜੀ ਕਲੇਮ ਸਨ। ਭਾਰਤ ਸਰਕਾਰ ਵਿੱਚ ਪ੍ਰਭਾਵ ਹੈ ਕਿ ਲਿਬਰਲ ਸਰਕਾਰ ਇਹਨਾਂ ਕਲੇਮਾਂ ਨੂੰ ਸਵੀਕਾਰ ਕਰਕੇ ਜਿੱਥੇ ਖੁਦ ਲਈ ਵੋਟ ਬੈਂਕ ਤਿਆਰ ਕਰ ਰਹੀ ਹੈ, ਉੱਥੇ ਭਾਰਤ ਵਿਰੋਧੀ ਪ੍ਰਾਪੇਗੰਡੇ ਨੂੰ ਮਜ਼ਬੂਤ ਕਰਨ ਵਿੱਚ ਰੋਲ ਅਦਾ ਕਰ ਰਹੀ ਹੈ। ਕੈਨੇਡੀਅਨ ਬਾਰਡਰ ਸਰਵਿਸਜ਼ ਏਜੰਸੀ ਦੇ ਇੰਟੈਲੀਜੈਂਸ ਵਿਭਾਗ ਦੀ ਰਿਪੋਰਟ ਦੱਸਦੀ ਹੈ ਕਿ ਭਾਰਤ ਵਿੱਚ ਪੁਲੀਸ ਅਤੇ ਸਰਕਾਰ ਹੱਥੋਂ ਤਸ਼ੱਦਦ ਦੇ ਡਰ ਨੂੰ ਆਧਾਰ ਬਣਾ ਕੇ ਰਿਫਿਊਜੀ ਕਲੇਮ ਦਾਖਲ ਕਰਨ ਵਾਲੇ ਵਿਜ਼ਟਰ ਆਏ ਬਹੁ ਗਿਣਤੀ ਸਿੱਖ ਹਨ। ਸੀ ਬੀ ਐਸ ਏ ਦੀ ਰਿਪੋਰਟ ਵਿੱਚ ਅਨੁਮਾਨ ਲਾਇਆ ਗਿਆ ਹੈ ਕਿ 2018 ਦੇ ਅੰਤ ਤੱਕ ਕੈਨੇਡਾ ਵਿੱਚ ਰਿਫਿਊਜੀ ਕਲੇਮ ਕਰਨ ਵਾਲੇ ਪੰਜਾਬੀ-ਭਾਰਤੀਆਂ ਦੀ ਗਿਣਤੀ 4200 ਹੋ ਜਾਵੇਗੀ।

ਨੈਸ਼ਨਲ ਪੋਸਟ ਦੀ ਰਿਪੋਰਟ ਇਹ ਵੀ ਦੱਸਦੀ ਹੈ ਕਿ ਲਿਬਰਲ ਸਰਕਾਰ ਬਣਨ ਤੋਂ ਇੱਕ ਸਾਲ ਤੋਂ ਵੀ ਘੱਟ ਅਰਸੇ ਵਿੱਚ ਹੀ (2016 ਵਿੱਚ) ਭਾਰਤ ਵਿੱਚ ਤਾਇਨਾਤ ਕੈਨੇਡੀਅਨ ਵੀਜ਼ਾ ਅਧਿਕਾਰੀਆਂ ਨੂੰ ਕਿਹਾ ਗਿਆ ਕਿ ਉਹ ਵੱਧ ਗਿਣਤੀ ਵਿੱਚ ਵਿਜ਼ਟਰ ਦੇਣ। ਰਿਪੋਰਟ ਮੁਤਾਬਕ ਲਿਬਰਲ ਸਰਕਾਰ ਨੇ ਇਸ ਮੰਤਵ ਵਾਸਤੇ ਉਹਨਾਂ ਸੀਨੀਅਰ ਅਧਿਕਾਰੀਆਂ ਨੂੰ ਲਾਇਆ ਗਿਆ ਜਿਹਨਾਂ ਦੀ ਕੈਨੇਡੀਅਨ ਪੰਜਾਬੀ ਖਾਸਕਰਕੇ ਸਿੱਖ ਕਮਿਊਨਿਟੀ ਵਿੱਚ ਪਹੁੰਚ ਹੋਵੇ।

ਭਾਰਤ ਵਿੱਚੋਂ ਪਰਵਾਸ ਕਰਕੇ ਕੈਨੇਡਾ-ਅਮਰੀਕਾ ਦਾਖ਼ਲ ਹੋਣ ਦਾ ਕਰੇਜ਼ ਪੰਜਾਬੀਆਂ ਵਿੱਚ ਅਜੀਬ ਅਨੁਪਾਤ ਵਿੱਚ ਪਾਇਆ ਜਾਂਦਾ ਹੈ। ਬੇਸ਼ੱਕ ਇਸ ਬਦਲੇ ਰਿਫਿਊਜੀ ਬਣਕੇ ਵਰ੍ਹਿਆਂ ਬੱਧੀ ਲਟਕਣਾ ਹੀ ਕਿਉਂ ਨਾ ਪਵੇ। ਨੌਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਵੱਲੋਂ ਆਪਣੇ ਐਗਜ਼ੈਕਟਿਵ ਡਾਇਰੈਕਟਰ ਸਤਨਾਮ ਸਿੰਘ ਚਾਹਲ ਰਾਹੀਂ ਅਮਰੀਕਾ ਸਰਕਾਰ ਦੇ ਸਿਟੀਜ਼ਨਸ਼ਿਪ ਅਤੇ ਇੰਮੀਗਰੇਸ਼ਨ ਸੇਵਾਵਾਂ ਵਿਭਾਗ ਤੋਂ 2017 ਵਿੱਚ ਅੰਕੜੇ ਪ੍ਰਾਪਤ ਕੀਤੇ ਗਏ ਸਨ। 2012 ਤੋਂ 2016 ਦੇ ਅਰਸੇ ਦੌਰਾਨ 9397 ਭਾਰਤੀ ਗੈਰਕਨੂੰਨੀ ਢੰਗ ਨਾਲ ਅਮਰੀਕਾ ਦਾਖਲ ਹੋਏ ਜਿਹਨਾਂ ਵਿੱਚੋਂ 95% ਪੰਜਾਬੀ ਸਨ। ਇਹਨਾਂ ਵਿੱਚੋਂ ਸਿਰਫ਼ 476 ਨੂੰ ਰਿਫਿਊਜੀ ਹੋਣ ਦਾ ਦਰਜਾ ਦਿੱਤਾ ਗਿਆ ਬਾਕੀ ਗੈਰਕਨੂੰਨੀ ਜੀਵਨ ਜਿਉਣ ਦਾ ਸੰਤਾਪ ਭੋਗ ਰਹੇ ਹਨ। ਹਰ ਸਾਲ 10 ਹਜ਼ਾਰ ਤੋਂ ਵੱਧ ਪੰਜਾਬੀ 25 ਤੋਂ 30 ਲੱਖ ਖਰਚ ਕੇ ਵਿਜ਼ਟਰ ਵੀਜ਼ਾ ਜਾਂ ਕੋਈ ਹੋਰ ਜੁਗਾੜ ਰਾਹੀਂ ਗੈਰਕਨੂੰਨੀ ਢੰਗ ਨਾਲ ਭਾਰਤ ਛੱਡ ਕੇ ਆ ਜਾਂਦੇ ਹਨ।

ਨੌਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ ਮੁਤਾਬਕ ਪੰਜਾਬ ਵਿੱਚੋਂ ਗੈਰਕਨੂੰਨੀ ਪਰਵਾਸ ਦਾ ਵਿਉਪਾਰ ਸਾਲਾਨਾ 12,000 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਹੈ। ਕੀ ਐਨੀ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਪੰਜਾਬ ਪੁਲੀਸ ਜਾਂ ਹੋਰ ਸੂਬਿਆਂ ਦੀਆਂ ਪੁਲਸਾਂ ਤਸ਼ੱਦਦ ਕਰਕੇ ਕੱਢਣ ਲਈ ਮਜਬੂਰ ਕਰਦੀਆਂ ਹਨ ਜਾਂ ਫੇਰ ਇਹ ਭਗੌੜੇ ਹਨ ਜਿਹੜੇ ਧਰਮ ਅਤੇ ਤਸ਼ੱਦਦ ਦਾ ਨਾਮ ਵਰਤ ਕੇ ਖੁਦ ਨੂੰ ਪੱਕੇ ਕਰਨ ਦਾ ਰਾਹ ਲੱਭ ਰਹੇ ਹਨ?

## ਓਮ ਪ੍ਰਕਾਸ਼ ਚੌਟਾਲਾ ਨੇ ਵੱਡਾ ਪੁੱਤਰ ਅਜੇ ਚੌਟਾਲਾ ਪਾਰਟੀ ਵਿੱਚੋਂ ਛਾਂਗਿਆ


ਚੰਡੀਗੜ੍ਹ, 14 ਨਵੰਬਰ, (ਪੋਸਟ ਬਿਊਰੋ)- ਹਰਿਆਣਾ ਦੇ ਸਿਆਸੀ ਪੱਖੋਂ ਵੱਡੇ ਮਹੱਤਵ ਵਾਲੇ ਸਮਝੇ ਜਾ ਸਕਦੇ ਚੌਟਾਲਾ ਪਰਵਾਰ ਵਿਚਲਾ ਆਪਸੀ ਵਿਵਾਦ ਹੋਰ ਵਧ ਗਿਆ ਹੈ ਤੇ ਅੱਜ ਇੰਡੀਅਨ ਨੈਸ਼ਨਲ ਲੋਕਦਲ (ਇਨੈਲੋ) ਦੇ ਮੁਖੀ ਚੌਧਰੀ ਓਮ ਪ੍ਰਕਾਸ਼ ਚੌਟਾਲਾ ਨੇ ਪਾਰਟੀ ਵਿਰੋਧੀ ਗਤੀਵਿਧੀਆਂ ਦਾ ਦੋਸ਼ ਲਾ ਕੇ ਅਪਣੇ ਵੱਡੇ ਪੁੱਤਰ ਅਜੇ ਸਿੰਘ ਚੌਟਾਲਾ ਨੂੰ ਵੀ ਇਸ ਪਾਰਟੀ ਦੀ ਮੁਢਲੀ ਮੈਂਬਰੀ ਤੋਂ ਬਾਹਰ ਕੱਢ ਛੱਡਿਆ ਹੈ। ਬੀਤੇ ਸੋਮਵਾਰ ਲਏ ਗਏ ਇਸ ਫੈਸਲੇ ਦਾ ਐਲਾਨ ਅੱਜ ਹਰਿਆਣਾ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਅਤੇ ਅਜੇ ਸਿੰਘ ਚੌਟਾਲਾ ਦੇ ਛੋਟੇ ਭਰਾ ਅਭੈ ਸਿੰਘ ਚੌਟਾਲਾ ਨੇ ਏਥੇ ਕੀਤੀ ਗਈ ਇੱਕ ਪ੍ਰੈਸ ਕਾਨਫਰੰਸ ਵਿਚ ਕੀਤਾ ਹੈ।

ਵਰਨਣ ਯੋਗ ਹੈ ਕਿ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਦਸ ਸਾਲ ਕੈਦ ਦੀ ਸਜ਼ਾ ਕੱਟ ਰਿਹਾ ਅਜੈ ਸਿੰਘ ਚੌਟਾਲਾ ਪਿਛਲੇ ਦਿਨਾਂ ਤੋਂ ਦੋ ਹਫਤੇ ਦੀ ਪੈਰੋਲ ਉੱਤੇ ਜੇਲ੍ਹ ਤੋਂ ਬਾਹਰ ਹੈ। ਉਹ ਸਾਬਕਾ ਮੁੱਖ ਮੰਤਰੀ ਤੇ ਅਪਣੇ ਪਿਤਾ ਚੌਧਰੀ ਓਮ ਪ੍ਰਕਾਸ਼ ਚੌਟਾਲਾ ਦੇ ਨਾਲ ਹਰਿਆਣਾ ਵਿਚ ਟੀਚਰ ਭਰਤੀ ਦੇ ਘਪਲੇ ਦੇ ਦੋਸ਼ ਵਿਚ 10 ਸਾਲ ਦੀ ਜੇਲ੍ਹ ਦੀ ਸਜ਼ਾ ਕੱਟ ਰਹੇ ਹਨ। ਦੋ ਹਫਤੇ ਪਹਿਲਾਂ ਇਨੈਲੋ ਪਾਰਟੀ ਦੇ ਮੁਖੀ ਓਮ ਪ੍ਰਕਾਸ਼ ਚੌਟਾਲਾ ਨੇ ਆਪਣੇ ਪੋਤੇ ਹਿਸਾਰ ਤੋਂ ਪਾਰਲੀਮੈਂਟ ਮੈਂਬਰ ਦੁਸ਼ਯੰਤ ਤੇ ਉਨ੍ਹਾਂ ਦੇ ਭਰਾ ਦਿਗਵਿਜੈ ਨੂੰ ਪਾਰਟੀ ਵਿੱਚੋਂ ਬਾਹਰ ਕੱਢ ਦਿਤਾ ਸੀ। ਅਜੈ ਸਿੰਘ ਦੀ ਪਤਨੀ ਤੇ ਇਨੇ-ਲੋ ਦੀ ਵਿਧਾਇਕ ਨੈਨਾ ਚੌਟਾਲਾ ਨੇ ਅਪਣੇ ਦੋਵਾਂ ਪੁੱਤਰਾਂ ਵਿਰੁਧ ਕਾਰਵਾਈ ਹੋਣ ਪਿੱਛੋਂ ਪਾਰਟੀ ਅੰਦਰ ਰਹਿ ਕੇ ਉਨ੍ਹਾਂ ਦੇ ਪਰਵਾਰ ਦੀ ਨਿੰਦਾ ਕਰਨ ਵਾਲੇ ਲੋਕਾਂ ਦੀ ਆਲੋਚਨਾ ਕੀਤੀ, ਪਰ ਉਨ੍ਹਾਂ ਨੂੰ ਕਿਸੇ ਕਿਸਮ ਦੀ ਅਨੁਸ਼ਾਸਨੀ ਕਾਰਵਾਈ ਤੋਂ ਵੱਖ ਰੱਖਿਆ ਗਿਆ ਸੀ। ਇਨੈਲੋ ਪਾਰਟੀ ਦੇ ਸੂਬਾ ਪ੍ਰਧਾਨ ਅਸ਼ੋਕ ਅਰੋੜਾ ਨੇ ਅਭੈ ਸਿੰਘ ਚੌਟਾਲਾ ਦੀ ਹਾਜ਼ਰੀ ਵਿਚ ਅਜੈ ਸਿੰਘ ਨੂੰ ਪਾਰਟੀ ਤੋਂ ਕੱਢਣ ਦਾ ਐਲਾਨ ਕੀਤਾ। ਇਸ ਦੇ ਨਾਲ ਹੀ ਪਾਰਟੀ ਦੇ 18 ਵਿਚੋਂ ਨੌਂ ਵਿਧਾਇਕਾਂ ਅਤੇ ਤਿੰਨ ਪਾਰਲੀਮੈਂਟ ਮੈਂਬਰਾਂ ਵਿਚੋਂ ਦੋ ਜਣਿਆਂ ਨੂੰ ਬਾਹਰ ਕੱਢਣ ਦਾ ਐਲਾਨ ਵੀ ਕਰ ਦਿੱਤਾ ਗਿਆ।










## ਹਰਜੀਤ ਸੱਜਣ ਦੀ 'ਹਵਾਈ ਪਾਰਟੀ' ਵਿੱਚ ਉਡਾਏ ਗਏ 3 ਲੱਖ 37 ਹਜ਼ਾਰ ਡਾਲਰ

...ਪੰਨਾ 1 ਦਾ ਬਾਕੀ

ਕਈ ਹੋਰਨਾਂ ਨੇ ਕੈਨੇਡੀਅਨ ਫੋਰਸਿਜ਼ ਦੇ ਨਿਯਮਾਂ ਦੀ ਉਲੰਘਣਾਂ ਕਰਦੇ ਹੋਏ ਤੰਬਾਕੂ ਦਾ ਸੇਵਨ ਹੀ ਨਹੀਂ ਕੀਤਾ ਸਗੋਂ ਉਸ ਦਾ ਰਸਾ ਕੱਪਾਂ ਵਿੱਚ ਵੀ ਥੁੱਕਿਆ ਤੇ ਉਹ ਫਲਾਈਟ ਅਟੈਂਡੈਂਟਸ ਨੂੰ ਹੀ ਸਾਫ ਕਰਨਾ ਪੈਣਾ ਸੀ।

ਦੂਜੇ ਪਾਸੇ ਅਮਲੇ ਨੇ ਇਹ ਮਹਿਸੂਸ ਕੀਤਾ ਕਿ ਅਜਿਹੀ ਸਥਿਤੀ ਵਿੱਚ ਵੀਆਈਪੀਜ਼ ਨੂੰ ਰੋਕਣ ਲਈ ਉਹ ਕੁੱਝ ਨਹੀਂ ਕਰ ਸਕਦੇ ਕਿਉਂਕਿ ਉਹ ਸਾਰੇ ਵੈਂਸ ਦੇ ਮਹਿਮਾਨ ਸਨ। ਟੈਕਸਦਾਤਾਵਾਂ ਦੇ ਪੈਸੇ ਤੋਂ ਫੰਡ ਹਾਸਲ ਕਰਕੇ ਕੀਤਾ ਗਿਆ ਇਹ ਦੌਰਾ ਵੈਂਸ ਦੇ ਆਫਿਸ ਵੱਲੋਂ ਪਲੈਨ ਕੀਤਾ ਗਿਆ ਸੀ ਤੇ ਇਸ ਉੱਤੇ 337,000 ਡਾਲਰ ਦਾ ਖਰਚਾ ਆਇਆ। ਵੈਂਸ ਵੱਲੋਂ ਹੀ ਆਰਸੀਏਐਫ ਦੇ ਜਹਾਜ਼ ਉੱਤੇ ਖੁੱਲ੍ਹੀ ਸ਼ਰਾਬ ਵਰਤਾਉਣ ਦੀ ਸਹਿਮਤੀ ਦਿੱਤੀ ਗਈ।

ਕੰਜ਼ਰਵੇਟਿਵ ਐਮਪੀਜ਼ ਜੇਮਜ਼ ਬੇਜ਼ਾਨ ਤੇ ਚੈਰਿਲ ਗੈਲੈਂਟ ਵੱਲੋਂ ਬੀਤੇ ਵੀਰਵਾਰ ਕਾਮਨਜ਼ ਦੀ ਰੱਖਿਆ



ਕਮੇਟੀ ਵਿਖੇ ਇਸ ਮੁੱਦੇ ਉੱਤੇ ਰੱਖਿਆ ਮੰਤਰੀ ਹਰਜੀਤ ਸੱਜਣ ਨੂੰ ਘੇਰਿਆ ਗਿਆ। ਉਨ੍ਹਾਂ ਤੋਂ ਪੁੱਛਿਆ ਗਿਆ ਕਿ ਇਸ ਉਡਾਨ ਬਾਰੇ ਉਹ ਕੀ ਜਾਣਦੇ ਸਨ ਤੇ ਉਨ੍ਹਾਂ ਨੂੰ ਉਹ ਸਭ ਕਦੋਂ ਪਤਾ ਲੱਗਿਆ। ਉਨ੍ਹਾਂ ਤੋਂ ਇਹ ਸਵਾਲ ਵੀ ਪੁੱਛਿਆ ਗਿਆ ਕਿ ਫਲਾਈਟ ਉੱਤੇ ਜੋ ਕੁੱਝ ਵੀ ਹੋਇਆ ਕੀ ਉਸ ਬਾਰੇ ਉਨ੍ਹਾਂ ਦਾ ਵਿਭਾਗ ਤੇ ਕੈਨੇਡੀਅਨ ਫੋਰਸਿਜ਼ ਨੇ ਜਨਤਾ ਨੂੰ ਮੀਡੀਆ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ।

ਸੱਜਣ ਵੱਲੋਂ ਇਨ੍ਹਾਂ ਸਵਾਲਾਂ ਦਾ ਕੋਈ ਸਪਸ਼ਟ ਉੱਤਰ ਨਹੀਂ ਦਿੱਤਾ ਗਿਆ ਪਰ ਉਨ੍ਹਾਂ ਆਖਿਆ ਕਿ ਉਨ੍ਹਾਂ ਦੇ ਵਿਭਾਗ ਤੇ ਕੈਨੇਡੀਅਨ ਸੈਨਾਵਾਂ ਵੱਲੋਂ ਪੱਤਰਕਾਰਾਂ ਨੂੰ ਗੁੰਮਰਾਹ ਨਹੀਂ ਕੀਤਾ ਗਿਆ। ਉਨ੍ਹਾਂ ਆਖਿਆ ਕਿ ਡੀਐਨਡੀ ਤੇ ਕੈਨੇਡੀਅਨ ਫੌਜ ਦੀ ਮੁੱਖ ਤਰਜੀਹ ਪਰੇਸ਼ਾਨੀ ਮੁਕਤ ਮਾਹੌਲ ਯਕੀਨੀ ਬਣਾਉਣਾ ਸੀ ਤੇ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਲੋਕਾਂ ਦੀ ਮਦਦ ਕਰਨਾ ਸੀ। ਡਿਪਾਰਟਮੈਂਟ ਆਫ ਨੈਸ਼ਨਲ ਡਿਫੈਂਸ ਦੀ ਡਿਪਟੀ ਮੰਤਰੀ ਜੋਡੀ ਥਾਮਸ ਨੇ ਪਾਰਲੀਆਮੈਂਟੇਰੀਅਨਜ਼ ਨੂੰ ਦੱਸਿਆ ਕਿ ਕੈਨੇਡਾ ਦੇ ਨਾਗਰਿਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਇਸ ਸਬੰਧ ਵਿੱਚ ਜਾਣਕਾਰੀ ਦੇ ਦਿੱਤੀ ਗਈ ਸੀ। ਪਰ ਅਜਿਹਾ ਨਹੀਂ ਸੀ ਹੋਇਆ। ਇਹ ਮਾਮਲਾ ਦਸੰਬਰ 2017 ਦਾ ਹੈ। ਕਥਿਤ ਜਿਨਸੀ ਹਮਲੇ ਤੋਂ ਬਾਅਦ ਇਸ ਬਾਰੇ ਜਾਣਕਾਰੀ ਮੀਡੀਆ ਵੱਲੋਂ ਅਕਸੈੱਸ ਟੂ ਇਨਫਰਮੇਸ਼ਨ ਲਾਅ ਰਾਹੀਂ ਕਢਵਾਈ ਗਈ।

## ਯੂਐਸਐਮਸੀਏ ਉੱਤੇ ਦਸਤਖ਼ਤ ਕੀਤੇ ਜਾਣ ਤੱਕ ਮੰਡਰਾ ਸਕਦਾ ਹੈ ਆਰਥਿਕ ਅਸਥਿਰਤਾ ਦਾ ਖਤਰਾ

...ਪੰਨਾ 1 ਦਾ ਬਾਕੀ

ਪਰ ਜੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਲਾਏ ਗਏ ਸਟੀਲ ਤੇ ਐਲੂਮੀਨੀਅਮ ਟੈਰਿਫਜ਼ ਉੱਤੇ ਖੜੋਤ ਇਸੇ ਤਰ੍ਹਾਂ ਜਾਰੀ ਰਹੀ ਤਾਂ ਇਸ ਵਾਰਤਾ ਵਿੱਚ ਉੱਚ ਪੱਧਰੀ ਆਗੂ ਹਿੱਸਾ ਨਹੀਂ ਲੈਣਗੇ।

ਪਰ ਇਸ ਡੀਲ ਦੇ ਰਾਹ ਵਿੱਚ ਆਉਣ ਵਾਲਾ ਇਹ ਇੱਕਲਾ ਅੜਿੱਕਾ ਨਹੀਂ ਹੈ। ਰਸਮੀ ਤੌਰ ਉੱਤੇ ਦਸਤਖ਼ਤ ਕੀਤੇ ਜਾਣਾ ਵਿਧਾਨਕ ਪੁਸ਼ਟੀ ਤੋਂ ਘੱਟ ਅਹਿਮ ਹੈ। ਜਨਵਰੀ ਵਿੱਚ ਹਾਊਸ ਆਫ ਰਿਪਰਜ਼ੈਂਟੇਟਿਵਸ ਵਿੱਚ ਵਧੇਰੇ ਸੀਟਾਂ ਹਾਸਲ ਕਰਨ ਜਾ ਰਹੇ ਡੈਮੋਕ੍ਰੈਟਸ ਨੇ ਵੀ ਇਸ ਮਾਮਲੇ ਵਿੱਚ ਢਿੱਲੀ ਮੱਠੀ ਪਹੁੰਚ ਅਪਨਾਉਣ ਦਾ ਫੈਸਲਾ ਕੀਤਾ ਹੈ।

## ਦੱਖਣ ਏਸ਼ੀਆਈ ਮੁਲਕਾਂ ਨਾਲ ਮੁਕਤ ਵਪਾਰ ਸਮਝੌਤਾ ਕਰਨਾ ਚਾਹੁੰਦਾ ਹੈ ਕੈਨੇਡਾ: ਟਰੂਡੋ

...ਪੰਨਾ 1 ਦਾ ਬਾਕੀ

ਟਰੂਡੋ ਦੋ ਦਿਨ ਤੋਂ ਸਿੰਗਾਪੁਰ ਵਿੱਚ ਆਸੀਆਨ ਮੁਲਕਾਂ ਨੂੰ ਇਹ ਜਤਾਉਣ ਲਈ ਮੌਜੂਦ ਹਨ ਕਿ ਏਸ਼ੀਆਈ ਕੰਪਨੀਆਂ ਲਈ ਅਮਰੀਕਾ ਨਾਲੋਂ ਕੈਨੇਡਾ ਵਿੱਚ ਨਿਵੇਸ਼ ਕਰਨਾ ਵਧੇਰੇ ਫਾਇਦੇਮੰਦ ਸੌਦਾ ਹੈ।

ਬੁੱਧਵਾਰ ਨੂੰ ਟਰੂਡੋ ਨੇ ਚੀਨ ਦੇ ਪ੍ਰੀਮੀਅਰ ਲੀ ਕੇਕੀਆਂਗ ਨਾਲ ਵੀ ਇਸ ਆਸ ਨਾਲ ਮੁਲਾਕਾਤ ਕੀਤੀ ਕਿ ਦੋਵਾਂ ਦੇਸਾਂ ਦਰਮਿਆਨ ਜਲਦ ਤੋਂ ਜਲਦ ਮੁਕਤ ਵਪਾਰ ਸਮਝੌਤਾ ਅੱਗੇ ਵੱਧ ਸਕੇ। ਟਰੂਡੋ ਨੇ ਮੁਲਾਕ-ਾਤ ਦੀ ਸ਼ੁਰੂਆਤ ਇਹ ਕਹਿੰਦਿਆਂ ਹੋਇਆਂ ਕੀਤੀ ਕਿ ਉਮੀਦ ਹੈ ਕਿ ਅਸੀਂ ਸਾਰੇ ਪੱਖ ਖੁੱਲ੍ਹੇ ਰੱਖ ਕੇ ਗੱਲਬਾਤ ਕਰਾਂਗੇ।

## ਰਾਫ਼ਾਲ ਜਹਾਜ਼ ਸੌਦੇ ਬਾਰੇ ਸੁਪਰੀਮ ਕੋਰਟ ਨੇ ਫ਼ੈਸਲਾ ਰਾਖਵਾਂ ਰੱਖ ਲਿਆ

ਨਵੀਂ ਦਿੱਲੀ, 14 ਨਵੰਬਰ, (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਅੱਜ ਬੁੱਧਵਾਰ ਨੂੰ ਕਿਹਾ ਕਿ ਰਾਫ਼ਾਲ ਲੜਾਕੂ ਜੈੱਟਾਂ ਦੀ ਕੀਮਤ ਉੱਤੇ ਬਹਿਸ ਤਦੇ ਹੋ ਸਕਦੀ ਹੈ, ਜੇ ਸੌਦੇ ਦੇ ਤੱਥਾਂ ਨੂੰ ਜਨਤਕ ਕਰਨ ਦੀ ਖੁੱਲ੍ਹ ਹੋਵੇ। ਅਦਾਲਤੀ ਨਿਗਰਾਨੀ ਹੇਠ 36 ਰਾਫ਼ਾਲ ਜੈੱਟਾਂ ਦੀ ਖ਼ਰੀਦ ਬਾਰੇ ਜਾਂਚ ਕਰਾਉਣ ਦੀ ਮੰਗ ਕਰਦੀਆਂ ਪਟੀਸ਼ਨਾਂ 'ਤੇ ਸੁਪਰੀਮ ਕੋਰਟ ਨੇ ਅੱਜ ਸੁਣਵਾਈ ਦੌਰਾਨ ਇਹ ਗੱਲ ਕਹੀ। ਦਲੀਲਾਂ ਸੁਣਨ ਮਗਰੋਂ ਅਦਾਲਤ ਨੇ ਫ਼ੈਸਲਾ ਰਾਖਵਾਂ ਰੱਖ ਲਿਆ।

ਚੀਫ਼ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਹੇਠ ਸੁਪਰੀਮ ਕੋਰਟ ਦੇ ਇਸ ਬੈਂਚ ਨੇ ਕਿਹਾ ਕਿ ਉਹ ਹਵਾਈ ਫੌਜ ਦੀਆਂ ਲੋੜਾਂ ਨਾਲ ਜੁੜੇ ਕੇਸ ਦੀ ਸੁਣਵਾਈ ਕਰ ਰਹੇ ਹਨ ਅਤੇ ਰੱਖਿਆ ਮੰਤਰਾਲੇ ਦੇ ਅਧਿਕਾਰੀ ਦੀ ਬਜਾਏ ਹਵਾਈ ਫੌਜ ਦੇ ਅਫਸਰ ਤੋਂ ਜਾਣਕਾਰੀ ਲੈਣਾ ਚਾਹੁਣਗੇ। ਡਿਪਟੀ ਚੀਫ਼ ਆਫ਼ ਏਅਰ ਸਟਾਫ਼ ਏਅਰ ਮਾਰਸ਼ਲ ਵੀ ਆਰ ਚੌਧਰੀ ਅਤੇ ਦੋ ਹੋਰ ਅਧਿਕਾਰੀਆਂ ਨੇ ਸੁਪਰੀਮ ਕੋਰਟ 'ਚ ਪੇਸ਼ ਹੋ ਕੇ ਰਾਫ਼ਾਲ ਜੈੱਟਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਸੁਖੋਈ 30 ਜੈੱਟ 3.5 ਸ਼੍ਰੇਣੀ ਵਾਲੇ ਜਹਾਜ਼ ਹਨ ਤੇ ਉਨ੍ਹਾਂ ਕੋਲ ਚੌਥੀ ਜਾਂ ਪੰਜਵੀਂ ਸ਼੍ਰੇਣੀ ਵਾਲੇ ਲੜਾਕੂ ਜੈੱਟ ਨਹੀਂ ਸਨ। ਇਸ ਉੱਤੇ ਸੁਪਰੀਮ ਕੋਰਟ ਨੇ ਹੈਰਾਨੀ ਜਤਾਈ ਕਿ 1985 ਤੋਂ ਬਾਅਦ ਕੋਈ ਲੜਾਕੂ ਜਹਾਜ਼ ਹਵਾਈ ਫੌਜ ਵਿੱਚ ਸ਼ਾਮਲ ਹੀ ਨਹੀਂ ਕੀਤਾ ਗਿਆ। ਬੈਂਚ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਫ਼ੈਸਲਾ ਕਰਨ ਦੀ ਲੋੜ ਹੈ ਕਿ ਇਸ ਸੌਦੇ ਦੀ ਕੀਮਤ ਜਨਤਕ ਹੋਣੀ ਚਾਹੀਦੀ ਹੈ ਜਾਂ ਨਹੀਂ। ਜਸਟਿਸ ਐਸ ਕੇ ਕੌਲ ਅਤੇ ਜਸਟਿਸ ਕੇ ਐਮ ਜੋਜ਼ੇਫ਼ ਉੱਤੇ ਆਧਾਰਿਤ ਬੈਂਚ ਨੇ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੂੰ ਦੱਸਿਆ ਕਿ ਇਸ ਸੌਦੇ ਦੇ ਤੱਥਾਂ ਨੂੰ ਜਨਤਕ ਕੀਤੇ ਬਿਨਾਂ ਕੀਮਤ ਬਾਰੇ ਕੋਈ ਬਹਿਸ ਕਰਨ ਦਾ ਸਵਾਲ ਪੈਦਾ ਨਹੀਂ ਹੁੰਦਾ। ਬਹਿਸ ਦੌਰਾਨ ਅਟਾਰਨੀ ਜਨਰਲ ਵੇਣੂਗੋਪਾਲ ਨੇ ਰਾਫ਼ਾਲ ਜੈੱਟਾਂ ਦੀ ਕੀਮਤ ਨਾਲ ਸਬੰਧਤ ਭੇਤ ਗੁਪਤ ਰੱਖਣ ਦਾ ਬਚਾਅ ਕੀਤਾ ਅਤੇ ਕਿਹਾ ਕਿ ਜੇ ਸਾਰੇ ਵੇਰਵੇ ਜ਼ਾਹਰ ਕੀਤੇ ਤਾਂ ਦੁਸ਼ਮਣ ਇਸ ਦਾ ਲਾਭ ਲੈ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇ ਕੋਈ ਜਾਣਕਾਰੀ ਲੀਕ ਹੁੰਦੀ ਹੈ ਤਾਂ ਉਹ ਅਦਾਲਤ ਨਾਲ ਸਹਿਯੋਗ ਨਹੀਂ ਕਰ ਸਕਣਗੇ ਤੇ ਉਨ੍ਹਾਂ ਦਾ ਦਫ਼ਤਰ ਇਸ ਦਾ ਜ਼ਿੰਮੇਵਾਰ ਨਹੀਂ ਹੋਵੇਗਾ। ਇਸ ਉੱਤੇ ਬੈਂਚ ਨੇ ਕਿਹਾ ਕਿ ਜੇ ਤੱਥਾਂ ਨੂੰ ਜ਼ਾਹਰ ਨਹੀਂ ਕੀਤਾ ਜਾ ਸਕਦਾ ਤਾਂ ਕੀਮਤ ਬਾਰੇ ਬਹਿਸ ਦਾ ਸਵਾਲ ਹੀ ਨਹੀਂ।

ਵੇਣੂਗੋਪਾਲ ਨੇ ਕਿਹਾ ਕਿ ਇਹ ਕੇਸ ਮਾਹਿਰਾਂ ਵੱਲੋਂ ਨਜਿੱਠੇ ਜਾਣੇ ਚਾਹੀਦੇ ਹਨ। ਅਸੀਂ ਕਹਿੰਦੇ ਹਾਂ ਕਿ ਪਾਰਲੀਮੈਂਟ ਨੂੰ ਵੀ ਜੈੱਟਾਂ ਦੀ ਪੂਰੀ ਕੀਮਤ ਦੀ ਜਾਣਕਾਰੀ ਨਹੀਂ ਦਿੱਤੀ ਗਈ, ਕਿਉਂਕਿ ਸਰਕਾਰਾਂ ਦੇ ਸਮਝੌਤੇ ਤੇ ਭੇਤ ਗੁਪਤ ਰੱਖਣ ਦੀ ਮੱਦ ਦੀ ਉਲੰਘਣਾ ਸਰਕਾਰ ਨਹੀਂ ਕਰਨਾ ਚਾਹੁੰਦੀ।' ਉਨ੍ਹਾਂ ਕਿਹਾ ਕਿ ਨਵੰਬਰ 2016 ਦੀ ਤਬਾਦਲਾ ਦਰ ਹੇਠ ਇਕ ਲੜਾਕੂ ਜੈੱਟ ਦੀ ਕੀਮਤ 670 ਕਰੋੜ ਰੁਪਏ ਸੀ। ਉਨ੍ਹਾਂ ਕਿਹਾ ਕਿ ਪਹਿਲੇ ਜੈੱਟ ਲੋੜੀਂਦੀ ਹਥਿਆਰ ਪ੍ਰਣਾਲੀ ਨਾਲ ਲੈਸ ਨਹੀਂ ਸਨ। ਵੇਣੂਗੋਪਾਲ ਨੇ ਬਹਿਸ ਪੂਰੀ ਕਰਦਿਆਂ ਕਿਹਾ ਕਿ ਰਾਫ਼ਾਲ ਜੈੱਟ ਜ਼ੋਰਦਾਰ ਹਨ ਅਤੇ ਜੇ ਕਾਰਗਿਲ ਜੰਗ ਵੇਲੇ ਭਾਰਤੀ ਹਵਾਈ ਫ਼ੌਜ ਕੋਲ ਹੁੰਦੇ ਤਾਂ ਨੁਕਸਾਨ ਘੱਟ ਹੁੰਦਾ, ਕਿਉਂਕਿ ਰਾਫ਼ਾਲ ਵਿੱਚ 60 ਕਿਲੋਮੀਟਰ ਦੂਰੋਂ ਨਿਸ਼ਾਨਾ ਫੁੰਡਣ ਦੀ ਯੋਗਤਾ ਹੈ। ਇਸ ਉੱਤੇ ਅਦਾਲਤ ਨੇ ਕਿਹਾ, 'ਸ੍ਰੀਮਾਨ ਅਟਾਰਨੀ ਜਨਰਲ, ਕਾਰਗਿਲ 1999-2000 ਵਿੱਚ ਹੋਇਆ ਸੀ, ਜਦ ਕਿ ਰਾਫ਼ਾਲ ਤਾਂ ਸਾਲ 2014 ਵਿੱਚ ਆਏ ਸਨ।'

ਸੁਣਵਾਈ ਦੌਰਾਨ ਵੇਣੂਗੋਪਾਲ ਨੇ ਵਕੀਲ ਪ੍ਰਸ਼ਾਂਤ ਭੂਸ਼ਨ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਭੇਤ ਗੁਪਤ ਰੱਖਣ ਦਾ ਸਮਝੌਤਾ ਹੋਇਆ ਹੈ ਤੇ ਉਹ ਅਦਾਲਤ ਵਿੱਚ ਖ਼ੁਲਾਸਾ ਕਿਵੇਂ ਕਰ ਰਹੇ ਹਨ। ਸਾਬਕਾ ਕੇਂਦਰੀ ਮੰਤਰੀਆਂ ਯਸ਼ਵੰਤ ਸਿਨਹਾ ਤੇ ਅਰੁਣ ਸ਼ੋਰੀ ਤੇ ਖੁਦ ਆਪਣੇ ਵੱਲੋਂ ਪੇਸ਼ ਹੁੰਦਿਆਂ ਭੂਸ਼ਨ ਨੇ ਦੋਸ਼ ਲਾਇਆ ਕਿ ਸਰਕਾਰ ਭੇਤ ਗੁਪਤ ਦੀ ਮੱਦ ਬਹਾਨੇ ਲੜਾਕੂ ਜੈੱਟਾਂ ਦੀ ਕੀਮਤ ਨਹੀਂ ਦੱਸਦੀ। ਚੀਫ਼ ਜਸਟਿਸ ਨੇ ਭੂਸ਼ਨ ਨੂੰ ਕਿਹਾ ਕਿ ਉਨ੍ਹਾਂ ਨੂੰ ਸੁਣਵਾਈ ਦਾ ਪੂਰਾ ਮੌਕਾ ਮਿਲ ਰਿਹਾ ਹੈ, ਪਰ ਇਸ ਦਾ ਲਾਭ ਲੈ ਕੇ ਸਿਰਫ਼ ਉਨ੍ਹਾਂ ਗੱਲਾਂ ਦਾ ਜ਼ਿਕਰ ਕੀਤਾ ਜਾਵੇ, ਜਿਹੜੀਆਂ ਲੋੜੀਂਦੀਆਂ ਹਨ। ਭੂਸ਼ਨ ਨੇ ਕਿਹਾ ਕਿ ਇਕ ਰਾਫ਼ਾਲ ਦੀ ਕੀਮਤ 155 ਮਿਲੀਅਨ ਯੂਰੋ ਸੀ, ਜਿਹੜੀ ਬਾਅਦ ਵਿੱਚ 270 ਮਿਲੀਅਨ ਯੂਰੋ ਹੋ ਗਈ, ਇਸ ਤੋਂ ਲਗਦਾ ਹੈ ਕਿ ਕੀਮਤ ਦਾ 40 ਫ਼ੀਸਦੀ ਵਾਧਾ ਹੋ ਗਿਆ। ਉਨ੍ਹਾਂ ਕਿਹਾ ਕਿ ਇਸ ਕੇਸ ਵਿੱਚ ਸੀ ਬੀ ਆਈ ਵੱਲੋਂ ਕੇਸ ਦਰਜ ਕਰਨਾ ਬਣਦਾ ਹੈ। ਉਨ੍ਹਾ ਕਿਹਾ ਕਿ ਫਰਾਂਸ ਦੀ ਕੰਪਨੀ ਦਾਸੋ ਨਾਲ ਸਾਜ਼ਿਸ਼ ਹੋਈ ਤੇ ਉਸ ਨੇ ਅੱਗੇ ਰਿਲਾਇੰਸ ਡਿਫੈਂਸ ਨੂੰ ਅਧਿਕਾਰ ਦੇ ਦਿੱਤੇ ਹਨ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਰੋਕੂ ਐਕਟ ਹੇਠ ਕੇਸ ਦਰਜ ਨਾ ਕਰਨ ਉੱਤੇ ਸੀ ਬੀ ਆਈ ਨੂੰ ਅਦਾਲਤ ਆਉਣਾ ਪਿਆ ਹੈ।

ਇਸ ਦੌਰਾਨ ਕਾਂਗਰਸ ਪਾਰਟੀ ਨੇ ਦਾਅਵਾ ਕੀਤਾ ਕਿ 36 ਰਾਫ਼ਾਲ ਜੈੱਟਾਂ ਦਾ ਖ਼ਰੀਦ ਸਮਝੌਤਾ ਭਾਰਤ ਅਤੇ ਫਰਾਂਸ ਦੀਆਂ ਸਰਕਾਰਾਂ ਦਾ ਸਿੱਧਾ ਸਮਝੌਤਾ ਨਹੀਂ। ਰਾਫ਼ਾਲ ਘੁਟਾਲੇ ਉੱਤੇ ਹਮਲੇ ਜਾਰੀ ਰੱਖਦਿਆਂ ਕਾਂਗਰਸ ਨੇ ਕਿਹਾ ਕਿ ਫਰਾਂਸ ਦੀ ਕੰਪਨੀ ਨਾਲ ਮੋਦੀ ਸਰਕਾਰ ਨੂੰ ਸੌਦਾ ਨਹੀਂ ਕਰਨਾ ਚਾਹੀਦਾ ਸੀ। ਕਾਂਗਰਸ ਆਗੂ ਕਪਿਲ ਸਿੱਬਲ ਨੇ ਕਿਹਾ ਕਿ ਫਰਾਂਸ 'ਚ ਅਜਿਹੀ ਕੋਈ ਪ੍ਰਕਿਰਿਆ ਨਹੀਂ ਅਤੇ ਉਨ੍ਹਾਂ ਸਰਕਾਰ ਨਾਲ ਕੋਈ ਰੱਖਿਆ ਸਮਝੌਤਾ ਨਹੀਂ ਕੀਤਾ ਸੀ। ਉਨ੍ਹਾਂ ਕਿਹਾ ਕਿ ਇਹ ਭਾਰਤ ਸਰਕਾਰ ਤੇ ਦਾਸੋ ਏਵੀਏਸ਼ਨ ਦਾ ਸਮਝੌਤਾ ਸੀ, ਜੋ ਪ੍ਰਾਈਵੇਟ ਕੰਪਨੀ ਹੈ, ਦਾਸੋ ਨੇ ਨਾ ਜੈੱਟਾਂ ਨੂੰ ਸੌਂਪਣ ਦੀ ਕੋਈ ਖੁਦਮੁਖਤਿਆਰ ਗਾਰੰਟੀ ਦਿੱਤੀ ਅਤੇ ਨਾ ਭਾਰਤ 'ਚ ਬਣਨ ਵਾਲੇ ਜੈੱਟ ਜਹਾਜ਼ਾਂ ਦੀ ਜ਼ਿੰਮੇਵਾਰੀ ਲਈ ਹੈ। ਸਿੱਬਲ ਨੇ ਦਾਸੋ ਦੇ ਸੀ ਈ ਓ ਐਰਿਕ ਟ੍ਰੈਪੀਅਰ 'ਤੇ ਝੂਠ ਬੋਲਣ ਦਾ ਦੋਸ਼ ਵੀ ਲਾਇਆ।







ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia
- Gyan Singh
- Angrej Singh
Office Admin Assistant - Priya Sodhi
Marketing Executives - HS Nagpal
- Gurpreet Singh Pall
-
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.


## ਐਮਾਜ਼ੋਨ ਦੇ ਚਲੇ ਜਾਣ ਦੇ ਸੋਗ ਨੂੰ ਜਿੱਤ ਵਾਗੂੰ ਮਨਾ ਰਿਹਾ ਹੈ ਬਰੈਂਪਟਨ

ਬਰੈਂਪਟਨ ਪੋਸਟ ਬਿਊਰੋ: ਕਿਸੇ ਸਰਕਾਰੀ ਅਦਾਰੇ ਵੱਲੋਂ ਆਮ ਤੌਰ ਉੱਤੇ ਪਰੈੱਸ ਰੀਲੀਜ਼ ਉਸ ਵੇਲੇ ਭੇਜਿਆ ਜਾਂਦਾ ਹੈ ਜਦੋਂ ਕੋਈ ਵਿਸ਼ੇਸ਼ ਗੱਲ ਵਾਪਰੀ ਹੋਵੇ ਖਾਸਕਰਕੇ ਵਿਕਾਸ ਸਬੰਧਿਤ ਮਾਮਲਿਆਂ ਦੇ ਕੇਸ ਵਿੱਚ। ਅਜਿਹੀ ਗੱਲ ਬਰੈਂਪਟਨ ਸਿਟੀ ਉੱਤੇ ਨਹੀਂ ਢੁੱਕਦੀ ਜੇਕਰ ਉਹਨਾਂ ਦੇ ਕੱਲ ਜਾਰੀ ਕੀਤੇ ਗਏ ਪਰੈੱਸ ਰੀਲੀਜ਼ ਨੂੰ ਵੇਖਿਆ ਜਾਵੇ। ਥੋੜੇ ਦਿਨ ਪਹਿਲਾਂ ਆਨਲਾਈਨ ਵਿਉਪਾਰ ਵਿੱਚ ਵੱਡਾ ਰੁਤਬਾ ਰੱਖਣ ਵਾਲੀ ਕੰਪਨੀ ਐਮਾਜ਼ੋਨ ਨੇ ਫੈਸਲਾ ਕੀਤਾ ਕਿ ਉਹ ਗਰੇਟਰ ਟੋਰਾਂਟੋ ਏਰੀਆ ਵਿੱਚ ਆਪਣਾ ਹੈਡਕੁਆਰਟਰ 2 (HQ2) ਸਥਾਪਤ ਨਹੀਂ ਕਰੇਗੀ। ਕੰਪਨੀ ਨੇ ਇਹ ਹੈਡਕੁਆਰਟਰ ਅਮਰੀਕਾ ਵਿੱਚ ਦੋ ਲੋਕੇਸ਼ਨਾਂ ਨਿਊਯਾਰਕ ਸਿਟੀ ਅਤੇ ਵਿਰਜੀਨੀਆ ਵਿੱਚ ਅਰਲਿੰਗਟਨ ਵਿਖੇ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਬਰੈਂਪਟਨ ਸਿਟੀ ਨੇ ਆਪਣੀ ਪਿੱਠ ਥਾਪੜਦੇ ਹੋਏ ਆਸ ਕੀਤੀ ਹੈ ਕਿ ਬਰੈਂਪਟਨ ਵਾਸੀ ਖੁਸ਼ੀਆਂ ਮਨਾਉਣ ਕਿ ਉਹਨਾਂ ਦੇ ਸ਼ਹਿਰ ਨੂੰ ਮਾਰਖਮ, ਮਿਸੀਸਾਗਾ, ਡੁਰਹਮ ਅਤੇ ਯੌਰਕ ਵਿੱਚੋਂ ਉਹ ਇੱਕ ਲੋਕੇਸ਼ਨ ਵਜੋਂ ਅਰਜ਼ੀ ਕਰਨ ਦਾ ਮੌਕਾ ਮਿਲਿਆ ਜਿੱਥੇ ਐਮਾਜ਼ੋਨ ਹੈਡਕੁਆਰਟਰ ਸਥਾਪਤ ਕਰ ਸਕਦੀ ਸੀ। ਸੰਭਾਵਨਾ ਅਤੇ ਉਮੀਦ ਉੱਤੇ ਸਮੁੱਚੇ ਸ਼ਹਿਰ ਨੂੰ ਜਿਉਂਦਾ ਰੱਖਣ ਦੀ ਇਹ ਇੱਕ ਅਨੋਖੀ ਮਿਸਾਲ ਆਖੀ ਜਾ ਸਕਦੀ ਹੈ। ਮਿਲਟਨ ਬੈਰੀ ਦਾ ਕਥਨ ਹੈ ਕਿ ਜੇਕਰ ਅਵਸਰ ਤੁਹਾਡੇ ਦਰਵਾਜ਼ੇ ਆ ਕੇ ਦਸਤਕ ਨਹੀਂ ਦੇ ਰਿਹਾ ਤਾਂ ਇੱਕ ਹੋਰ ਦਰਵਾਜ਼ਾ ਬਣਾ ਲਵੋ। ਜਾਪਦਾ ਹੈ ਕਿ ਬਰੈਂਪਟਨ ਸਿਟੀ ਨੇ ਕੋਈ ਨਵਾਂ ਦਰਵਾਜ਼ਾ ਉਸਾਰ ਕੇ ਅਵਸਰਾਂ ਦੇ ਦਾਖਲ ਹੋਣ ਲਈ ਰਾਹ ਪੱਧਰਾ ਕਰਨ ਦੀ ਥਾਂ ਨਿਕਾਰੇ ਗਏ ਦਰਵਾਜ਼ੇ ਨੂੰ ਖੁਸ਼ੀਆ ਦਾ ਦੁਆਰ ਸਮਝ ਲਿਆ ਹੈ।

## ਸੁਧਾਰ ਕਾਲਜ ਵਾਲਿਆਂ ਦੀ ਸਲਾਨਾ ਨਾਈਟ 17 ਨੂੰ

ਬਰੈਂਪਟਨ, 14 ਨਵੰਬਰ- ਖਾਲਸਾ ਕਾਲਜ ਗੁਰੂਸਰ ਸੁਧਾਰ ਵਾਲਿਆਂ ਦੀ ਸਲਾਨਾ ਨਾਈਟ 17 ਨਵੰਬਰ ਨੂੰ ਬੁਖਾਰਾ ਰੈਸਟੋਰੈਂਟ, ਮਾਲਟਨ ਵਿਖੇ ਮਨਾਈ ਜਾ ਰਹੀ ਹੈ। ਇਸ ਨਾਈਟ ਬਾਰੇ ਜਾਣਕਾਰੀ ਦਿੰਦਿਆ ਕੇਵਲ ਸਿੰਘ ਹੇਅਰਾਂ ਨੇ ਦੱਸਿਆ ਕਿ ਇਸ ਨਾਈਟ ਲਈ ਜੀਟੀਏ ਵਿਚ ਰਹਿੰਦੇ ਸੁਧਾਰ ਕਾਲਜ ਦੇ ਸਮੂਹ ਪ੍ਰੋਫ਼ੈਸਰਾਂ, ਵਿਦਿਆਰਥੀਆਂ ਅਤੇ ਕਰਮਚਾਰੀਆਂ ਨੂੰ ਪਰਿਵਾਰਾਂ ਸਮੇਤ ਹਾਜ਼ਰ ਹੋਣ ਲਈ ਸੱਦਾ ਦਿਤਾ ਜਾਂਦਾ ਹੈ ਤਾਂ ਕਿ ਕਾਲਜ ਨਾਲ ਜੁੜੀਆਂ ਪਿਆਰੀਆਂ ਯਾਦਾਂ ਨੂੰ ਫਿਰ ਤੋਂ ਤਾਜਾ ਕੀਤਾ ਜਾ ਸਕੇ। ਇਸ ਮਿਲਣੀ ਬਾਰੇ ਜਿਆਦਾ ਜਾਣਕਾਰੀ ਲਈ ਸ. ਕੇਵਲ ਸਿੰਘ ਹੇਅਰਾਂ ਨੂੰ 647-464-1075 'ਤੇ ਫੋਨ ਕੀਤਾਾ ਜਾ ਸਕਦਾ ਹੈ।

# ਸਪਾਈਡਰਮੈਨ ਦੇ ਰਚਣ ਵਾਲੇ ਸਟੈਨ ਲੀ ਦਾ ਦਿਹਾਂਤ




ਲਾਸ ਏਂਜਲਸ, 14 ਨਵੰਬਰ (ਪੋਸਟ ਬਿਊਰੋ)- ਦੁਨੀਆ ਦੇ ਸਪਾਈਡਰਮੈਨ, ਆਇਰਨਮੈਨ ਅਤੇ ਐਕਸ-ਮੈਨ ਵਰਗੇ ਕਈ ਸੁਪਰ ਹੀਰੋ ਦੇਣ ਵਾਲੇ ਲੇਖਕ ਸਟੈਨ ਲੀ ਦਾ ਕੱਲ੍ਹ ਦਿਹਾਂਤ ਹੋ ਗਿਆ। ਉਹ 96 ਸਾਲਾਂ ਦੇ ਸਨ। ਬਲੈਕ ਪੈਂਥਰ, ਫੈਂਟਾਸਟਿਕ ਫੋਰ, ਹਲਕ ਅਤੇ ਕੈਪਟਨ ਅਮਰੀਕਾ ਵਰਗੇ ਸੁਪਰ ਹੀਰੋ ਵੀ ਉਨ੍ਹਾਂ ਦੀ ਦੇਣ ਹਨ।

28 ਦਸੰਬਰ 1922 ਨੂੰ ਜਨਮੇ ਸਟੈਨ ਲੀ ਮਾਰਟਿਨ ਲੀਬਰ ਨੇ 17 ਸਾਲ ਦੀ ਉਮਰ ਵਿੱਚ ਹੀ ਕਰੀਅਰ ਦੀ ਸ਼ੁਰੂਆਤ ਕਰ ਲਈ ਸੀ। ਆਪਣੇ ਚਾਚਾ ਰੋਬੀ ਸੋਲੋਮਨ ਦੀ ਮਦਦ ਨਾਲ 1939 ਵਿੱਚ ਉਨ੍ਹਾਂ ਨੂੰ ਟਾਈਮਲੀ ਕਾਮਿਕਸ 'ਚ ਅਸਿਸਟੈਂਟ ਦੇ ਅਹੁਦੇ 'ਤੇ ਕੰਮ ਕਰਨ ਦਾ ਮੌਕਾ ਮਿਲਿਆ। ਟਾਈਮਲੀ ਕਾਮਿਕਸ ਬਾਅਦ 'ਚ ਬਦਲ ਕੇ ਮਾਰਵਲ ਕਾਮਿਕਸ ਹੋ ਗਿਆ। ਇਥੇ ਕੰਮ ਕਰਦੇ ਹੋਏ ਉਨ੍ਹਾਂ ਨੇ ਆਪਣਾ ਨਾਂ ਸਟੈਨ ਲੀ ਕਰ ਲਿਆ। ਲੇਖਕ ਵਜੋਂ ਉਨ੍ਹਾਂ ਦੇ ਲਈ ਪਹਿਲੀ ਕਹਾਣੀ 'ਕੈਪਟਨ ਅਮਰੀਕਾ' ਸੀ। ਉਨ੍ਹਾਂ ਨੇ ਇਹ ਕਹਾਣੀ 1941 ਵਿੱਚ ਲਿਖੀ ਅਤੇ 1941 ਵਿੱਚ ਟਾਈਮਲੀ ਕਾਮਿਕਸ ਦੇ ਸੰਪਾਦਕ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਦੇ ਦਿੱਤੀ ਗਈ। ਉਸ ਦੌਰ 'ਚ ਡੀ ਸੀ ਕਾਮਿਕਸ ਦੇ ਉਭਾਰ ਨੂੰ ਦੇਖਦੇ ਹੋਏ ਗੁੱਡਮੈਨ ਨੇ ਸਟੈਨ ਨੂੰ ਸੁਪਰ ਹੀਰੋ ਦੀ ਨਵੀਂ ਟੀਮ 'ਤੇ ਕੰਮ ਕਰਨ ਲਈ ਕਿਹਾ। ਓਦੋਂ ਜੈਕ ਕਿਰਬੀ ਨਾਲ ਮਿਲ ਕੇ ਸਟੈਨ ਨੇ ਫੈਂਟਾਸਟਿਕ ਫੋਰ ਦਾ ਚਰਿੱਤਰ ਘੜਿਆ। ਬਾਅਦ ਵਿੱਚ ਦੋਵਾਂ ਨੇ ਮਿਲ ਕੇ ਹੋਰ ਵੀ ਕਈ ਸੁਪਰ ਹੀਰੋ ਘੜੇ। ਸਟੈਨ ਲੀ ਨੇ ਕਲਾਕਾਰ ਐਵੇਰੇਟ ਦੇ ਨਾਲ ਮਿਲ ਕੇ ਡੇਅਰਡੈਵਿਲ ਦਾ ਚਰਿੱਤਰ ਬਣਾਇਆ ਸੀ।

ਡਿਟਕੋ ਨਾਲ ਉਨ੍ਹਾਂ ਨੇ ਡਾਕਟਰ ਸਟ੍ਰੇਂਜ ਅਤੇ ਮਾਰਵਲ ਕਾਮਿਕਸ ਦੇ ਸਭ ਤੋਂ ਚਹੇਤੇ ਚਰਿੱਤਰ ਸਪਾਈਡਰਮੈਨ ਦੀ ਰਚਨਾ ਕੀਤੀ। ਇਨ੍ਹਾਂ ਸਾਰੇ ਸੁਪਰ ਹੀਰੋ 'ਤੇ ਫਿਲਮਾਂ ਬਣਾਈਆਂ ਜਾ ਚੁੱਕੀਆਂ ਹਨ ਜਿਨ੍ਹਾਂ ਤੋਂ ਮਾਰਵਲ ਨੂੰ ਅਰਬਾਂ ਦੀ ਕਮਾਈ ਹੋਈ ਹੈ। ਸਟੈਨ ਲੀ ਨੇ 1972 ਵਿੱਚ ਮਾਰਵਲ ਨੂੰ ਛੱਡ ਦਿੱਤਾ ਸੀ, ਪਰ ਤਾਉਮਰ ਇਸ ਦੇ ਚੇਅਰਮੈਨ ਐਮੇਰਿਟਸ ਬਣੇ ਰਹੇ। ਮਾਰਵਲ 'ਤੇ ਸਟੈਨ ਲੀ ਦੀ ਛਾਪ ਹਮੇਸ਼ਾ ਦਿਖਾਈ ਦਿੱਤੀ। ਮਾਰਵਲ ਦੀਆਂ ਕਈ ਫਿਲਮਾਂ 'ਚ ਉਨ੍ਹਾਂ ਨੇ ਛੋਟੀਆਂ-ਛੋਟੀਆਂ ਭੂਮਿਕਾਵਾਂ ਵੀ ਕੀਤੀਆਂ। ਕਿਸੇ ਫਿਲਮ ਵਿੱਚ ਉਨ੍ਹਾਂ ਨੂੰ ਬਗੀਚੇ ਦੀ ਸਿੰਚਾਈ ਕਰਦੇ ਅਤੇ ਕਿਤੇ ਸਕਿਓਰਿਟੀ ਗਾਰਡ ਜਾਂ ਸਕੂਲ ਬਸ ਦਾ ਡਰਾਈਵਰ ਬਣ ਕੇ ਉਨ੍ਹਾਂ ਨੇ ਮੌਜੂਦਗੀ ਦਰਜ ਕਰਾਉਂਦੇ ਦਿਖਾਇਆ ਗਿਆ ਸੀ। ਸਟੈਨ ਲੀ ਦੇ ਛੋਟੇ ਭਰਾ ਲੈਰੀ ਲੀਬਰ ਵੀ ਮਾਰਵਲ ਨਾਲ ਬਤੌਰ ਲੇਖਕ ਅਤੇ ਕਲਾਕਾਰ ਜੁੜੇ ਹਨ।

# ਹੀਰੋਇਨ ਦੀਪਿਕਾ ਤੇ ਹੀਰੋ ਰਣਵੀਰ ਕੋਂਕਣੀ ਰੀਤੀ ਰਿਵਾਜਾਂ ਨਾਲ ਵਿਆਹੇ ਗਏ



ਨਵੀਂ ਦਿੱਲੀ, 14 ਨਵੰਬਰ, (ਪੋਸਟ ਬਿਊਰੋ)- ਬਾਲੀਵੁੱਡ ਦੀਆਂ ਖ਼ੂਬਸੂਰਤ ਜੋੜੀਆਂ ਵਿਚ ਸ਼ਾਮਲ ਦੀਪਿਕਾ ਪਾਦੁਕੋਣ ਤੇ ਰਣਵੀਰ ਸਿੰਘ ਅੱਜ ਬੁੱਧਵਾਰ ਨੂੰ ਵਿਆਹ ਦੇ ਬੰਧਨ 'ਚ ਬੱਝ ਗਏ। ਲੰਬੀ ਰਿਲੇਸ਼ਨਸ਼ਿਪ ਮਗਰੋਂ ਦੋਵਾਂ ਦੇ ਪਰਿਵਾਰਾਂ ਅਤੇ ਕਰੀਬੀ ਰਿਸ਼ਤੇਦਾਰਾਂ ਦੀ ਮੌਜੂਦਗੀ ਵਿਚ ਇਟਲੀ ਦੇ ਲੇਕ ਕੋਮੋ ਵਿੱਚ ਵਿਆਹ ਦੀਆਂ ਰਸਮਾਂ ਹੋਈਆਂ। ਬਾਲੀਵੁੱਡ ਲਈ ਇਹ ਇਸ ਸਾਲ ਦਾ ਸਭ ਤੋਂ ਵੱਡਾ ਵਿਆਹ ਕਿਹਾ ਜਾ ਰਿਹਾ ਹੈ। ਪਹਿਲਾਂ ਸੋਨਮ ਕਪੂਰ-ਆਨੰਦ ਆਹੂਜਾ ਅਤੇ ਅਨੁਸ਼ਕਾ ਸ਼ਰਮਾ ਤੇ ਵਿਰਾਟ ਕੋਹਲੀ ਦਾ ਵਿਆਹ ਹੋਇਆ ਸੀ।

ਅੱਜ 14 ਨਵੰਬਰ ਬੁੱਧਵਾਰ ਨੂੰ ਦੁਪਹਿਰ ਦੋ ਵਜੇ ਤੋਂ 4.45 ਵਜੇ ਤਕ ਕੋਂਕਣੀ ਰੀਤੀ ਰਿਵਾਜ ਨਾਲ ਮੰਤਰ ਪੜ੍ਹੇ ਜਾਣ ਨਾਲ ਦੋਵਾਂ ਸਿਤਾਰਿਆਂ ਨੇ ਵਿਆਹ ਕੀਤਾ। ਰਿਵਾਜ ਮੁਤਾਬਕ ਲਾੜਾ-ਲਾੜੀ ਨੇ ਚਾਰ ਫੇਰੇ ਲੈਣੇ ਹੁੰਦੇ ਹਨ। ਦੀਪਿਕਾ ਮੂਲ ਰੂਪ ਤੋਂ ਕੋਂਕਣੀ ਹਿੰਦੂ ਭਾਈਚਾਰੇ ਵਿੱਚੋਂ ਹੈ। ਇਸ 15 ਨਵੰਬਰ ਵੀਰਵਾਰ ਨੂੰ ਇਹ ਜੋੜਾ ਸਿੰਧੀ ਰੀਤੀ ਰਿਵਾਜ ਨਾਲ ਇਕ ਵਾਰ ਫਿਰ ਵਿਆਹ ਕਰੇਗਾ। ਰਣਵੀਰ ਸਿੰਘ ਮੁੰਬਈ ਦੇ ਸਿੰਧੀ ਪਰਿਵਾਰ ਤੋਂ ਹਨ। ਜੋੜੇ ਨੇ ਵਿਆਹ ਵੇਲੇ ਸਫੈਦ ਲਿਬਾਸ ਪਾਇਆ ਹੋਇਆ ਸੀ, ਜਿਸ 'ਤੇ ਸੁਨਹਿਰੀ ਜਰੀ ਦਾ ਕੰਮ ਸੀ। ਰਣਵੀਰ ਸਿੰਘ ਸਫੈਦ ਸ਼ੇਰਵਾਨੀ 'ਚ ਸਨ।

ਵਿਆਹ ਵਾਲੀ ਥਾਂ ਤਕ ਮਹਿਮਾਨਾਂ ਨੂੰ ਕਿਸ਼ਤੀ ਨਾਲ ਪੁਚਾਇਆ ਗਿਆ। ਇਸ ਥਾਂ ਨੇੜੇ 700 ਸਾਲ ਪੁਰਾਣਾ ਇਕ ਅਜਾਇਬਘਰ ਹੈ। ਇਥੇ ਰਹਿਣ ਦੇ ਕਮਰੇ ਨਹੀਂ ਹਨ। ਵਿਲਾ ਨੂੰ ਸਫੈਦ ਗੁਲਾਬ ਤੇ ਵਾਟਰ ਲਿਲੀ ਨਾਲ ਸਜਾਇਆ ਗਿਆ। ਦੀਪਿਕਾ ਨੂੰ ਵਾਟਰ ਲਿਲੀ ਦੇ ਫੁੱਲ ਬਹੁਤ ਪਸੰਦ ਹਨ। ਵਿਆਹ ਸਮਾਰੋਹ 'ਚ ਦੋਵਾਂ ਪਾਸਿਉਂ 40 ਮਹਿਮਾਨ ਸ਼ਾਮਲ ਹੋਏ। ਇਨ੍ਹਾਂ ਵਿਚ ਦੋਵਾਂ ਪਰਿਵਾਰਾਂ ਦੇ ਮੈਂਬਰਾਂ ਦੇ ਨਾਲ ਬਾਲੀਵੁੱਡ ਤੋਂ ਕਰਨ ਜੌਹਰ ਸ਼ਾਮਿਲ ਹੋਏ। ਸ਼ਾਹਰੁਖ ਖ਼ਾਨ ਤੇ ਸੰਜੇ ਲੀਲਾ ਭੰਸਾਲੀ ਵੀ ਪੁੱਜੇ ਹਨ। ਮੀਡੀਆ ਨੂੰ ਵਿਆਹ ਵਾਲੀ ਥਾਂ ਤੋਂ ਦੂਰ ਰੱਖਿਆ ਗਿਆ ਹੈ।

ਵਿਆਹ ਸਮਾਰੋਹ ਮੰਗਲਵਾਰ ਸ਼ੁਰੂ ਹੋਏ ਸਨ, ਜਦੋਂ ਮਹਿੰਦੀ ਅਤੇ ਸੰਗੀਤ ਸਮਾਰੋਹ ਹੋਏ ਸਨ। ਦੀਪਿਕਾ ਆਪਣੀ ਮਹਿੰਦੀ ਸੈਰੇਮਨੀ 'ਚ ਕਾਫ਼ੀ ਭਾਵੁਕ ਹੋ ਗਈ ਸੀ। ਉਸ ਦੀਆਂ ਅੱਖਾਂ 'ਚ ਹੰਝੂ ਸਨ। ਸਰਕਾਰੀ ਬੀਮਾ ਕੰਪਨੀ ਓਰੀਐਂਟਲ ਇੰਸ਼ੋਰੈਂਸ (ਓ ਆਈ ਸੀ) ਨੇ ਵਿਆਹ ਸਥਾਨ ਦਾ ਬੀਮਾ ਕੀਤਾ ਹੈ। ਇਸ ਹੇਠ ਪੰਜ ਦਿਨਾਂ ਤਕ ਵਿਆਹ ਸਥਾਨ 'ਤੇ ਚੋਰੀ, ਧਮਾਕਾ, ਜਹਾਜ਼ ਦੁਰਘਟਨਾ, ਭੂਚਾਲ, ਪਾਣੀ, ਹੜ੍ਹ, ਤੂਫ਼ਾਨ ਅਤੇ ਅੱਗ ਨਾਲ ਹੋਏ ਨੁਕਸਾਨ ਨੂੰ ਕਵਰ ਕੀਤਾ ਜਾਵੇਗਾ।


ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ॥

ਸ਼ਹੀਦ ਸ੍ਰ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਸ਼ਤਾਬਦੀ ਅਤੇ ਗਦਰੀ ਲਹਿਰ ਦੇ ਸਮੂੰਹ ਯੋਧਿਆਂ ਨੂੰ ਸਮਰਪਿਤ



ਸਾਲਾਨਾ ਸਮਾਗਮ

ਗੁਰਦੁਆਰਾ ਗੁਰੂ ਨਾਨਕ ਸਿੱਖ ਸੈਂਟਰ ਗਲਿਡਨ ਰੋਡ, ਬਰੈਂਪਟਨ ਵਿਖੇ

25 ਨਵੰਬਰ ਦਿਨ ਐਤਵਾਰ

ਪਾਠ ਸ੍ਰੀ ਸੁਖਮਨੀ ਸਾਹਿਬ 10 ਵਜੇ
ਕੀਰਤਨ 11 ਤੋਂ 11.45
ਕਥਾ ਵਿਖਿਆਨ 11.45 ਤੋਂ 12.30

ਸਮਾਪਤੀ ਤੋਂ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ
ਸਿੰਘ ਨਾਮ ਸ਼ੇਰ ਦਾ, ਜੋ ਲੜੇ ਗੱਜ ਕੇ

ਦਾਸਰੇ

ਜਸਬੀਰ ਸਿੰਘ ਸਰਾਭਾ 416-843-5330
ਮਨਦੀਪ ਸਿੰਘ ਸਰਾਭਾ 647-504-4949

Komplete Print Solutions, 647-272-0450 kompleteprints@gmail.com


# ਸ਼ਾਹਕੋਟ ਦੇ ਕਾਂਗਰਸੀ ਵਿਧਾਇਕ ਲਾਡੀ ਵਿਰੁੱਧ ਦਰਜ ਕੇਸ ਰੱਦ

ਜਲੰਧਰ, 14 ਨਵੰਬਰ (ਪੋਸਟ ਬਿਊਰੋ)- ਸ਼ਾਹਕੋਟ ਦੇ ਕਾਂਗਰਸੀ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਵਿਰੁੱਧ ਦਰਜ ਐੱਫ ਆਈ ਆਰ ਨਕੋਦਰ ਦੀ ਅਦਾਲਤ ਨੇ ਰੱਦ ਕਰ ਦਿੱਤੀ ਹੈ। ਇਹ ਹੁਕਮ ਜੂਨੀਅਰ ਮੈਜਿਸਟਰੇਟ ਨਕੋਦਰ ਤਨਵੀਰ ਸਿੰਘ ਦੀ ਅਦਾਲਤ ਨੇ ਸੁਣਾਏ ਹਨ।

ਵਰਨਣ ਯੋਗ ਹੈ ਕਿ ਵਿਧਾਇਕ ਲਾਡੀ ਵਿਰੁੱਧ ਚੋਣਾਂ ਤੋਂ ਪਹਿਲਾਂ ਕੇਸ ਦਰਜ ਕਰਨ ਵਾਲੇ ਸਸਪੈਂਡ ਕੀਤੇ ਐੱਸ ਐੱਚ ਓ ਪਰਮਿੰਦਰ ਸਿੰਘ ਬਾਜਵਾ ਨੂੰ ਬਹਾਲ ਕਰ ਕੇ ਕਪੂਰਥਲਾ ਪੁਲਸ ਲਾਈਨ ਭੇਜ ਦਿੱਤਾ ਗਿਆ ਹੈ। ਪੁਲਸ ਲਾਈਨ ਭੇਜੇ ਗਏ ਪਰਮਿੰਦਰ ਸਿੰਘ ਬਾਜਵਾ ਨੂੰ ਕਿਸੇ ਪਬਲਿਕ ਡਿਊਟੀ 'ਤੇ ਲਾਉਣ ਤੋਂ ਹਾਲੇ ਗੁਰੇਜ਼ ਕੀਤਾ ਜਾ ਰਿਹਾ ਹੈ। ਮਿਲੀ ਜਾਣਕਾਰੀ ਅਨੁਸਾਰ ਮੁੱਖ ਮੰਤਰੀ ਪੰਜਾਬ ਨੇ ਵੀ ਇਸ ਬਾਰੇ ਖਾਸ ਹਦਾਇਤਾਂ ਦਿੱਤੀਆਂ ਹਨ। ਪੰਜਾਬ ਪੁਲਸ ਨੇ ਹਰਦੇਵ ਸਿੰਘ ਲਾਡੀ ਵਿਰੁੱਧ ਕੇਸ ਰੱਦ ਕਰਨ ਦੀ ਸਿਫਾਰਸ਼ ਤਿੰਨ ਮਹੀਨੇ ਪਹਿਲਾਂ ਕਰ ਦਿੱਤੀ ਸੀ, ਪਰ ਮਾਲੜੀ ਪਿੰਡ ਦੇ ਇੱਕ ਕਾਮਰੇਡ ਮੋਹਨ ਸਿੰਘ ਨੇ ਇਸ ਨੂੰ ਅਦਾਲਤ ਵਿੱਚ ਚੁਣੌਤੀ ਦੇ ਦਿੱਤੀ ਸੀ। ਅਦਾਲਤ ਨੇ ਕਿਹਾ ਕਿ ਮੋਹਨ ਸਿੰਘ ਨੇ ਆਪਣੇ ਕੇਸ ਦੇ ਪੱਖ ਵਿੱਚ ਕੋਈ ਸਬੂਤ ਪੇਸ਼ ਨਹੀਂ ਕੀਤਾ। ਸ਼ਾਹਕੋਟ ਉਪ ਚੋਣ ਸਮੇਂ ਲਾਡੀ ਨੂੰ ਕਾਂਗਰਸ ਉਮੀਦਵਾਰ ਐਲਾਨੇ ਜਾਣ ਦੇ ਕੁਝ ਘੰਟਿਆਂ ਬਾਅਦ ਉਸ ਵਿਰੁੱਧ ਰੇਤੇ ਦੀ ਗੈਰ ਕਾਨੂੰਨੀ ਮਾਈਨਿੰਗ ਦਾ ਕੇਸ ਦਰਜ ਕਰ ਦਿੱਤਾ ਗਿਆ ਸੀ। ਇਸ ਘਟਨਾ ਨੇ ਕੈਪਟਨ ਸਰਕਾਰ ਨੂੰ ਕਸੂਤੀ ਸਥਿਤੀ ਵਿੱਚ ਫਸਾ ਦਿੱਤਾ ਸੀ। ਹਫਤੇ ਬਾਅਦ ਲਾਡੀ ਵਿਰੁੱਧ ਕੇਸ ਦਰਜ ਕਰਨ ਵਾਲੇ ਥਾਣੇਦਾਰ ਪਰਮਿੰਦਰ ਸਿੰਘ ਬਾਜਵਾ ਵਿਰੁੱਧ ਵੀ ਸ਼ਿਕੰਜਾ ਕੱਸ ਦਿੱਤਾ ਗਿਆ ਸੀ। ਉਸ ਵਿਰੁੱਧ ਅਸਲਾ ਐਕਟ ਤਹਿਤ ਤੇ ਕਈ ਹੋਰ ਧਾਰਾਵਾਂ ਲਾ ਕੇ ਕੇਸ ਦਰਜ ਕਰ ਦਿੱਤਾ ਸੀ ਤੇ ਨਾਲ ਮੁਅੱਤਲ ਕਰ ਦਿੱਤਾ ਸੀ।

# ਪੰਜਾਬੀ ਵਿਦਿਆਰਥੀ ਦੀ ਅਮਰੀਕਾ ਵਿੱਚ ਸ਼ੱਕੀ ਹਾਲਾਤ 'ਚ ਮੌਤ



ਮਾਛੀਵਾੜਾ ਸਾਹਿਬ, 14 ਨਵੰਬਰ (ਪੋਸਟ ਬਿਊਰੋ)- ਇਸ ਸ਼ਹਿਰ ਦੇ ਜੰਮਪਲ ਨੌਜਵਾਨ ਅਭੀ ਬਰਾੜ (21), ਜਿਹੜਾ ਅਮਰੀਕਾ ਵਿਖੇ ਪੜ੍ਹਾਈ ਕਰਨ ਲਈ ਗਿਆ ਸੀ, ਦੀ ਭੇਤਭਰੇ ਹਾਲਾਤ ਵਿੱਚ ਮੌਤ ਹੋ ਜਾਣ ਦੀ ਖਬਰ ਪ੍ਰਾਪਤ ਹੋਈ ਹੈ ਤੇ ਉਸ ਦੀ ਲਾਸ਼ ਪੁਲਸ ਨੂੰ ਕਾਰ ਵਿੱਚੋਂ ਬਰਾਮਦ ਹੋਈ ਦੱਸੀ ਜਾ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਮਾਛੀਵਾੜਾ ਦਾ ਜਗਜੀਤ ਸਿੰਘ ਬਰਾੜ ਦਾ ਨੌਜਵਾਨ ਪੁੱਤਰ ਅਭੀ ਬਰਾੜ ਕਰੀਬ 5 ਸਾਲ ਪਹਿਲਾਂ ਅਮਰੀਕਾ ਵਿਖੇ ਪੜ੍ਹਨ ਗਿਆ ਸੀ ਤੇ ਓਥੇ ਮਿਸ਼ੀਗਨ ਯੂਨੀਵਰਸਿਟੀ ਵਿੱਚ ਕ੍ਰਿਮੀਨਲ ਜਸਟਿਸ ਦੀ ਪੜ੍ਹਾਈ ਕਰ ਕੇ ਉਸ ਦਾ ਸੁਪਨਾ ਅਮਰੀਕਾ ਦੀ ਪੁਲਸ ਵਿੱਚ ਨੌਕਰੀ ਕਰਨ ਦਾ ਸੀ। ਅਭੀ ਬਰਾੜ ਯੂਨੀਵਰਸਿਟੀ 'ਚ ਪੜ੍ਹਾਈ ਕਰ ਰਿਹਾ ਸੀ ਅਤੇ ਉਸ ਦੇ ਮਾਤਾ-ਪਿਤਾ ਨਾਲ ਲੱਗਦੇ ਸ਼ਹਿਰ ਕੈਨਟਨ 'ਚ ਰਹਿ ਰਹੇ ਸਨ। ਅਭੀ ਬਰਾੜ ਯੂਨੀਵਰਸਿਟੀ ਨੇੜੇ ਇੱਕ ਕਿਰਾਏ ਉੱਤੇ ਪੀ ਜੀ ਵਿਖੇ ਰਹਿੰਦਾ ਹੁੰਦਾ ਸੀ। ਇਸ 13 ਨਵੰਬਰ ਨੂੰ ਸਵੇਰ ਮਾਛੀਵਾੜਾ ਵਿਖੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਫੋਨ ਆਇਆ ਕਿ ਅਭੀ ਖੇੜਾ ਦੀ ਮੌਤ ਹੋ ਗਈ ਹੈ ਅਤੇ ਉਸ ਦੀ ਲਾਸ਼ ਯੂਨੀਵਰਸਿਟੀ ਨੇੜੇ ਕਾਰ 'ਚ ਭੇਤਭਰੇ ਹਾਲਾਤ ਵਿੱਚ ਮਿਲੀ ਹੈ। ਅਭੀ ਦੇ ਪਿਤਾ ਜਗਜੀਤ ਸਿੰਘ ਬਰਾੜ ਅੱਜ-ਕੱਲ੍ਹ ਪੰਜਾਬ ਆਏ ਹੋਏ ਸਨ, ਕਿਉਂਕਿ ਉਨ੍ਹਾਂ ਦੇ ਪਿਤਾ ਤਐ ਅਭੀ ਬਰਾੜ ਦੇ ਦਾਦਾ ਗੁਰਦੇਵ ਸਿੰਘ ਬਰਾੜ ਦੀ 20 ਦਿਨ ਪਹਿਲਾਂ ਮੌਤ ਹੋ ਚੁੱਕੀ ਸੀ।

# ਜੋਸ਼ੀ ਹਸਪਤਾਲ ਦਾ ਬਲੱਡ ਬੈਂਕ ਸੀਲ ਕਰ ਦਿੱਤਾ ਗਿਆ

ਜਲੰਧਰ, 14 ਨਵੰਬਰ (ਪੋਸਟ ਬਿਊਰੋ)- ਬੀਤੀ ਰਾਤ ਖ਼ੂਨਦਾਨ ਕਰਨ ਵਾਲੇ ਸਮਾਜ ਸੇਵੀ ਸੰਗਠਨਾਂ ਨੇ ਸਿਹਤ ਵਿਭਾਗ ਨਾਲ ਮਿਲ ਕੇ ਖ਼ੂਨ ਵੇਚਣ ਵਾਲੇ ਦਲਾਲ ਨੂੰ ਫੜ ਕੇ ਥਾਣਾ ਦੋ ਦੀ ਪੁਲਸ ਨੂੰ ਸੌਂਪ ਦਿੱਤਾ। ਦਲਾਲ ਨੂੰ ਖ਼ੂਨ ਜਾਰੀ ਕਰਨ ਵਾਲੇ ਜੋਸ਼ੀ ਹਸਪਤਾਲ ਅਤੇ ਟਰੋਮਾ ਸੈਂਟਰ ਦੇ ਬਲੱਡ ਬੈਂਕ ਨੂੰ ਸਿਹਤ ਵਿਭਾਗ ਨੇ ਸੀਲ ਕਰ ਦਿੱਤਾ ਹੈ। ਯੂਥ ਬਲੱਡ ਡੋਨਰ ਆਰਗੇਨਾਈਜੇਸ਼ਨ ਐਂਡ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਵਿਸ਼ਾਲ ਤੇ ਬਲੱਡ ਐਸੋਸੀਏਸ਼ਨ ਦੇ ਪ੍ਰਧਾਨ ਵਰਦਾਨ ਚੱਢਾ ਨੇ ਦੱਸਿਆ ਕਿ ਉਨ੍ਹਾਂ ਨੂੰ ਪਿਛਲੇ ਦੋ ਮਹੀਨੇ ਤੋਂ ਇੱਕ ਵਿਅਕਤੀ 'ਤੇ ਨਾਜਾਇਜ਼ ਢੰਗ ਨਾਲ ਖ਼ੂਨ ਵੇਚਣ ਦਾ ਸ਼ੱਕ ਸੀ। ਉਨ੍ਹਾਂ ਨੇ ਸਿਹਤ ਵਿਭਾਗ ਦੇ ਡਰੱਗ ਵਿੰਗ ਦੇ ਸਹਿਯੋਗ ਨਾਲ ਪਿਛਲੇ ਤਿੰਨ ਦਿਨ ਟਰੈਪ ਲਾ ਰੱਖਿਆ ਸੀ। ਕੱਲ੍ਹ ਸ਼ਾਮ ਉਨ੍ਹਾਂ ਕਰੀਬ ਸਾਢੇ ਛੇ ਵਜੇ ਗੌਰਵ ਨਾਮੀ ਵਿਅਕਤੀ ਨੂੰ ਫੋਨ ਕੀਤਾ, ਜੋ ਸੈਂਟਰਲ ਹਸਪਤਾਲ ਵਿਚ ਕੰਮ ਕਰਦਾ ਸੀ। ਗੌਰਵ ਨੇ ਉਨ੍ਹਾਂ ਨੂੰ ਰਾਹੁਲ ਵਰਮਾ ਵਾਸੀ ਕ੍ਰਿਸ਼ਨ ਨਗਰ ਦਾ ਫੋਨ ਨੰਬਰ ਦੇ ਦਿੱਤਾ। ਉਨ੍ਹਾਂ ਨੇ ਰਾਹੁਲ ਕੋਲੋਂ 3000 ਰੁਪਏ ਖ਼ੂਨ ਦਾ ਯੂਨਿਟ ਲੈਣ ਦਾ ਸੌਦਾ ਕਰ ਲਿਆ। ਉਨ੍ਹਾਂ ਨੇ ਰਾਹੁਲ ਨੂੰ ਫਰਜ਼ੀ ਮਰੀਜ਼ ਦਾ ਨਾਂਅ ਤੇ ਫਰਜ਼ੀ ਲੈਟਰ ਪੈਡ ਤੇ ਖ਼ੂਨ ਦਾ ਸੈਂਪਲ ਦੇ ਦਿੱਤਾ। ਰਾਹੁਲ ਜੋਸ਼ੀ ਹਸਪਤਾਲ ਦੇ ਬਲੱਡ ਬੈਂਕ 'ਚੋਂ ਖ਼ੂਨ ਲੈਣ ਪੁੱਜਾ ਤਾਂ ਉਥੇ ਬੈਠੀ ਸਿਹਤ ਵਿਭਾਗ ਦੀ ਟੀਮ ਨੇ ਕੈਮਰਿਆਂ ਅਤੇ ਵੀਡੀਓ ਰਾਹੀਂ ਕੈਦ ਕਰ ਲਿਆ। ਰਾਹੁਲ ਆਪਣੇ ਸਾਥੀ ਵਿੱਕੀ ਨਾਲ ਚਿਕਚਿਕ ਚੌਕ ਨੇੜੇ ਖ਼ੂਨ ਦੇਣ ਪੁੱਜਾ ਤਾਂ ਸਿਹਤ ਵਿਭਾਗ ਦੀ ਟੀਮ ਨੇ ਉਸ ਨੂੰ ਕਾਬੂ ਕਰ ਲਿਆ।


General ਵੱਰਕਰਾਂ ਦੀ ਤੁਰੰਤ ਲੋੜ ਹੈ

ਬ੍ਰੈਂਪਟਨ ਤੋਂ ਸਿਰਫ 30 ਮਿੰਟਾਂ ਦੀ ਦੂਰੀ ਤੇ

Galvanizing plant located in Acton, ON

ਸਾਰੀਆਂ Shifts available ਹਨ

ਦਿਤੀਆਂ ਜਾਣ ਵਾਲੀਆਂ ਸਹੂਲਤਾਂ:

- Starting wage $16/hr + Medical Benefits
- Company Pension Plan
- Quarterly Incentive bonus

Send Resume to: christopherbrock@azz.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਬਾਦਲਾਂ ਨੂੰ ਚੁਰਾਸੀ ਦੇ ਪੀੜਤਾਂ ਦੀ ਹੁਣ ਹੀ ਕਿਉਂ ਯਾਦ ਆਈ?

-ਸ਼ੰਗਾਰਾ ਸਿੰਘ ਭੁੱਲਰ

ਗੱਲ ਚੌਤੀ ਵਰ੍ਹੇ ਪਹਿਲਾਂ ਦੀ ਹੈ ਜਦੋਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਪਿਛੋਂ ਦਿੱਲੀ ਅਤੇ ਦੇਸ਼ ਦੇ ਖਾਸ ਕਰਕੇ ਉਨ੍ਹਾਂ ਹਿਸਿਆਂ ਵਿਚ ਸਿੱਖਾਂ ਦਾ ਕਤਲੇਆਮ ਹੋਇਆ ਜਿਥੇ ਇਨ੍ਹਾਂ ਦੀ ਕਾਫੀ ਵਸੋਂ ਸੀ। ਸੈਂਕੜੇ ਨਹੀਂ ਹਜ਼ਾਰਾਂ ਬੇਦੋਸ਼ੇ ਸਿੱਖਾਂ ਨੂੰ ਮੌਤ ਦੇ ਘਾਟ ਉਤਾਰ ਦਿਤਾ ਗਿਆ। ਕਤਲੇਆਮ ਦਾ ਜੋ ਢੰਗ ਤਰੀਕਾ ਵਰਤਿਆ ਗਿਆ ਉਸ ਨੂੰ ਯਾਦ ਕਰਕੇ ਅੱਜ ਵੀ ਕਲੇਜਾ ਮੂੰਹ ਨੂੰ ਆਉਂਦਾ ਹੈ। ਜਿਨ੍ਹਾਂ ਪ੍ਰਵਾਰਾਂ ਨਾਲ ਇਹ ਖ਼ੂਨ ਖਰਾਬਾ ਹੋਇਆ ਉਨ੍ਹਾਂ ਦੇ ਜ਼ਖ਼ਮ ਅੱਜ ਵੀ ਹਰੇ ਭਰੇ ਹਨ। ਇਸ ਕਤਲੇਆਮ ਨੂੰ ਲੈ ਕੇ ਅਨੇਕਾਂ ਕਮੇਟੀਆਂ ਅਤੇ ਕਮਿਸ਼ਨ ਬਿਠਾਏ ਗਏ ਪਰ ਕਿਸੇ ਨੇ ਵੀ ਸਿੱਖਾਂ ਦੇ ਉਨ੍ਹਾਂ ਜ਼ਖ਼ਮਾਂ ਤੇ ਠੰਢੇ ਫਹੇ ਰੱਖਣ ਦੀ ਕੋਸ਼ਿਸ਼ ਨਹੀਂ ਕੀਤੀ। ਚੌਤੀਆਂ ਵਰਿਆਂ ਵਿਚ ਕੀ ਪਾਰਲੀਮੈਂਟ ਅਤੇ ਕੀ ਇਸ ਦੇ ਬਾਹਰ ਸਮੇਂ ਦੀਆਂ ਸਰਕਾਰਾਂ ਨੇ ਨਾ ਤਾਂ ਦੋ ਬੋਲ ਹਮਦਰਦੀ ਦੇ ਆਖੇ ਅਤੇ ਨਾ ਹੀ ਮਾਫੀ ਮੰਗ ਕੇ ਹਮੇਸ਼ਾਂ ਲਈ ਵਿਛੜ ਚੁਕਿਆਂ ਲਈ ਦੋ ਮਿੰਟ ਦਾ ਮੋਨ ਧਾਰਿਆ। ਅੱਜ ਸਿੱਖ ਹਿੱਤਾਂ ਦਾ ਦਮ ਭਰਨ ਦਾ ਦਾਅਵਾ ਕਰਦਾ ਸ਼੍ਰੋਮਣੀ ਅਕਾਲੀ ਦਲ ਬਾਦਲ ਦਿੱਲੀ ਦੀਆਂ ਸੜਕਾਂ 'ਤੇ ਉਨ੍ਹਾਂ ਪੀੜਤਾਂ ਲਈ ਇਨਸਾਫ਼ ਮੰਗ ਰਿਹਾ ਹੈ ਅਤੇ ਇਨਸਾਫ ਵੀ ਉਸ ਸਰਕਾਰ ਕੋਲੋਂ ਮੰਗ ਰਿਹਾ ਹੈ ਜਿਸ ਵਿਚ ਇਸ ਦੀ ਆਪਣੀ ਭਾਈਵਾਲੀ ਹੈ। ਹੈਰਾਨੀ ਇਹ ਨਹੀਂ ਕਿ ਅਕਾਲੀ ਦਲ ਵਾਲੇ ਇਨਸਾਫ਼ ਕਿਉਂ ਮੰਗ ਰਹੇ ਹਨ? ਹੈਰਾਨੀ ਸਗੋਂ ਇਹ ਹੈ ਕਿ ਚੌਤੀ ਸਾਲ ਤਾਂ ਉਨ੍ਹਾਂ ਨੂੰ ਇਹ ਇਨਸਾਫ਼ ਮੰਗਣਾ ਚੇਤੇ ਨਹੀਂ ਰਿਹਾ, ਹੁਣ ਹੀ ਕਿਉਂ ਚੇਤੇ ਆਇਆ ਹੈ? ਕੀ ਇਸ ਲਈ ਕਿ ਹੁਣ ਅਕਾਲੀ ਦਲ ਸੱਤਾਧਾਰੀ ਨਹੀਂ ਰਿਹਾ। ਇਸ ਬਾਰੇ ਉਂਜ ਮਸ਼ਹੂਰ ਹੈ ਕਿ ਜਦੋਂ ਇਹ ਸੱਤਾਧਾਰੀ ਹੁੰਦਾ ਹੈ, ਉਦੋਂ ਸਭ ਕੁਝ ਭੁਲ ਭਲਾ ਜਾਂਦਾ ਹੈ। ਜਦੋਂ ਇਹ ਸੱਤਾ ਤੋਂ ਬਾਹਰ ਹੁੰਦਾ ਹੈ ਤਾਂ ਉਸ ਨੂੰ ਸਿੱਖ ਹਿੱਤਾਂ ਨਾਲ ਸਬੰਧਤ ਮੁਦੇ ਯਾਦ ਆ ਜਾਂਦੇ ਹਨ। ਵੱਡੀ ਹੈਰਾਨੀ ਇਹ ਵੀ ਹੈ ਕਿ ਸਿੱਖ ਪੀੜਤਾਂ ਨੂੰ ਇਨਸਾਫ਼ ਲਈ ਉਨ੍ਹਾਂ ਪਹਿਲੀ ਵਾਰ ਰੋਸ ਪ੍ਰਗਟ ਕੀਤਾ ਹੈ। ਬਲਕਿ ਚੁਰਾਸੀ ਦੇ ਇਸ ਭਿਆਨਕ ਕਤਲੇਆਮ ਤੋਂ ਪਿਛੋਂ ਪੰਜਾਬ ਵਿਚ ਪਹਿਲੀ ਸਰਕਾਰ ਹੀ ਅਕਾਲੀਆਂ ਦੀ ਬਣੀ ਸੀ - ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਹੇਠਾਂ ਅਤੇ ਉਦੋਂ ਕਿਸੇ ਨੇ ਇਸ ਸਬੰਧੀ ਹਾਅ ਦਾ ਨਾਅਰਾ ਤਕ ਨਹੀਂ ਸੀ ਮਾਰਿਆ।

ਪੰਜਾਬ ਵਿਚ ਲੰਬੇ ਅਰਸੇ ਤਕ ਦੋ ਰਵਾਇਤੀ ਪਾਰਟੀਆਂ ਵਾਰੋਵਾਰੀ ਹਕੂਮਤ ਕਰਦੀਆਂ ਰਹੀਆਂ ਹਨ। ਇਕ ਹੈ ਕੌਮੀ ਪਾਰਟੀ ਕਾਂਗਰਸ ਅਤੇ ਦੂਜੀ ਹੈ ਪੰਥਕ ਪਾਰਟੀ ਸ਼੍ਰੋਮਣੀ ਅਕਾਲੀ ਦਲ। 1992 ਤੋਂ ਪਹਿਲਾਂ ਭਾਵੇਂ ਕਾਫੀ ਸਮਾਂ ਪੰਜਾਬ ਵਿਚ ਗਵਰਨਰੀ ਰਾਜ ਰਿਹਾ ਤਾਂ ਵੀ 1997 ਤੋਂ ਪਿਛੋਂ ਇਕ ਤਾਂ ਪੰਜਾਬ ਵਿਚ ਅਕਾਲੀਆਂ ਦੀ ਪੰਜ ਸਾਲ ਤਕ ਚਲਣ ਵਾਲੀਆਂ ਸਰਕਾਰਾਂ ਬਨਣ ਲੱਗੀਆਂ, ਦੂਜਾ ਅਕਾਲੀ ਦਲ ਦਾ ਚੂੰਕਿ ਭਾਜਪਾ ਨਾਲ ਗਠਜੋੜ ਸੀ, ਇਸ ਲਈ ਕੇਂਦਰ ਵਿਚ ਐਨ.ਡੀ.ਏ. ਦੀਆਂ ਬਣਨ ਵਾਲੀਆਂ ਸਰਕਾਰਾਂ ਵਿਚ ਇਸ ਦੀ ਭਾਈਵਾਲੀ ਪੈਣ ਲੱਗੀ। ਜਿੰਨਾਂ ਸਮਾਂ ਕੇਂਦਰ ਵਿਚ ਸ਼੍ਰੀ ਅੱਟਲ ਬਿਹਾਰੀ ਵਾਜਪਾਈ ਦੀ ਸਰਕਾਰ ਰਹੀ ਉਨਾ ਸਮਾਂ ਅਕਾਲੀ ਦਲ ਦਾ ਇਕ ਮੰਤਰੀ ਬਣਦਾ ਰਿਹਾ। ਹੁਣ ਵੀ ਨਰਿੰਦਰ ਮੋਦੀ ਸਰਕਾਰ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਦੀ ਨੂੰਹ ਅਤੇ ਸੁਖਬੀਰ ਸਿੰਘ ਬਾਦਲ ਦੀ ਪਤਨੀ ਹਰਸਿਮਰਤ ਕੌਰ ਬਾਦਲ ਮੰਤਰੀ ਹੈ। ਹੁਣ ਜੇ ਅਕਾਲੀ ਦਲ ਨੇ ਚੁਰਾਸੀ ਦੇ ਕਤਲੇਆਮ ਦੇ ਪੀੜਤਾਂ ਨੂੰ ਨਿਆ ਦਿਵਾਉਣ ਲਈ ਦਿੱਲੀ ਵਿਚ ਧਰਨਾ ਮਾਰਿਆ ਤਾਂ ਇਹ ਧਰਨਾ ਕਿਸ ਦੇ ਖਿਲਾਫ ਸੀ? ਕੀ ਇਹ ਨਿਆਪਾਲਿਕਾ ਦੇ ਖਿਲਾਫ ਸੀ ਜਾਂ ਫਿਰ ਉਸ ਸਰਕਾਰ ਵਿਰੁਧ ਜਿਸ ਵਿਚ ਉਹ ਆਪ ਖੁਦ ਭਾਈਵਾਲ ਹੈ? ਇਹ ਕਿਹੋ ਜਿਹਾ ਧਰਨਾ ਹੋਇਆ ਭਲਾ? ਜੇ ਇਹ ਧਰਨਾ ਨਿਆਂਪਾਲਿਕਾ ਖਿਲਾਫ਼ ਸੀ ਤਾਂ ਸਵਾਲ ਹੈ ਕਿ ਜਿਹੜੀ ਨਿਆਂਪਾਲਿਕਾ ਪਿਛਲੇ ਚੌਂਤੀਆਂ ਸਾਲਾਂ ਵਿਚ ਪੀੜਤਾਂ ਨੂੰ ਨਿਆਂ ਨਹੀਂ ਦੇ ਸਕੀ, ਉਹ ਹੁਣ ਕੀ ਦੇਵੇਗੀ? ਫਿਰ ਕੀ ਇਹ ਧਰਨਾ ਸਿਰਫ਼ ਗੁਆਚ ਜਾਂ ਖੁਰ ਚੁਕੇ ਉਸ ਅਕਸ ਨੂੰ ਠੁਮਣਾ ਦੇਣ ਲਈ ਹੈ ਜਿਹੜਾ ਖੁਦ ਇਨ੍ਹਾਂ ਦੇ ਬੇਅਦਬੀ ਕਾਂਡ ਅਤੇ ਬਹਿਬਲ ਕਲਾਂ ਵਾਲੇ ਗੋਲੀਕਾਂਡ ਕਰਕੇ ਅਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿਚ ਬਾਦਲਾਂ ਵਿਰੁਧ ਉਂਗਲ ਸੇਧੇ ਜਾਣ ਕਾਰਨ ਧੁੰਧਲਾ ਹੋਇਆ ਹੈ। ਕੀ ਉਹ ਇਸ ਕਤਲੇਆਮ ਵਿਚ ਮਾਰੇ ਗਏ ਸਿੱਖਾਂ ਸਬੰਧੀ ਪਹਿਲਾਂ ਅਰਦਾਸ ਦਿਵਸ ਮਨਾਉਣ ਅਤੇ ਫਿਰ ਰੋਸ ਧਰਨਾ ਦੇ ਕੇ ਲੋਕਾਂ ਦਾ ਧਿਆਨ ਉਨ੍ਹਾਂ ਮਸਲਿਆਂ ਵਲੋਂ ਹਟਾਉਣਾ ਚਾਹੁਦੇ ਹਨ ਜਿਨ੍ਹਾਂ ਕਰਕੇ ਲੋਕ ਇਨ੍ਹਾਂ ਤੋਂ ਦੂਰ ਹੋਣੋਂ ਸ਼ੁਰੂ ਹੋ ਗਏ ਹਨ। ਇਹ ਵੀ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਪਿਛਲੇ ਕਈ ਸਾਲਾਂ ਤੋਂ ਇਹੋ ਬਾਦਲ ਦਲ ਕਾਬਜ਼ ਹੈ ਜਿਸ ਦੀ ਸਰਕਾਰੇ ਦਰਬਾਰੇ ਚੰਗੀ ਪੁਛ ਪ੍ਰਤੀਤ ਹੈ। ਪੀੜਤਾਂ ਨੂੰ ਇਹ ਇਨਸਾਫ਼ ਉਦੋਂ ਕਿਉਂ ਨਾ ਦਿਵਾਇਆ ਜਾ ਸਕਿਆ? ਇਸ ਤੋਂ ਬਿਨਾਂ ਦਿੱਲੀ ਵਿਚ 2016 ਤੋਂ ਲੈ ਕੇ ਹੁਣ ਤਕ ਬਾਦਲਾਂ ਦੇ ਮਿਤਰਾਂ ਦੀ ਮੋਦੀ ਸਰਕਾਰ ਹੈ ਅਤੇ ਬਾਦਲ ਖੁੱਦ 2007 ਤੋਂ ਲੈ ਕੇ 2017 ਤਕ ਸੱਤਾਧਾਰੀ ਰਹੇ ਹਨ, ਇਸ ਸਾਰੇ ਸਮੇਂ ਵਿਚ ਇਹ ਪੀੜਤਾਂ ਨੂੰ ਉਦੋਂ ਇਨਸਾਫ਼ ਕਿਉਂ ਨਹੀਂ ਦਿਵਾ ਸਕੇ? ਦਿਵਾ ਨਹੀਂ ਸਕੇ ਜਾਂ ਫਿਰ ਦਿਵਾਉਣਾ ਹੀ ਨਹੀਂ ਚਾਹੁੰਦੇ? ਦੂਜੀ ਗੱਲ ਵਧੇਰੇ ਢੁਕਵੀਂ ਲਗਦੀ ਹੈ। ਰਾਜ ਸੱਤਾ ਭੋਗਦਿਆਂ ਉਹ ਕੋਈ ਵੀ ਐਸਾ ਮੁੱਦਾ ਨਹੀਂ ਛੇੜਨਾ ਚਾਹੁੰਦੇ ਜਿਸ ਨਾਲ ਸੱਤਾ ਮਾਣਨ ਵਿਚ ਵਿਘਨ ਪਵੇ। ਅਕਾਲੀਆਂ ਦਾ ਇਤਿਹਾਸ ਇਹੀਉ ਰਿਹਾ ਹੈ ਕਿ ਕੁਰਸੀ ਤੇ ਬੈਠ ਕੇ ਇਹ ਸਭ ਮੰਗਾਂ ਭੁੱਲ ਜਾਂਦੇ ਹਨ। ਜਦੋਂ ਥੱਲੇ ਕੁਰਸੀ ਨਹੀਂ ਹੁੰਦੀ ਤਾਂ ਉਨ੍ਹਾਂ ਨੂੰ ਇਹ ਫਿਰ ਯਾਦ ਆ ਜਾਂਦੇ ਹਨ। ਇਹ ਜ਼ਿਕਰ ਉਚਿਤ ਹੋਵੇਗਾ ਕਿ ਪਹਿਲਾਂ ਲੋਕ ਅਕਾਲੀ ਲੀਡਰਾਂ ਦੇ ਇਕ ਸੱਦੇ ਤੇ ਜੇਲ੍ਹਾਂ ਭਰਨ ਨੂੰ ਤਿਆਰ ਹੋ ਜਾਂਦੇ ਸਨ ਪਰ ਹੁਣ ਸਮਾਂ ਬਦਲ ਗਿਆ ਹੈ। ਹੁਣ ਤਾਂ ਇਸ ਦੀਆਂ ਰੈਲੀਆਂ ਲਈ ਲੋਕ ਕਿਰਾਏ ਭਾੜੇ 'ਤੇ ਲੈਣੇ ਪੈਂਦੇ ਹਨ।

ਅਸਲ ਵਿਚ ਦਸ ਵਰ੍ਹੇ ਸੱਤਾ ਹੰਡਾਉਂਦਿਆਂ ਅਕਾਲੀ ਹਵਾ ਦੇ ਘੋੜੇ 'ਤੇ ਅਸਵਾਰ ਰਹੇ। ਦੂਜੇ ਪਾਸੇ ਜਿਨ੍ਹਾਂ ਸਿਧਾਂਤਾਂ ਅਤੇ ਅਕੀਦਿਆਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਇਆ ਸੀ ਉਹ ਹੌਲੀ ਹੌਲੀ ਖਤਮ ਹੋਣ ਲਗੇ ਸਨ। ਸਿੱਖ ਧਰਮ ਦੇ ਪਰਚਾਰ ਪ੍ਰਸਾਰ ਲਈ ਜਾਣੀ ਜਾਂਦੀ ਮਿੰਨੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖਾਂ ਦੇ ਸਭ ਤੋਂ ਸਰਵ ਉਚ ਸਥਾਨ ਅਕਾਲ ਤਖਤ ਵਰਗੀਆਂ ਮਾਣਮੱਤੀਆਂ ਸੰਸਥਾਵਾਂ ਦੀਆਂ ਕਦਰਾਂ ਕੀਮਤਾਂ ਘੱਟੇ ਮਿੱਟੀ ਰੁਲਣ ਲਗੀਆਂ। ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਅਤੇ ਅਕਾਲ ਤਖਤ ਦਾ ਜਥੇਦਾਰ ਵਰਗੇ ਬਾਵਕਾਰ ਅਹੁਦ ਬੌਣੇ ਬਣਾ ਦਿਤੇ ਗਏ। ਇਹ ਇਸ ਲਈ ਕਿ ਸਰਕਾਰ ਵੀ ਅਕਾਲੀ ਦਲ ਦੀ ਅਤੇ ਫਿਰ ਕਿਹੜਾ ਪ੍ਰਧਾਨ ਹੈ ਜਾਂ ਫਿਰ ਜਥੇਦਾਰ ਜੋ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅੱਗੇ ਉਭਾਸਰ ਵੀ ਜਾਵੇ? ਇਹ ਕਹਿਣਾ ਕੁਥਾ ਨਹੀਂ ਹੋਵੇਗਾ ਕਿ ਇਨ੍ਹਾਂ ਸੰਸਥਾਵਾਂ ਦੀ ਦੁਰਵਰਤੋਂ ਭਾਵੇਂ ਪ੍ਰਕਾਸ਼ ਸਿੰਘ ਬਾਦਲ ਨੇ ਮੁੱਖ ਮੰਤਰੀ ਅਤੇ ਅਕਾਲੀ ਦਲ ਦਾ ਪ੍ਰਧਾਨ ਹੁੰਦਿਆਂ ਕੀਤੀ ਪਰ ਜਦੋਂ ਦਾ ਇਹ ਅਹੁਦਾ ਸੁਖਬੀਰ ਬਾਦਲ ਦੇ ਹੱਥ ਆ ਗਿਆ ਹੈ ਤਾਂ ਉਸ ਨੇ ਇਨ੍ਹਾਂ ਸੰਸਥਾਵਾਂ ਨੂੰ ਮਿੱਟੀ ਵਿਚ ਮਿਲਾਉਣ ਵਿਚ ਭੋਰਾ ਵੀ ਕਸਰ ਨਹੀਂ ਛੱਡੀ। ਜਿਸ ਅਕਾਲ ਤਖਤ ਤੋਂ ਕਿਸੇ ਅਵੱਗਿਆ ਵਾਲੇ ਨੂੰ ਮਾਫ਼ੀ ਸਿਰਫ਼ ਤੇ ਸਿਰਫ਼ ਉਥੇ ਖੁਦ ਪੇਸ਼ ਹੋਣ 'ਤੇ ਹੀ ਮਿਲ ਸਕਦੀ ਹੈ, ਉਹ ਮਾਫੀ ਸੁਖਬੀਰ ਬਾਦਲ ਨੇ ਡੇਰਾ ਮੁੱਖੀ ਸਿਰਸਾ ਨੂੰ ਘਰੇ ਬੈਠਿਆਂ ਹੀ ਦਿਵਾ ਦਿਤੀ, ਉਹ ਵੀ ਅਕਾਲ ਤਖਤ ਦੇ ਜਥੇਦਾਰ ਨੂੰ ਚੰਡੀਗੜ੍ਹ ਵਾਲੀ ਆਪਣੀ ਸਰਕਾਰੀ ਰਿਹਾਇਸ਼ 'ਤੇ ਬੁਲਾ ਕੇ ਅਤੇ ਇਹ ਕਰਨ ਲਈ ਕਹਿ ਕੇ। ਇਸ ਤੋਂ ਵੀ ਵੱਧ ਦੁਰਗਤ ਅਕਾਲ ਤਖਤ ਦੀ ਇਹ ਕਰਵਾਈ ਗਈ ਕਿ ਜਦੋਂ ਡੇਰਾ ਮੁੱਖੀ ਦੀ ਇਸ ਮਾਫੀ ਦਾ ਸਿੱਖ ਸੰਗਤ ਵਲੋਂ ਵਿਰੋਧ ਹੋਣ ਲੱਗਾ ਤਾਂ ਫਿਰ ਉਹੀਉ ਮਾਫੀ ਰੱਦ ਵੀ ਕਰਵਾ ਦਿਤੀ ਗਈ। ਅਕਾਲ ਤਖਤ ਦੀ ਪੁਜ਼ੀਸ਼ਨ ਤਾਂ ਇਹ ਬਣਾ ਦਿਤੀ ਗਈ ਕਿ ਲੋੜ ਪੈਣ ਤੇ ''ਚਿੜੀਓ ਮਰ ਜਾਓ ਅਤੇ ਫਿਰ ਲੋੜ ਪੈਣ 'ਤੇ ਜੀਅ ਪਓ'' ਵਾਲੀ ਗੱਲ ਹੋ ਗਈ। ਅਕਾਲ ਤਖਤ ਸਿੱਖਾਂ ਦੇ ਛੇਵੇਂ ਗੁਰੂ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਵਲੋਂ ਥਾਪਿਆ ਗਿਆ ਨਿਆਂਪਾਲਿਕਾ ਦਾ ਥੰਮ ਹੈ। ਬਾਦਲ ਨੇ ਇਸ ਥੰਮ ਦੀਆਂ ਨੀਹਾਂ ਹੀ ਹਿਲਾ ਦਿਤੀਆਂ ਹਨ।

ਸਿੱਖ ਹੋਰ ਸਭ ਕੁਝ ਬਰਦਾਸ਼ਤ ਕਰ ਸਕਦੇ ਹਨ ਪਰ ਉਹ ਸਿੱਖ ਸਿਧਾਂਤਾਂ ਦੀ ਮਿੱਟੀ ਪਲੀਤ ਬਰਦਾਸ਼ਤ ਨਹੀਂ ਕਰ ਸਕਦੇ। ਪੰਜਾਬ ਵਿਚ ਬਾਦਲਾਂ ਵੇਲੇ ਬੇਅਦਬੀਆਂ ਦੀਆਂ ਘਟਨਾਵਾਂ ਪਿਛੋਂ ਲੋਕਾਂ ਵਿਚ ਜਿਹੜਾ ਰੋਹ ਭਰ ਗਿਆ ਸੀ ਉਹ ਪਹਿਲਾਂ ਤਾਂ ਬਾਦਲਾਂ ਨੂੰ ਚੋਣਾਂ ਵਿਚ ਹਰਾ ਕੇ ਨਿਕਲਿਆ ਅਤੇ ਰਹਿੰਦਾ ਖੂੰਹਦਾ ਇਸ ਦੇ ਸੀਨੀਅਰ ਨੇਤਾਵਾਂ ਵਲੋਂ ਖੁੱਲੇਆਮ ਬਗਾਵਤ ਨੇ ਪੂਰਾ ਕਰ ਦਿਤਾ ਹੈ। ਅਕਾਲੀ ਦਲ ਦੀ ਕੜ੍ਹੀ ਅਜੇ ਵੀ ਪੂਰੀ ਤਰ੍ਹਾਂ ਉਬੱਲ ਰਹੀ ਹੈ ਅਤੇ ਉਹ ਸੁਖਬੀਰ ਬਾਦਲ ਨੂੰ ਅਕਾਲੀ ਦਲ ਚਲਾ ਸਕਣ ਦੇ ਯੋਗ ਨਹੀਂ ਸਮਝਦੇ ਪਰ ਸੁਖਬੀਰ ਬਾਦਲ ਨੇ ਲੋਕ ਹਮਦਰਦੀ ਲਈ ਅਰਦਾਸ ਦਿਵਸ, ਪੀੜਤਾਂ ਲਈ ਨਿਆਂ ਲਈ ਰੋਸ ਧਰਨੇ ਅਤੇ ਰੈਲੀਆਂ ਦਾ ਰਾਹ ਲੱਭਿਆ ਹੈ। ਤਾਂ ਵੀ ਹਾਲ ਦੀ ਘੜੀ ਬਹੁਤੀ ਗੱਲ ਨਹੀਂ ਬਣ ਰਹੀ।

ਮੋਬਾਈਲ 98141 22870

# ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਭਾਜਪਾ ਅਤੇ ਕਾਂਗਰਸ ਲਈ ਬਹੁਤ ਅਹਿਮ

-ਕਲਿਆਣੀ ਸ਼ੰਕਰ

ਇਸ ਹਫਤੇ ਪੰਜ ਰਾਜਾਂ ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ, ਮਿਜ਼ੋਰਮ ਤੇ ਤੇਲੰਗਾਨਾ 'ਚ ਉੱਚੇ ਦਾਅ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਮੰਚ ਤਿਆਰ ਹੈ। ਛੱਤੀਸਗੜ੍ਹ 'ਚ ਪਹਿਲੇ ਗੇੜੇ ਦੀ ਪੋਲਿੰਗ ਹੋ ਚੁੱਕੀ ਹੈ। ਇਨ੍ਹਾਂ ਪੰਜਾਂ 'ਚੋਂ ਬਹੁਤੇ ਰਾਜਾਂ 'ਚ ਭਾਜਪਾ ਅਤੇ ਕਾਂਗਰਸ ਵਿਚਾਲੇ ਸਿੱਧੀ ਟੱਕਰ ਹੈ। ਨਤੀਜਿਆਂ ਬਾਰੇ ਤਾਂ 11 ਦਸੰਬਰ ਨੂੰ ਪਤਾ ਲੱਗ ਸਕੇਗਾ, ਪਰ ਇਨ੍ਹਾਂ ਚੋਣਾਂ ਬਾਰੇ ਬਾਕੀ ਦੇਸ਼ 'ਚ ਕਾਫੀ ਉਤਸ਼ਾਹ ਹੈ ਕਿਉਂਕਿ ਇਨ੍ਹਾਂ ਨੂੰ 'ਮਿੰਨੀ ਆਮ ਚੋਣਾਂ' ਵਜੋਂ ਵੇਖਿਆ ਜਾ ਰਿਹਾ ਹੈ, 2019 ਦੀਆਂ ਲੋਕ ਸਭਾ ਚੋਣਾਂ ਦੀ ਇੱਕ ਡਰੈੱਸ ਰਿਹਰਸਲ, ਜੋ ਦੇਸ਼ ਦੇ ਮੂਡ ਨੂੰ ਆਕਾਰ ਦੇਣਗੀਆਂ। ਭਾਜਪਾ ਨੇ 2013 'ਚ ਤਿੰਨ ਰਾਜਾਂ ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ 'ਚ ਜਿੱਤ ਪ੍ਰਾਪਤ ਕੀਤੀ ਸੀ, ਜਿਸ ਨੇ ਉਸ ਦੇ ਲਈ 2014 'ਚ ਬਹੁਮਤ ਹਾਸਲ ਕਰਨਾ ਆਸਾਨ ਬਣਾ ਦਿੱਤਾ ਸੀ, ਉਂਜ ਕੌਮੀ ਅਤੇ ਸੂਬਾਈ ਚੋਣਾਂ 'ਚ ਕੋਈ ਸਿੱਧਾ ਸੰਬੰਧ ਨਹੀਂ ਹੁੰਦਾ। ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿੱਚ ਭਾਜਪਾ ਪਿਛਲੇ 15 ਸਾਲਾਂ ਤੋਂ ਸੱਤਾ ਵਿੱਚ ਹੈ। 2013 ਵਿੱਚ ਭਾਜਪਾ ਨੇ ਮੱਧ ਪ੍ਰਦੇਸ਼, ਰਾਜਸਥਾਨ ਤੇ ਛੱਤੀਸਗੜ੍ਹ ਵਿਧਾਨ ਸਭਾ ਚੋਣਾਂ ਵਿੱਚ ਕ੍ਰਮਵਾਰ 165, 163 ਅਤੇ 49 ਸੀਟਾਂ ਜਿੱਤੀਆਂ ਸਨ, ਜਦ ਕਿ ਕਾਂਗਰਸ ਦੇ ਹਿੱਸੇ 58, 21 ਤੇ 39 ਸੀਟਾਂ ਆਈਆਂ ਸਨ। ਇਨ੍ਹਾਂ ਵਿਧਾਨ ਸਭਾਵਾਂ 'ਚ ਕ੍ਰਮਵਾਰ 230, 200 ਤੇ 90 ਸੀਟਾਂ ਹਨ। ਭਾਜਪਾ ਸਰਕਾਰ ਦੇ ਜਾਰੀ ਰਹਿਣ ਦਾ ਮਤਲਬ ਭਾਜਪਾ ਦੀਆਂ ਨੀਤੀਆਂ ਨੂੰ ਕੁਝ ਸਮਰਥਨ ਹੋਵੇਗਾ।

ਮਿਜ਼ੋਰਮ ਇੱਕੋ-ਇੱਕ ਉੱਤਰ-ਪੂਰਬੀ ਰਾਜ ਹੈ, ਜਿੱਥੇ ਭਾਜਪਾ ਆਪਣੇ ਦਮ ਉੱਤੇ ਜਾਂ ਕਿਸੇ ਗਠਜੋੜ ਨਾਲ ਸੱਤਾ ਵਿੱਚ ਨਹੀਂ ਹੈ। ਖੇਤਰੀ ਸਹਿਯੋਗੀ ਪਾਰਟੀ ਨਾਲ ਮਿਲ ਕੇ ਇਸ ਛੋਟੇ ਜਿਹੇ ਸੂਬੇ ਉੱਤੇ ਜਿੱਤ ਹਾਸਲ ਕਰਨ ਦਾ ਮਤਲਬ ਭਾਜਪਾ ਵੱਲੋਂ ਪੂਰੇ ਖੇਤਰ 'ਤੇ ਜਿੱਤ ਪ੍ਰਾਪਤ ਕਰਨਾ ਹੋਵੇਗਾ। ਮਿਜ਼ੋਰਮ 'ਚ ਕਾਂਗਰਸ 2008 ਤੋਂ ਸੱਤਾ ਵਿੱਚ ਹੈ। ਚਾਲੀ ਵਿਧਾਨ ਸਭਾ ਸੀਟਾਂ ਨਾਲ ਕਾਂਗਰਸ ਮਿਜ਼ੋ ਨੈਸ਼ਨਲ ਫਰੰਟ ਅਤੇ ਮਿਜ਼ੋ ਪੀਪਲਜ਼ ਕਾਨਫਰੰਸ ਵਰਗੀਆਂ ਸਿਆਸੀ ਪਾਰਟੀਆਂ ਵਿਰੁੱਧ ਲੜਾਈ ਲੜ ਰਹੀ ਹੈ, ਜਦ ਕਿ ਭਾਜਪਾ ਇਥੇ ਦੂਸਰੇ ਨੰਬਰ ਦੀ ਹੈ।

ਸਿਆਸੀ ਪੰਡਿਤ ਵੱਖ-ਵੱਖ ਦ੍ਰਿਸ਼ਾਂ ਦੀ ਭਵਿੱਖਬਾਣੀ ਕਰ ਰਹੇ ਹਨ। ਇਨ੍ਹਾਂ 'ਚੋਂ ਕਿਸੇ ਵੀ ਸੂਬੇ ਵਿੱਚ ਕੋਈ ਲਹਿਰ ਨਹੀਂ ਹੈ। ਮੁੱਦੇ ਘੱਟ ਜਾਂ ਵੱਧ ਉਨ੍ਹਾਂ ਰਾਜਾਂ ਨਾਲ ਸੰਬੰਧਤ ਹਨ। ਮੁੱਖ ਤੌਰ 'ਤੇ ਉਹ ਬਿਜਲੀ ਦੀ ਘਾਟ, ਪਾਣੀ, ਜਨਜਾਤੀ ਭਲਾਈ, ਨਕਸਲਵਾਦ, ਸੱਤਾ ਵਿਰੋਧੀ ਲਹਿਰ, ਖੇਤੀ ਸੰਕਟ, ਪੈਟਰੋਲ ਦੀਆਂ ਕੀਮਤਾਂ 'ਚ ਵਾਧਾ, ਰਾਫੇਲ ਸੌਦਾ, ਨੋਟਬੰਦੀ ਤੇ ਜੀ ਐਸ ਟੀ ਬਾਰੇ ਹਨ।

ਰਾਜਸਥਾਨ ਵਿੱਚ ਮੁੱਖ ਮੰਤਰੀ ਵਸੁੰਧਰਾ ਰਾਜੇ ਨੂੰ ਵਿਰੋਧੀ ਲਹਿਰ ਦੇ ਨਾਲ ਹੀ ਸੱਤਾ ਵਿਰੋਧੀ ਲਹਿਰ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ, ਸੂਬਾ ਕਾਂਗਰਸ ਦੇ ਮੁਖੀ ਸਚਿਨ ਪਾਇਲਟ ਅਤੇ ਸਾਬਕਾ ਮੰਤਰੀ ਸੀ ਪੀ ਜੋਸ਼ੀ ਇਕਜੁੱਟ ਹਨ। ਜੇ ਕੋਈ ਗੜਬੜ ਨਹੀਂ ਹੁੰਦੀ ਤਾਂ ਕਾਂਗਰਸ ਇਥੇ ਜਿੱਤ ਸਕਦੀ ਹੈ।

ਮੱਧ ਪ੍ਰਦੇਸ਼ 'ਚ ਤਿੱਖੀ ਸੱਤਾ ਵਿਰੋਧੀ ਲਹਿਰ ਦੇ ਬਾਵਜੂਦ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਚੌਥੀ ਵਾਰ ਸੱਤਾ 'ਚ ਆਉਣ ਦਾ ਰਾਹ ਦੇਖ ਰਹੇ ਹਨ।



ਉਨ੍ਹਾਂ ਦੀ ਨਿੰਜੀ ਹਰਮਨ ਪਿਆਰਤਾ ਕਾਇਮ ਹੈ, ਪਰ ਇਥੇ ਕਾਂਗਰਸ ਜਿੱਤ ਸਕਦੀ ਹੈ, ਜੇ ਕੋਈ ਅੰਦਰੂਨੀ ਗੜਬੜ ਨਾ ਹੋਵੇ, ਕਿਉਂਕਿ ਦਿਗਵਿਜੇ ਸਿੰਘ, ਜਯੋਤਿਰਾਦਿਤਿਆ ਸਿੰਧੀਆ ਤੇ ਕਮਲਨਾਥ ਵਰਗੇ ਸੀਨੀਅਰ ਆਗੂ ਵੱਖ-ਵੱਖ ਧੜਿਆਂ ਦੀ ਅਗਵਾਈ ਕਰਦੇ ਹਨ। ਬਹੁਜਨ ਸਮਾਜ ਪਾਰਟੀ ਦੇ ਮੱਧ ਪ੍ਰਦੇਸ਼ 'ਚ ਇਕੱਲਿਆਂ ਚੋਣ ਲੜਨ ਨਾਲ ਕਾਂਗਰਸ ਦੇ ਮੌਕਿਆਂ 'ਤੇ ਅਸਰ ਪੈ ਸਕਦਾ ਹੈ।

ਛੱਤੀਸਗੜ੍ਹ ਵਿੱਚ ਵੀ ਭ੍ਰਿਸ਼ਟਾਚਾਰ ਦੇ ਕਈ ਦੋਸ਼ਾਂ ਅਤੇ ਮਾਓਵਾਦੀ ਖਤਰੇ ਦੇ ਬਾਵਜੂਦ ਮੁੱਖ ਮੰਤਰੀ ਰਮਨ ਸਿੰਘ ਹਰਮਨ ਪਿਆਰੇ ਹਨ। ਸਾਬਕਾ ਮੁੱਖ ਮੰਤਰੀ ਅਜੀਤ ਜੋਗੀ ਅਤੇ ਬਸਪਾ ਸੁਪਰੀਮੋ ਮਾਇਆਵਤੀ ਵਿਚਾਲੇ ਗਠਜੋੜ ਨੂੰ ਦੇਖ ਕੇ ਲੱਗਦਾ ਹੈ ਕਿ ਕਾਂਗਰਸ ਦੀਆਂ ਵੋਟਾਂ ਵੰਡੀਆਂ ਜਾਣਗੀਆਂ।

ਇਨ੍ਹਾਂ ਰਾਜਾਂ 'ਚੋਂ ਚਾਰ ਤਰ੍ਹਾਂ ਦੇ ਦ੍ਰਿਸ਼ ਉਭਰ ਰਹੇ ਹਨ। ਭਾਜਪਾ ਲਈ ਸਭ ਤੋਂ ਵਧੀਆ ਇਹ ਹੈ ਕਿ ਪੰਜ 'ਚੋਂ ਤਿੰਨ ਰਾਜਾਂ ਤੋਂ ਇਲਾਵਾ ਮਿਜ਼ੋਰਮ ਵਿੱਚ ਉੱਤਰ-ਪੂਰਬੀ ਸਹਿਯੋਗੀ ਨਾਲ ਇਹ ਚੌਥਾ ਸੂਬਾ ਵੀ ਜਿੱਤ ਸਕਦੀ ਹੈ। ਭਾਜਪਾ ਲਈ ਹਿੰਦੀ-ਭਾਸ਼ੀ ਖੇਤਰਾਂ ਵਿੱਚ ਸੱਤਾ ਕਾਇਮ ਰੱਖਣਾ ਇਹ ਸੰਦੇਸ਼ ਦੇਣ ਲਈ ਅਹਿਮ ਹੈ ਕਿ 2019 ਤੋਂ ਪਹਿਲਾਂ ਇਸ ਦਾ ਆਧਾਰ ਕਾਇਮ ਹੈ ਅਤੇ ਇਹ ਬਹੁਤ ਭਰੋਸੇ ਨਾਲ 2019 ਦੀਆਂ ਚੋਣਾਂ ਵਿੱਚ ਉਤਰ ਸਕਦੀ ਹੈ।

ਦੂਜਾ ਦ੍ਰਿਸ਼ ਇਹ ਹੈ ਕਿ ਭਾਜਪਾ ਦਾ ਇਨ੍ਹਾਂ ਰਾਜਾਂ ਵਿੱਚੋਂ ਇੱਕ ਨੂੰ ਗੁਆਉਣਾ, ਪਰ ਦੋ ਰਾਜਾਂ ਨੂੰ ਬਰਕਰਾਰ ਰੱਖਣਾ ਬੁਰਾ ਨਹੀਂ। ਤੀਜਾ ਇਹ ਹੈ ਕਿ ਭਾਜਪਾ ਜੇ ਤਿੰਨ ਵੱਡੇ ਰਾਜਾਂ ਵਿੱਚੋਂ ਦੋ ਗੁਆ ਲੈਂਦੀ ਤੇ ਸਿਰਫ ਇੱਕ ਆਪਣੇ ਕੋਲ ਰੱਖਣ ਵਿੱਚ ਸਫਲ ਰਹਿੰਦੀ ਹੈ (ਸਭ ਤੋਂ ਵੱਧ ਸੰਭਾਵਨਾ ਛੱਤੀਸਗੜ੍ਹ ਦੀ ਹੈ) ਤਾਂ ਇਹ ਪਾਰਟੀ ਲਈ ਇੱਕ ਝਟਕਾ ਹੋਵੇਗਾ। ਚੌਥਾ ਦ੍ਰਿਸ਼ ਸਭ ਤੋਂ ਖਰਾਬ ਹੈ ਕਿ ਜੇ ਭਾਜਪਾ ਸਾਰੇ ਤਿੰਨਾਂ ਰਾਜਾਂ ਨੂੰ ਗੁਆ ਲੈਂਦੀ ਹੈ ਤਾਂ ਇਹ ਉਸ ਦੇ ਲਈ ਬਹੁਤ ਵੱਡੀ ਸੱਟ ਹੋਵੇਗੀ, ਕਿਉਂਕਿ ਇਸ ਦਾ 2019 ਦੀਆਂ ਚੋਣਾਂ 'ਤੇ ਬਹੁਤ ਅਸਰ ਪਵੇਗਾ।

ਕਾਂਗਰਸ ਦੇ ਨਾਲ-ਨਾਲ ਇਸ ਦੇ ਪ੍ਰਧਾਨ ਰਾਹੁਲ ਗਾਂਧੀ ਲਈ ਵੀ ਇਹ ਬਹੁਤ ਵੱਡਾ ਦਾਅ ਹੋਵੇਗਾ, ਜੋ ਪਿਛਲੇ ਕੁਝ ਮਹੀਨਿਆਂ ਤੋਂ ਜ਼ੋਰਦਾਰ ਪ੍ਰਚਾਰ ਕਰ ਰਹੇ ਹਨ। ਮਾਰਚ ਵਿੱਚ ਪਾਰਟੀ ਦੀ ਕਮਾਨ ਸੰਭਾਲਣ ਤੋਂ ਬਾਅਦ ਰਾਹੁਲ ਦੀ ਅਗਵਾਈ ਹੇਠ ਇਹ ਪਹਿਲੀਆਂ ਮਿੰਨੀ ਆਮ ਚੋਣਾਂ ਹੋਣਗੀਆਂ। ਕਾਂਗਰਸ ਵੱਲੋਂ ਦੋ ਜਾਂ ਤਿੰਨ ਰਾਜਾਂ ਵਿੱਚ ਜਿਤਣ ਨੂੰ ਉਸ ਦੇ ਮੁੜ ਸੁਰਜੀਤ ਹੋਣ ਤੇ ਰਾਹੁਲ ਗਾਂਧੀ ਨੂੰ ਮੋਦੀ ਨੂੰ ਚੁਣੌਤੀ ਦੇ ਵਾਲੇ ਵਜੋਂ ਦੇਖਿਆ ਜਾਵੇਗਾ। ਇਸ ਨਾਲ ਵਿਰੋਧੀ ਧਿਰ ਵੀ ਇਕਜੁੱਟ ਹੋਵੇਗੀ। ਜੇ ਕਾਂਗਰਸ ਰਾਜਸਥਾਨ ਤੇ ਮੱਧ ਪ੍ਰਦੇਸ਼ੇ ਵਰਗੇ ਦੋ ਵੱਡੇ ਰਾਜਾਂ ਵਿੱਚ ਜਿੱਤ ਜਾਂਦੀ ਹੈ ਤਾਂ ਇਹ ਉਸ ਲਈ ਇੱਕ ਅਣਕਿਆਸਾ ਤੋਹਫਾ ਹੋਵੇਗਾ। ਪਾਰਟੀ ਦਾ ਮਨੋਬਲ ਵਧਾਉਣ ਲਈ ਤਿੰਨ 'ਚੋਂ ਇੱਕ ਸੂਬੇ 'ਚ ਜਿੱਤਣਾ ਬੁਰਾ ਨਹੀਂ ਹੋਵੇਗਾ। ਇਸ ਤੋਂ ਇਲਾਵਾ ਪਾਰਟੀ ਮਿਜ਼ੋਰਮ ਨੂੰ ਵੀ ਆਪਣੇ ਕਬਜ਼ੇ ਵਿੱਚ ਰੱਖਣ ਦੀ ਕੋਸ਼ਿਸ਼ ਕਰ ਰਹੀ ਹੈ।

ਤੇਲੰਗਾਨਾ ਰਾਸ਼ਟਰੀ ਸੰਮਤੀ (ਟੀ ਆਰ ਐਸ) ਕਾਂਗਰਸ ਅਤੇ ਸੀ ਪੀ ਆਈ ਦੇ ਮਹਾਗਠਜੋੜ ਨਾਲ ਲੜ ਰਹੀ ਹੈ। ਮੁੱਖ ਮੰਤਰੀ ਕੇ ਚੰਦਰਸ਼ੇਖਰ ਰਾਓ ਨੂੰ ਭਰੋਸਾ ਹੈ ਕਿ ਉਹ ਸੱਤਾ ਵਿਰੋਧੀ ਲਹਿਰ ਉਤੇ ਪਾਰ ਪਾ ਲੈਣਗੇ। ਤੇਲੰਗਾਨਾ ਵਿੱਚ ਟੀ ਆਰ ਐੱਸ ਨੇ ਵਿਧਾਨ ਸਭਾ ਚੋਣਾਂ ਦਾ ਛੇਤੀ ਐਲਾਨ ਕਰ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ। ਕਾਂਗਰਸ, ਤੇਲਗੂ ਦੇਸਮ ਪਾਰਟੀ, ਸੀ ਪੀ ਆਈ ਗਠਜੋੜ ਨੂੰ ਮੁਸ਼ਕਲ ਹੋਵੇਗੀ ਕਿਉਂਕਿ ਟੀ ਆਰ ਐੱਸ ਨੂੰ ਭਾਜਪਾ ਦਾ ਖਾਮੋਸ਼ ਸਮਰਥਨ ਮਿਲਣਾ ਹੈ ਤੇ ਮਿਜ਼ੋਰਮ 'ਚ ਭਾਜਪਾ ਦਾ ਸਹਿਯੋਗੀ ਮਿਜ਼ੋ ਨੈਸ਼ਨਲ ਫਰੰਟ ਮੌਜੂਦਾ ਕਾਂਗਰਸ ਨੂੰ ਚੁਣੌਤੀ ਦੇ ਰਿਹਾ ਹੈ।

ਬਿਨਾਂ ਸ਼ੱਕ ਦੋਵਾਂ ਪਾਰਟੀਆਂ ਲਈ ਕਾਰਗੁਜ਼ਾਰੀ ਦਿਖਾਉਣਾ ਬੜਾ ਅਹਿਮ ਹੈ। ਜੇ ਦੋਵੇਂ ਬਰਾਬਰੀ 'ਤੇ ਰਹਿੰਦੀਆਂ ਹਨ ਤਾਂ ਵੀ ਦੋਵਾਂ ਦੇ ਅਕਸ ਨੂੰ ਕੋਈ ਨੁਕਸਾਨ ਨਹੀਂ ਪੁੱਜੇਗਾ, ਪਰ ਇਸ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ। 11 ਦਸੰਬਰ ਦਿਖੇਗਾ ਕਿ ਇਹ ਕਿਸ ਪਾਸੇ ਜਾਂਦਾ ਹੈ।

# ਸੇਵਾ ਤੇ ਸੂਰਮਗਤੀ ਦਾ ਸਿਖਰ: ਭਗਤ ਪੂਰਨ ਸਿੰਘ

-ਡਾ. ਰੂਪ ਸਿੰਘ

ਤਿੰਨ ਜੂਨ 1904 ਈ. ਨੂੰ ਪਿੰਡ ਰਾਜੇਵਾਲ ਤਸੀਲ, ਸਮਰਾਲਾ, ਜ਼ਿਲਾ ਲੁਧਿਆਣਾ ਦੇ ਹਿੰਦੂ ਪਰਵਾਰ ਵਿੱਚ ਪੈਦਾ ਹੋਏ ਰਾਮਜੀ ਦਾਸ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਪੂਰਨ ਸਿੰਘ ਹੋ ਗਏ। ਦਸਵੀਂ ਜਮਾਤ ਦੀ ਪੜ੍ਹਾਈ ਲੁਧਿਆਣਾ ਜ਼ਿਲੇ ਦੇ ਕਸਬਾ ਖੰਨਾ ਤੋਂ ਪ੍ਰਾਪਤ ਕੀਤੀ। ਫੇਲ੍ਹ ਹੋ ਜਾਣ 'ਤੇ ਖਾਲਸਾ ਹਾਈ ਸਕੂਲ ਲਾਹੌਰ ਵਿੱਚ ਦਾਖਲ ਹੋ ਗਏ। ਲਾਹੌਰ ਵਿੱਚ ਉਨ੍ਹਾਂ ਦੀ ਮਾਤਾ ਭਾਂਡੇ ਮਾਂਜਣ ਦੀ ਸੇਵਾ ਕਰਿਆ ਕਰਦੀ ਸੀ। ਸਕੂਲ ਦੀ ਪੜ੍ਹਾਈ ਸਮੇਂ ਅਕਸਰ ਪੂਰਨ ਸਿੰਘ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਦਰਸ਼ਨ ਕਰਨ ਜਾਂਦੇ। ਇਹ ਗੱਲ 1932 ਈਸਵੀ ਦੀ ਹੈ, ਜਦ ਪੂਰਨ ਸਿੰਘ ਆਪਣੇ ਜੀਵਨ ਆਦਰਸ਼ ਦੀ ਪ੍ਰਾਪਤੀ ਬਾਰੇ ਗੁਰਦੁਆਰਾ ਸਾਹਿਬ ਦੇ ਮਹੰਤ ਗੋਪਾਲ ਸਿੰਘ ਨੂੰ ਨਾਲ ਲੈ ਕੇ ਗੁਰਦੁਆਰਾ ਪ੍ਰਬੰਧਕਾਂ ਪਾਸ ਗਿਆ ਤੇ ਉਨ੍ਹਾਂ ਨੇ ਕਿਹਾ ਕਿ ਇਹ ਨੌਜਵਾਨ ਆਪਣਾ ਜੀਵਨ ਬੇ-ਸਹਾਰਾ, ਪਾਗਲਾਂ, ਲੂਲ੍ਹਿਆਂ-ਲੰਗੜਿਆਂ, ਪਿੰਗਲਿਆਂ ਦੀ ਸੇਵਾ ਨੂੰ ਸਮਰਪਿਤ ਕਰਨਾ ਚਾਹੁੰਦਾ ਹੈ। ਪ੍ਰਬੰਧਕਾਂ ਦੇ ਪੁੱਛਣ 'ਤੇ ਕਿ ਇਹ ਵਿਚਾਰ ਤੁਹਾਡੇ ਮਨ ਵਿੱਚ ਕਿਵੇਂ ਆਇਆ, ਪੂਰਨ ਸਿੰਘ ਨੇ ਕਿਹਾ ਕਿ ਉਹ ਇਕ ਹਿੰਦੂ ਪਰਵਾਰ ਵਿੱਚੋਂ ਹੈ, ਉਨ੍ਹਾਂ ਦੇ ਮਾਤਾ ਜੀ ਧਾਰਮਿਕ ਬਿਰਤੀ ਰੱਖਦੇ ਹੋਏ ਹਮੇਸ਼ਾ ਰਾਹਗੀਰਾਂ, ਲੋੜਵੰਦਾਂ ਦੀ ਜਲ ਪਾਣੀ ਨਾਲ ਸੇਵਾ ਕਰਦੀ ਹੈ ਅਤੇ ਰੋਜ਼ਾਨਾ ਜਪੁਜੀ ਸਾਹਿਬ ਦਾ ਪਾਠ ਨੇਮ ਨਾਲ ਕਰਦੀ ਹੈ, ਜਿਸ 'ਤੇ ਉਨ੍ਹਾਂ ਨੇ ਕਾਲਜ ਦੀ ਪੜ੍ਹਾਈ ਦੀ ਥਾਂ ਇਹ ਪੜ੍ਹਾਈ' ਕਰਨ ਦਾ ਮਨ ਬਣਾ ਲਿਆ। ਉਨ੍ਹਾਂ ਕਿਹਾ ਕਿ ਉਹ ਆਪਣਾ ਜੀਵਨ ਲੋੜਵੰਦ ਦੁਖੀਆਂ ਦੀ ਮਦਦ ਕਰਨ ਨੂੰ ਸਮਰਪਣ ਕਰਨਾ ਚਾਹੁੰਦੇ ਹਨ। ਇਸ ਦੀ ਪ੍ਰਾਪਤੀ ਲਈ ਆਪਾ ਤਿਆਗ ਕੇ ਗੁਰਦੁਆਰਾ ਸਾਹਿਬ ਵਿਖੇ ਰਹਿ ਕੇ ਸੇਵਾ, ਸਿਮਰਨ, ਪਰਉਪਕਾਰ ਦੀ ਸਿੱਖਿਆ ਲੈਣੀ ਚਾਹੁੰਦੇ ਹਨ। ਇਹ ਉਚ ਵਿਚਾਰ ਸੁਣਦਿਆਂ ਹੀ ਪ੍ਰਬੰਧਕਾਂ ਨੇ ਪੂਰਨ ਸਿੰਘ ਦੇ ਖਾਣ ਪੀਣ ਅਤੇ ਰਹਿਣ ਸਹਿਣ ਦਾ ਪ੍ਰਬੰਧ ਕਰ ਦਿੱਤਾ। ਇਹ ਅਰੰਭ ਸੀ ਉਸ ਆਦਰਸ਼ ਦਾ, ਜਿਸ ਦੀ ਪ੍ਰਾਪਤੀ ਲਈ ਪੂਰਨ ਸਿੰਘ ਘਰੋਂ ਤੁਰਿਆ ਸੀ। ਗੁਰਦੁਆਰਾ ਡੇਹਰਾ ਸਾਹਿਬ ਵਿਖੇ ਜਲ ਪਾਣੀ, ਲੰਗਰ, ਸਫਾਈ, ਬਰਤਨਾਂ ਦੀ ਨਿਤ ਪ੍ਰਤੀ ਸੇਵਾ ਕਰ ਕੇ ਪੂਰਨ ਸਿੰਘ ਬਾਜ਼ਾਰ ਵਿੱਚ ਘੁੰਮਣ ਨਿਕਲ ਤੁਰਦਾ। ਮੁੱਖ ਨਿਸ਼ਾਨਾ ਸੜਕਾਂ ਤੋਂ ਸ਼ੀਸ਼ੇ ਪੱਥਰ, ਰੋੜੇ, ਕਿਲ ਕਾਂਟੇ ਲਾਂਭੇ ਕਰਨਾ ਸੀ ਤਾਂ ਕਿ ਰਾਹੀਆਂ ਨੂੰ ਕਸ਼ਟ ਨਾ ਪਹੁੰਚੇ। ਫਿਰ ਲਾਇਬ੍ਰੇਰੀ ਬੈਠ ਕੇ ਉਚ ਖਿਆਲਾਂ ਨੂੰ ਪੜ੍ਹਨਾ ਲਿਖਣਾ ਤੇ ਪ੍ਰਚਾਰ ਹਿਤ ਵੰਡਣਾ ਪੂਰਨ ਸਿੰਘ ਦਾ ਨਿਤ ਦਾ ਕਾਰਜ ਸੀ। ਸਾਲ 1934 ਈ. ਵਿੱਚ ਗੁਰਦੁਆਰਾ ਡੇਹਰਾ ਸਾਹਿਬ ਦੇ ਦਰਸ਼ਨੀ ਡਿਊੜੀ 'ਤੇ ਕੋਈ ਨਿਰਦਈ ਦਿਲ ਇਕ ਚਾਰ ਕੁ ਸਾਲ ਦਾ ਪਿੰਗਲਾ ਤੇ ਗੂੰਗਾ ਬੱਚਾ ਛੱਡ ਗਿਆ। ਪੂਰਨ ਸਿੰਘ ਨੇ ਉਸ ਨੂੰ ਗੋਦ ਲੈ ਕੇ ਸੰਭਾਲ ਸ਼ੁਰੂ ਕਰ ਦਿੱਤੀ, ਪਰ ਆਪਣੀ ਨਿਤ ਦੀ ਕਿਰਤ ਵੀ ਜਾਰੀ ਰੱਖੀ। ਲਗਭਗ 14 ਸਾਲ ਉਸ ਬੱਚੇ ਦੀ ਸੰਭਾਲ ਕਰਦੇ ਰਹੇ ਅਤੇ ਦੇਸ਼ ਵੰਡ ਸਮੇਂ 'ਪਿੰਗ-ਲੇ' ਨੂੰ ਵਿਰਾਸਤੀ ਪੂੰਜੀ ਵਜੋਂ ਨਾਲ ਲੈ ਕੇ ਅੰਮ੍ਰਿਤਸਰ ਆ ਗਏ।

ਭਗਤ ਪੂਰਨ ਸਿੰਘ ਜੀ ਦੇ ਲਿਖਣ ਅਨੁਸਾਰ 'ਦੇਸ਼ ਵੰਡ ਸਮੇਂ ਮੈਂ ਆਪਣੇ ਨਾਲ ਇਕ ਰੁਪਇਆ, ਪੰਜ ਆਨੇ ਲੈ ਕੇ ਆਇਆਂ ਸਾਂ, ਕਛਹਿਰਾ ਮੈਂ ਪਹਿਨਿਆ ਹੋਇਆ ਸੀ ਤੇ ਫੁਲਕਾਰੀ ਮੇਰੇ ਪਿੰਡੇ 'ਤੇ ਸੀ। ਇਸ ਤੋਂ ਇਲਾਵਾ ਮੇਰੇ ਕੋਲ ਇਕ ਲੋਹੇ ਦਾ ਬਾਟਾ, ਦੋ ਵੱਡੀਆਂ ਕਾਪੀਆਂ, ਦੋ ਅੰਗਰੇਜ਼ੀ ਰਸਾਲੇ ਅਤੇ ਲੂਲ੍ਹਾ ਮੇਰੀ ਪਿੱਠ ਉਤੇ ਸੀ।' ਉਨ੍ਹਾਂ ਦਾ ਇਸ ਪਿੰਗਲੇ ਲੂਲ੍ਹੇ ਬੱਚੇ ਨਾਲ ਕਿਤਨਾ ਪਿਆਰ ਸੀ, ਉਨ੍ਹਾਂ ਦੀ ਜ਼ੁਬਾਨੀ ਜਿਗਰ ਦਾ ਟੁਕੜਾ ਲੂਲ੍ਹਾ ਬੱਚਾ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਹਾਰਾ ਰਿਹਾ, ਉਹ ਜੇ ਮੈਨੂੰ ਨਾ ਮਿਲਦਾ ਤਾਂ ਮੈਂ ਉਹ ਕੁਝ ਨਾ ਕਰ ਸਕਦਾ, ਜੋ ਪਿੰਗਲਵਾੜੇ ਦੇ ਰੂਪ ਵਿੱਚ ਕੀਤਾ ਹੈ ਅਤੇ ਦੁਨੀਆ ਦਾ ਪਿਆਰ ਅਤੇ ਸਤਿਕਾਰ ਜਿੱਤਿਆ ਹੈ।

ਸ਼ਰਨਾਰਥੀ ਕੈਂਪ ਖਤਮ ਹੋ ਜਾਣ 'ਤੇ ਭਗਤ ਪੂਰਨ ਸਿੰਘ ਨੇ ਰੇਲਵੇ ਸਟੇਸ਼ਨ 'ਤੇ ਕੁਝ ਸਮੇਂ ਲਈ ਨਿਵਾਸ ਕੀਤਾ ਤੇ ਫਿਰ ਕੁਝ ਸਮਾਂ ਦਰਖੱਤਾਂ ਦੀ ਛੱਤ ਹੇਠ ਗੁਜ਼ਾਰਿਆ। ਸਹਿਜੇ-ਸਹਿਜੇ ਭਗਤ ਪੂਰਨ ਸਿੰਘ ਦੇ ਪਰਵਾਰਕ ਮੈਂਬਰਾਂ ਦੀ ਗਿਣਤੀ ਵਧਦੀ ਗਈ, ਜਿਸ ਲਈ ਕਿਸੇ ਪੱਕੇ ਟਿਕਾਣੇ ਦੀ ਲੋੜ ਸੀ, ਜਿਥੇ ਟਿਕ ਕੇ ਇਨ੍ਹਾਂ ਲਵਾਰਸਾਂ ਅਪਾਹਜਾਂ ਦੀ ਸੇਵਾ ਸੰਭਾਲ ਤੇ ਇਲਾਜ ਦਾ ਪ੍ਰਬੰਧ ਹੋ ਸਕੇ। ਇਸ ਸਮੇਂ ਇਨ੍ਹਾਂ ਦਾ ਨਿਵਾਸ ਇਕ ਬੰਦ ਪਏ ਸਿਨੇਮੇ ਦੀ ਇਮਾਰਤ ਵਿੱਚ ਸੀ। ਉਸ ਸਿਨੇਮੇ ਦੀ ਬੋਲੀ 35000 ਰੁਪਏ ਹੋ ਗਈ। ਭਗਤ ਜੀ ਕੋਲ ਜਮ੍ਹਾਂ ਪੂੰਜੀ ਕੋਈ ਹੈ ਨਹੀਂ ਸੀ, ਜਿਸ ਨਾਲ ਇਮਾਰਤ ਖਰੀਦੀ ਜਾਂਦੀ। ਸਹਿਯੋਗ ਵੱਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਚੱਲ ਰਹੀ ਸੀ, ਭਗਤ ਜੀ ਨੇ ਕਮੇਟੀ ਮੈਂਬਰਾਂ ਨੂੰ ਸਥਿਤੀ ਤੋਂ ਜਾਣੂ ਕਰਾਇਆ ਕਿ ਇਸ ਵੇਲੇ ਸਾਨੂੰ ਇਮਾਰਤ ਦੀ ਸਖਤ ਜ਼ਰੂਰਤ ਹੈ, ਜਿਸ ਲਈ ਘੱਟੋ-ਘੱਟ 50000 ਰੁਪਏ ਦੀ ਲੋੜ ਹੈ, ਜੋ ਮੈਂ ਇਕੱਠੀ ਨਹੀਂ ਕਰ ਸਕਦਾ। ਭਗਤ ਜੀ ਦੇ ਵਿਚਾਰ ਸੁਣ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਮਾਇਆ ਦੇਣ ਦਾ ਬਹੁ ਪਰਉਪਕਾਰੀ ਫੈਸਲਾ ਕਰ ਦਿੱਤਾ, ਜਿਸ ਨਾਲ ਪਿੰਗਲਵਾੜੇ ਦੀ ਵਿਸ਼ਾਲ ਇਮਾਰਤ ਦਾ ਆਰੰਭ ਹੋਇਆ। ਭਗਤ ਪੂਰਨ ਸਿੰਘ ਦੇ ਸੇਵਾ ਕਾਰਜਾਂ ਲਈ ਭਾਰਤ ਸਰਕਾਰ ਵੱਲੋਂ ਭਗਤ ਜੀ ਨੂੰ 'ਪਦਮ ਸ੍ਰੀ' ਨਾਲ ਸਨਮਾਨਿਤ ਕੀਤਾ ਗਿਆ, ਪਰ ਭਗਤ ਜੀ ਨੇ ਇਹ ਸਨਮਾਨ ਉਸ ਸਮੇਂ ਵਾਪਸ ਕਰ ਦਿੱਤਾ, ਜਦ ਸਰਕਾਰ ਨੇ ਮਾਨਵਤਾ ਦੇ ਕੇਂਦਰੀ ਅਸਥਾਨ ਸ੍ਰੀ ਦਰਬਾਰ ਸਾਹਿਬ ਨੂੰ ਫੌਜੀ ਹਮਲੇ ਸਮੇਂ ਭਾਰੀ ਹਾਨੀ ਪਹੁੰਚਾਈ।











# ਮਹਾਰਾਜਾ ਫਰੀਦਕੋਟ ਦੀ ਜਾਇਦਾਦ ਬਾਰੇ ਲੜਾਈ ਤੇਜ਼ ਹੋਈ

ਫਰੀਦਕੋਟ, 14 ਨਵੰਬਰ (ਪੋਸਟ ਬਿਊਰੋ)- ਫਰੀਦਕੋਟ ਰਿਆਸਤ ਦੇ ਆਖਰੀ ਮਹਾਰਾਜਾ ਹਰਿੰਦਰ ਸਿੰਘ ਬਰਾੜ ਬੰਸ ਬਹਾਦਰ ਦੀ ਵਿਚਕਾਰਲੀ ਬੇਟੀ ਅਤੇ ਵਰਤਮਾਨ ਰਿਆਸਤ ਪੱਛਮੀ ਬੰਗਾਲ ਦੀ ਮਹਾਰਾਣੀ ਦੀਪਇੰਦਰ ਕੌਰ ਦੀ ਮੌਤ ਤੋਂ ਬਾਅਦ ਮਹਾਰਾਜਾ ਫਰੀਦਕੋਟ ਦੀ 25 ਹਜ਼ਾਰ ਕਰੋੜ ਰੁਪਏ ਦੀ ਜਾਇਦਾਦ ਦਾ ਮਾਮਲਾ ਫਿਰ ਚਰਚਾ ਵਿੱਚ ਹੈ। ਇਹ ਮਾਮਲਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਵਿਚਾਰ ਅਧੀਨ ਹੈ ਤੇ ਅਗਲੀ ਸੁਣਵਾਈ 21 ਨਵੰਬਰ ਨੂੰ ਹੈ।

ਮਹਾਰਾਣੀ ਦੀਪਇੰਦਰ ਕੌਰ ਦੀ ਮੌਤ ਤੋਂ ਬਾਅਦ ਮਹਾਰਾਜਾ ਫਰੀਦਕੋਟ ਦੇ ਵੰਸ਼ ਵਿੱਚੋਂ ਇੱਕ ਬੇਟੀ ਅੰਮ੍ਰਿਤ ਕੌਰ ਇਸ ਸਮੇਂ ਜਿਊਂਦੀ ਹੈ। ਮਹਾਰਾਜਾ ਦੀ ਜਾਇਦਾਦ ਦਾ ਕੇਸ ਸਭ ਤੋਂ ਪਹਿਲਾਂ ਸਾਲ 2013 ਵਿੱਚ ਸਾਹਮਣੇ ਆਇਆ ਸੀ, ਜਦੋਂ ਚੰਡੀਗੜ੍ਹ ਦੀ ਹੇਠਲੀ ਅਦਾਲਤ ਨੇ ਕੇਸ ਦੀ ਸੁਣਵਾਈ ਮੌਕੇ ਮਹਾਰਾਜਾ ਦਾ ਵਸੀਅਤਨਾਮਾ ਜਿਸ ਰਾਹੀਂ ਮਹਾਰਾਵਲ ਖੀਵਾ ਜੀ ਟਰੱਸਟ ਮਹਾਰਾਜਾ ਦੀ ਤਕਰੀਬਨ 25 ਹਜ਼ਾਰ ਕਰੋੜ ਰੁਪਏ ਦੇ ਮੁੱਲ ਦੀ ਜਾਇਦਾਦ ਨੂੰ ਸੰਭਾਲ ਰਿਹਾ ਹੈ, ਨੂੰ ਗਲਤ ਕਰਾਰ ਦਿੰਦਿਆਂ ਹਿੰਦੂ ਸਕਸ਼ੈਸਨ ਐਕਟ ਅਨੁਸਾਰ ਮਹਾਰਾਜਾ ਦੀਆਂ ਦੋਵੇਂ ਬੇਟੀਆਂ ਅੰਮ੍ਰਿਤ ਕੌਰ ਤੇ ਮਹਾਰਾਣੀ ਦੀਪਇੰਦਰ ਕੌਰ ਨੂੰ ਜਾਇਦਾਦ ਦਾ ਵਾਰਸ ਬਣਾ ਦਿੱਤਾ ਸੀ। ਇਹ ਫੈਸਲਾ ਅਦਾਲਤ ਨੇ ਅੰਮ੍ਰਿਤ ਕੌਰ ਦੀ ਪਟੀਸ਼ਨ ਦੀ ਸੁਣਵਾਈ ਕਰ ਕੇ ਦਿੱਤਾ ਸੀ, ਜਿਸ ਵਿੱਚ ਉਸ ਨੇ ਮਹਾਰਾਜਾ ਦੀ 1982 ਦੀ ਵਸੀਅਤ ਨੂੰ ਚੁਣੌਤੀ ਦਿੱਤੀ ਸੀ।

ਵਰਨਣ ਯੋਗ ਹੈ ਕਿ ਇਸ ਵਸੀਅਤ ਦਾ ਵਾਰਿਸ ਮਹਾਰਾਵਲ ਖੇਵਾ ਜੀ ਟਰੱਸਟ ਨੂੰ ਬਣਾ ਦਿੱਤਾ ਗਿਆ ਸੀ, ਜਿਸ ਦੀ ਚੇਅਰਪਰਸਨ ਮਹਾਰਾਣੀ ਦੀਪਇੰਦਰ ਕੌਰ ਅਤੇ ਉਪ ਚੇਅਰਪਰਸਨ ਮਹਿਤਾਬ ਕੌਰ ਨੂੰ ਬਣਾਇਆ ਗਿਆ ਸੀ। ਇਸੇ ਵਸੀਅਤ ਰਾਹੀਂ ਮਹਾਰਾਜਾ ਨੇ ਆਪਣੀ ਸਭ ਤੋਂ ਵੱਡੀ ਬੇਟੀ ਅੰਮ੍ਰਿਤ ਕੌਰ ਨੂੰ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਗਿਆ ਸੀ, ਕਿਉਂਕਿ ਉਸ ਨੇ ਮਹਾਰਾਜਾ ਦੀ ਇੱਛਾ ਦੇ ਉਲਟ ਵਿਆਹ ਕਰਵਾਇਆ ਸੀ। ਮਹਾਰਾਜਾ ਫਰੀਦਕੋਟ ਦੇ ਚਾਰ ਬੱਚੇ ਸਨ। ਸਭ ਤੋਂ ਵੱਡੀ ਬੇਟੀ ਅੰਮ੍ਰਿਤ ਕੌਰ, ਦੂਜੀ ਮਹਾਰਾਣੀ ਦੀਪਇੰਦਰ ਕੌਰ, ਤੀਸਰੀ ਮਹਿਤਾਬ ਕੌਰ ਅਤੇ ਇੱਕ ਬੇਟਾ ਹਰਮੋਹਿੰਦਰ ਸਿੰਘ ਸਨ। ਮਹਾਰਾਜਾ ਦੀ



ਪਤਨੀ ਮਹਾਰਾਣੀ ਨਰਿੰਦਰ ਕੌਰ ਤੇ ਰਾਜ ਮਾਤਾ ਮੋਹਿੰਦਰ ਕੌਰ ਸਨ। ਮਹਾਰਾਜਾ ਦੇ ਬੇਟੇ ਦੀ 1981 ਵਿੱਚ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ, ਜਿਸ ਨਾਲ ਮਹਾਰਾਜਾ ਡਿਪਰੈਸ਼ਨ ਵਿਚ ਚਲੇ ਗਏ ਸਨ।

ਸੰਨ 1982 ਦੀ ਇਹ ਵਸੀਅਤ ਮਹਾਰਾਜਾ ਦੇ ਬੇਟੇ ਦੀ ਮੌਤ ਤੋਂ ਬਾਅਦ ਸੱਤ-ਅੱਠੇ ਮਹੀਨਿਆਂ ਵਿੱਚ ਲਿਖੀ ਗਈ ਸੀ। ਸੰਨ 1989 ਵਿੱਚ ਮਹਾਰਾਜਾ ਦੀ ਮੌਤ ਹੋ ਗਈ। ਇਸ ਪਿੱਛੋਂ ਇੱਕ ਹੋਰ ਵਸੀਅਤ ਸਾਹਮਣੇ ਆਈ ਜਿਸ ਰਾਹੀਂ ਮਹਾਰਾਜਾ ਨੇ ਆਪਣੀ ਜਾਇਦਾਦ ਆਪਣੀਆਂ ਤਿੰਨਾਂ ਧੀਆਂ ਦੇ ਨਾਂਅ ਕੀਤੀ ਸੀ। ਸਾਲ 2010 'ਚ ਮਹਾਰਾਜਾ ਦੀ ਸਭ ਤੋਂ ਵੱਡੀ ਬੇਟੀ ਅੰਮ੍ਰਿਤ ਕੌਰ ਨੇ ਇਸ ਵਸੀਅਤ ਰਾਹੀਂ 1982 ਦੀ ਵਸੀਅਤ ਨੂੰ ਚੁਣੌਤੀ ਦਿੱਤੀ ਸੀ ਕਿ ਇਹ ਗਲਤ ਹੈ। ਉਨ੍ਹਾਂ ਆਪਣੀ ਪਟੀਸ਼ਨ ਰਾਹੀਂ ਕਿਹਾ ਕਿ ਮਹਾਰਾਜਾ ਸਾਹਿਬ ਦੀ 1982 ਦੀ ਵਸੀਅਤ 'ਤੇ ਕਈ ਪ੍ਰਸ਼ਨ ਚਿੰਨ੍ਹ ਖੜ੍ਹੇ ਹੁੰਦੇ ਹਨ। ਪਹਿਲਾ ਇਹ ਕਿ ਜਦੋਂ ਇਹ ਵਸੀਅਤ ਲਿਖੀ ਗਈ ਤਾਂ ਉਸ ਸਮੇਂ ਮਹਾਰਾਜਾ ਮਾਨਸਿਕ ਤੌਰ 'ਤੇ ਠੀਕ ਨਹੀਂ ਸਨ। ਪੁੱਤਰ ਦੀ ਮੌਤ ਕਾਰਨ ਉਹ ਤਣਾਅ 'ਚ ਸਨ ਅਤੇ ਇਹ ਵਸੀਅਤ ਉਨ੍ਹਾਂ 'ਤੇ ਦਬਾਅ ਪਾ ਕੇ ਬਣਾਈ ਗਈ ਸੀ। ਦੂਸਰੀ ਸ਼ੱਕ ਦੀ ਗੱਲ ਇਹ ਹੈ ਕਿ 1982 ਦੀ ਇਸ ਵਸੀਅਤ ਸਮੇਂ ਮਹਾਰਾਜਾ ਦੀ ਮਾਤਾ ਤੇ ਪਤਨੀ ਦੋਵੇਂ ਜਿਊਂਦੇ ਸਨ, ਫਿਰ ਵੀ ਉਨ੍ਹਾਂ ਸਾਰੀ ਵਸੀਅਤ, ਸਾਰੀ ਜਾਇਦਾਦ ਉਨ੍ਹਾਂ ਮੌਤ ਪਿੱਛੋਂ ਟਰੱਸਟ ਦੇ ਹਵਾਲੇ ਕਰਨ ਲਈ ਲਿਖੀ, ਜਿਸ ਵਿੱਚ ਉਨ੍ਹਾਂ ਦੀ ਮਾਤਾ ਤੇ ਪਤਨੀ ਮੈਂਬਰ ਵੀ ਨਹੀਂ ਸਨ। ਨਾਲ ਸ਼ੱਕ ਦੀ ਗੱਲ ਇਹ ਹੈ ਕਿ ਟਰੱਸਟ ਦੇ ਮੈਂਬਰ ਵਜੋਂ ਆਪਣੇ ਸਾਰੇ ਕਰਮਚਾਰੀਆਂ ਨੂੰ ਲਿਆ ਗਿਆ ਸੀ, ਚਾਹੇ ਉਹ ਕਿਸੇ ਵੀ ਰੁਤਬੇ ਅਤੇ ਕਿਸੇ ਵੀ ਅਹੁਦੇ 'ਤੇ ਸੀ। ਵਸੀਅਤ ਦਾ ਇੱਕ ਗਵਾਹ ਬਰਜਿੰਦਰ ਸਿੰਘ ਬਰਾੜ ਖੁਦ ਇਸ ਦਾ ਲਾਭ ਪਾਤਰੀ ਸੀ। ਇਹ ਦਲੀਲਾਂ ਧਿਆਨ ਵਿੱਚ ਰੱਖਦਿਆਂ ਹੇਠਲੀ ਅਦਾਲਤ ਨੇ 1982 ਦੀ ਇਸ ਵਸੀਅਤ ਨੂੰ ਗਲਤ ਕਰਾਰ ਦੇ ਕੇ ਮਹਾਰਾਜਾ ਦੀ ਸਾਰੀ ਜਾਇਦਾਦ ਹਿੰਦੂ ਸੁਕਸ਼ੈਸਨ ਕੋਰਟ ਹੇਠ ਓਦੋਂ ਮਹਾਰਾਜਾ ਦੇ ਜੀਵਿਤ ਵਾਰਸਾਂ ਅੰਮ੍ਰਿਤ ਕੌਰ ਅਤੇ ਮਹਾਰਾਣੀ ਦੀਪਇੰਦਰ ਕੌਰ ਦੇ ਨਾਂਅ ਕਰ ਦਿੱਤੀ ਸੀ। ਮਹਾਰਾਜਾ ਦੀ ਤੀਸਰੀ ਬੇਟੀ ਮਹਿਤਾਬ ਕੌਰ ਦੀ ਸਾਲ 2003 ਵਿੱਚ ਅਣਵਿਆਹੁਤਾ ਦੀ ਮੌਤ ਹੋ ਗਈ ਸੀ।

ਅਦਾਲਤ ਦੇ ਇਸ ਫੈਸਲੇ ਨੂੰ ਟਰੱਸਟ ਵੱਲੋਂ ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ ਵਿੱਚ ਚੁਣੌਤੀ ਦਿੱਤੀ ਗਈ। ਇਸ ਦੇ ਨਾਲ ਇੱਕ ਤੀਸਰੀ ਧਿਰ ਨੇ ਵੀ ਫੈਸਲੇ ਨੂੰ ਚੁਣੌਤੀ ਦਿੱਤੀ। ਤੀਸਰੀ ਧਿਰ ਵਿੱਚ ਮਹਾਰਾਜਾ ਫਰੀਦਕੋਟ ਦੇ ਭਤੀਜੇ ਟਿੱਕਾ ਭਰਤਇੰਦਰ ਸਿੰਘ ਨੇ ਅਦਾਲਤ ਅੱਗੇ ਦਲੀਲ ਰੱਖੀ ਕਿ ਇੰਨਹੈਰੀਟੈਂਸ ਦੇ ਸ਼ਾਹੀ ਕਾਨੂੰਨ ਅਨੁਸਾਰ ਮਹਾਰਾਜਾ ਦੀ ਮੌਤ ਤੋਂ ਬਾਅਦ ਉਨ੍ਹਾਂ ਦੀ ਜਾਇਦਾਦ ਪਰਵਾਰ 'ਚ ਜੀਵਿਤ ਸਭ ਤੋਂ ਵੱਡੇ ਮਰਦ ਵਾਰਿਸ ਨੂੰ ਜਾਂਦੀ ਹੈ ਅਤੇ ਸਾਲ 1989 ਵਿੱਚ ਮਹਾਰਾਜਾ ਦੀ ਮੌਤ ਸਮੇਂ ਉਨ੍ਹਾਂ ਦੇ ਛੋਟੇ ਭਰਾ ਟਿੱਕਾ ਮਨਜੀਤ ਇੰਦਰ ਸਿੰਘ ਸਭ ਤੋਂ ਵੱਡੇ ਮਰਦ ਵਾਰਿਸ ਹੀ ਸਨ। ਇਸ ਲਈ ਇਸ ਜਾਇਦਾਦ ਦੇ ਅਸਲੀ ਹੱਕਦਾਰ ਆਪਣੇ ਪਿਤਾ ਸਵਰਗੀ ਟਿੱਕਾ ਮਨਜੀਤ ਇੰਦਰ ਸਿੰਘ ਰਾਹੀਂ ਉਹ ਹਨ।

ਚੰਡੀਗੜ੍ਹ ਜ਼ਿਲ੍ਹਾ ਅਦਾਲਤ ਨੇ ਇਨ੍ਹਾਂ ਦੋਵਾਂ ਦਲੀਲਾਂ ਨੂੰ ਲਾਂਭੇ ਕਰ ਕੇ ਹੇਠਲੀ ਅਦਾਲਤ ਦਾ ਫੈਸਲਾ ਕਾਇਮ ਰੱਖ ਲਿਆ ਸੀ। ਅੱਜ ਕੱਲ੍ਹ ਇਹ ਮਾਮਲਾ ਪੰਜਾਬ ਹਰਿਆਣਾ ਹਾਈ ਕੋਰਟ ਦੇ ਵਿਚਾਰ ਅਧੀਨ ਹੈ ਅਤੇ ਅਗਲੀ ਸੁਣਵਾਈ 21 ਨਵੰਬਰ ਨੂੰ ਹੈ। ਇਸ ਮਾਮਲੇ ਦੇ ਹਾਈ ਕੋਰਟ ਵਿੱਚ ਹੁੰਦਿਆਂ ਮਹਾਰਾਣੀ ਦੀਪਇੰਦਰ ਕੌਰ ਦੀ ਪਿਛਲੇ ਐਤਵਾਰ ਮੌਤ ਹੋ ਚੁੱਕੀ ਹੈ ਅਤੇ ਉਨ੍ਹਾਂ ਤੋਂ ਬਾਅਦ ਟਰੱਸਟ ਵੱਲੋਂ ਇਸ ਦੀ ਪੈਰਵੀ ਟਰੱਸਟ ਦੇ ਉਪ ਚੇਅਰਮੈਨ ਤੇ ਮਹਾਰਾਣੀ ਦੇ ਬੇਟੇ ਜੈ ਚੰਦ ਮਹਿਤਾਬ ਕਰਨਗੇ। ਟਰੱਸਟ ਦੀ ਚੇਅਰਮੈਨੀ ਲਈ ਵੀ ਉਹ ਇਸ ਸਮੇਂ ਸਭ ਤੋਂ ਮਜ਼ਬੂਤ ਉਮੀਦਵਾਰ ਹਨ। ਤੀਸਰੀ ਧਿਰ ਵਿੱਚੋਂ ਵੀ ਟਿੱਕਾ ਭਰਤਇੰਦਰ ਸਿੰਘ ਦੀ ਸਾਲ 2016 ਵਿੱਚ ਮੌਤ ਹੋ ਚੁੱਕੀ ਹੈ ਅਤੇ ਉਨ੍ਹਾਂ ਦੇ ਬੇਟੇ ਅਮਰਿੰ-ਦਰ ਸਿੰਘ ਟਿੱਕਾ ਇਸ ਕੇਸ ਦੀ ਪੈਰਵੀ ਕਰ ਰਹੇ ਹਨ। ਟਿੱਕਾ ਭਰਤਇੰਦਰ ਸਿੰਘ ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਅਤੇ ਰਾਮਪੁਰ ਸ਼ਾਹੀ ਪਰਵਾਰ ਦੇ ਰਾਜਾ ਵੀਰਭੱਦਰ ਸਿੰਘ ਦੇ

# ਫਿਲਮਾਂ ਦੀ ਇਨਵੈਸਟ ਦੇ ਨਾਂਅ ਉੱਤੇ ਕਰੋੜਾਂ ਠੱਗਣ ਵਾਲੇ ਪਤੀ-ਪਤਨੀ ਗ੍ਰਿਫਤਾਰ

ਮੋਹਾਲੀ, 14 ਨਵੰਬਰ (ਪੋਸਟ ਬਿਊਰੋ)- ਫਿਲਮਾਂ ਅਤੇ ਕ੍ਰਿਪਟੋ ਕਰੰਸੀ ਦੇ ਰਾਹੀਂ ਪੈਸਾ ਇਨਵੈਸਟ ਕਰਵਾ ਕੇ ਪੰਜਾਬ, ਹਰਿਆਣਾ, ਹਿਮਾਚਲ, ਦਿੱਲੀ, ਰਾਜਸਥਾਨ ਸਮੇਤ ਕਈ ਰਾਜਾਂ ਦੇ ਲੋਕਾਂ ਤੋਂ ਕਰੋੜਾਂ ਰੁਪਏ ਠੱਗ ਚੁੱਕੇ ਇੱਕ ਜੋੜੇ ਨੂੰ ਕਈ ਮਹੀਨਿਆਂ ਦੇ ਬਾਅਦ ਮੋਹਾਲੀ ਪੁਲਸ ਨੇ ਨੋਇਡਾ ਤੋਂ ਗ੍ਰਿਫਤਾਰ ਕੀਤਾ ਹੈ। ਦੋਸ਼ੀਆਂ ਦੀ ਪਛਾਣ ਮਨੂ ਪ੍ਰਸ਼ਾਂਤ ਵਿਗ ਅਤੇ ਪੂਜਾ ਚੌਧਰੀ ਵਿਗ ਵਜੋਂ ਹੋਈ ਹੈ। ਦੋਵੇਂ ਬਲਿਊ ਫੌਕਸ ਮੋਸ਼ਨਜ਼ ਪਿਕਚਰਜ਼ ਪ੍ਰਾਈਵੇਟ ਲਿਮਟਿਡ ਕੰਪਨੀ ਚਲਾਉਂਦੇ ਸਨ। ਉਹ ਖੁਦ ਕੰਪਨੀ ਦੇ ਡਾਇਰੈਕਟਰ ਅਤੇ ਮੈਨੇਜਰ ਸਨ ਤੇ ਉਨ੍ਹਾਂ ਵੱਲੋਂ ਕੀਤੀ ਗਈ ਠੱਗੀ ਕਰੀਬ ਸਾਢੇ ਛੇ ਸੌ ਕਰੋੜ ਰੁਪਏ ਦੀ ਦੱਸੀ ਜਾਂਦੀ ਹੈ। ਅਦਾਲਤ ਨੇ ਦੋਸ਼ੀਆਂ ਨੂੰ 20 ਨਵੰਬਰ ਤੱਕ ਪੁਲਸ ਰਿਮਾਂਡ 'ਤੇ ਭੇਜ ਦਿੱਤਾ ਹੈ।

ਥਾਣਾ ਫੇਜ਼-11 ਦੇ ਮੁਖੀ ਗੁਰਪ੍ਰੀਤ ਸਿੰਘ ਬੈਂਸ ਨੇ ਦੱਸਿਆ ਕਿ ਦੋਸ਼ੀ ਮਨੂ ਪ੍ਰਸ਼ਾਂਤ ਵਿਗ ਇਸ ਸਮੇਂ ਜਾਰਜੀਆ ਦੇਸ਼ ਵਿੱਚ ਜਾ ਕੇ ਸੈਟਲ ਹੋ ਚੁੱਕਾ ਸੀ। ਉਹ ਆਪਣੀ ਪਤਨੀ ਨੂੰ ਲੈਣ ਇੰਡੀਆ ਆਇਆ ਹੋਇਆ ਸੀ। ਜਦੋਂ ਪੁਲਸ ਨੂੰ ਇਸ ਦੀ ਭਿਣਕ ਲੱਗੀ ਤਾਂ ਪੁਲਸ ਨੇ ਉਸ ਨੂੰ ਨੋਇਡਾ ਦੀ ਰਿਹਾਇਸ਼ ਤੋਂ ਗ੍ਰਿਫਤਾਰ ਕਰ ਲਿਆ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਜ਼ਰਾ ਜਿੰਨੀ ਦੇਰ ਹੋ ਜਾਂਦੀ ਤਾਂ ਦੋਸ਼ੀ ਨੇ ਨਿਕਲ ਜਾਣਾ ਸੀ। ਮਿਲੀ ਜਾਣਕਾਰੀ ਮੁਤਾਬਕ ਇਸ ਬਾਰੇ ਪੁਲਸ ਨੂੰ ਚੰਡੀਗੜ੍ਹ ਦੇ ਸੈਕਟਰ 32 ਦੇ ਵਿਸ਼ਾਲ ਬਾਂਸਲ ਨੇ ਸ਼ਿਕਾਇਤ ਦਿੱਤੀ ਸੀ ਕਿ ਦੋਸ਼ੀਆਂ ਨੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਦੀ ਕੰਪਨੀ ਕਈ ਪੰਜਾਬੀ, ਭੋਜਪੁਰੀ ਅਤੇ ਹਰਿਆਣਵੀ ਫਿਲਮਾਂ ਵਿੱਚ ਇਨਵੈਸਟ ਕਰਦੀ ਹੈ। ਉਨ੍ਹਾਂ ਨੇ ਕਈ ਪੰਜਾਬੀ ਫਿਲਮਾਂ ਵੀ ਦੱਸੀਆਂ ਸਨ, ਜਿਨ੍ਹਾਂ ਵਿੱਚ ਉਨ੍ਹਾਂ ਨੇ ਪੈਸਾ ਲਾਇਆ ਸੀ। ਉਹ ਲੋਕਾਂ ਦੇ ਪੈਸੇ 11 ਮਹੀਨੇ ਵਿੱਚ ਡਬਲ ਕਰ ਕੇ ਦਿੰਦੇ ਸਨ। ਇਸ ਚੱਕਰ ਵਿੱਚ ਕਈ



ਲੋਕ ਇਨ੍ਹਾਂ ਦੇ ਚੱਕਰ ਵਿੱਚ ਆ ਗਏ। ਸ਼ੁਰੂ ਵਿੱਚ ਇੱਕ ਦੋ ਵਾਰ ਲੋਕਾਂ ਦੇ ਪੈਸੇ ਆਏ ਤਾਂ ਲੋਕਾਂ ਦਾ ਵਿਸ਼ਵਾਸ ਬਣਿਆ, ਪਰ ਬਾਅਦ ਵਿੱਚ ਕੰਪਨੀ ਨੇ ਲੋਕਾਂ ਨਾਲ ਕਰੋੜਾਂ ਦੀ ਹੇਰਾਫੇਰੀ ਕਰ ਦਿੱਤੀ। ਫੇਜ਼-11 ਥਾਣੇ ਵਿੱਚ ਕਈ ਸ਼ਿਕਾਇਤਾਂ ਆਈਆਂ ਸਨ ਕਿ ਭਾਰਤ ਭੂਸ਼ਣ ਨੇ ਪੰਜ ਲੱਖ ਰੁਪਏ, ਰਣਬੀਰ ਸਿੰਘ ਨੇ ਪੰਜ ਲੱਖ ਰੁਪਏ, ਭੁਵਨ ਤਿਵਾੜੀ ਨੇ ਇੱਕ ਲੱਖ 10 ਹਜ਼ਾਰ ਰੁਪਏ ਉਕਤ ਕੰਪਨੀਆਂ ਵਿੱਚ ਇਨਵੈਸਟ ਕੀਤੇ। ਕੰਪਨੀ ਨੇ ਇੱਕ ਵੈਬਸਾਈਟ ਵੀ ਬਣਾਈ ਹੋਈ ਸੀ, ਜਿੱਥੇ ਕੰਪਨੀ ਨੇ ਉਨ੍ਹਾਂ ਦੇ ਈ-ਵਾਲੇਟਸ ਬਣਾਏ ਸਨ। ਪੈਸਾ ਲਾਉਣ ਵਾਲੇ ਵਿਅਕਤੀ ਨੂੰ ਆਪਣੇ ਈ-ਵਾਲੇਟ ਵਿੱਚ ਪੈਸਾ ਪਿਆ ਦਿਖਾਈ ਦਿੰਦਾ ਸੀ, ਪਰ ਇਹ ਪੈਸਾ ਉਨ੍ਹਾਂ ਦੇ ਬੈਂਕ ਅਕਾਊਂਟਸ ਵਿੱਚ ਤਬਦੀਲ ਨਹੀਂ ਹੋ ਸਕਦਾ ਸੀ। ਸੈਮੀਨਾਰਾਂ ਤੇ ਸਮਾਰੋਹਾਂ ਵਿੱਚ ਉਕਤ ਲੋਕ ਉਨ੍ਹਾਂ ਨੂੰ ਫਰਜ਼ੀ ਖਬਰਾਂ ਅਤੇ ਭਾਰਤ ਸਰਕਾਰ ਤੋਂ ਮਾਨਤਾ ਮਿਲਣ ਸੰਬੰਧੀ ਫਰਜ਼ੀ ਕਾਗਜ਼ਾਤ ਦਿਖਾਉਂਦੇ ਸਨ। ਇਨ੍ਹਾਂ ਦੀ ਠੱਗੀ ਦਾ ਸ਼ਿਕਾਰ ਚੰਡੀਗੜ੍ਹ, ਪੰਜਾਬ, ਹਰਿਆਮਾ ਅਤੇ ਹੋਰ ਕਈ ਸੂਬਿਆਂ ਦੇ ਲੋਕ ਹੋ ਚੁੱਕੇ ਹਨ। ਜਿਨ੍ਹਾਂ ਫਿਲਮਾਂ ਵਿੱਚ ਲੋਕਾਂ ਦਾ ਪੈਸਾ ਇਨਵੈਸਟ ਕਰਵਾਇਆ ਗਿਆ ਸੀ। ਜਦੋਂ ਦੋਸ਼ੀ ਫੜੇ ਗਏ ਤਾਂ ਠੱਗੀ ਦੇ ਸ਼ਿਕਾਰ ਲੋਕਾਂ ਨੇ ਇਹ ਸੂਚਨਾ ਵੱਖ-ਵੱਖ ਵਾਟਸਐਪਸ ਗਰੁੱਪ 'ਤੇ ਸ਼ੇਅਰ ਕਰ ਦਿੱਤੀ। ਇਸ ਦੇ ਬਾਅਦ ਸਾਰੇ ਲੋਕ ਇਕੱਠੇ ਹੋ ਕੇ ਥਾਣੇ ਆ ਗਏ। ਇਸ ਵਿੱਚ ਮੋਹਾਲੀ, ਹਰਿਆਣਾ, ਅੰਬਾਲਾ, ਪੰਚਕੂਲਾ ਸਮੇਤ ਕੀ ਸ਼ਹਿਰਾਂ ਦੇ ਲੋਕ ਸਨ। ਥਾਣੇ ਪਹੁੰਚੇ ਲੋਕਾਂ ਵਿੱਚ ਰਮੇਸ਼ ਕੁਮਾਰ ਅੰਬਾਲਾ, ਮੰਜੂ ਵਾਸੀ ਮਨੀਮਾਜਰਾ, ਅਨੁਲ ਹਕ ਅੰਸਾਰੀ ਵਾਸੀ ਪੰਚਕੂਲਾ ਨੇ ਦੱਸਿਆ ਕਿ ਉਕਤ ਦੋਸ਼ੀ ਲੋਕਾਂ ਵੱਲੋਂ ਲਾਇਆ ਜਾਣ ਵਾਲਾ ਪੈਸਾ 11 ਮਹੀਨਿਆਂ ਵਿੱਚ ਢਾਈ ਗੁਣਾ ਕਰਨ ਦਾ ਵਾਅਦਾ ਕਰਦੇ ਸਨ। ਲੋਕਾਂ ਨੂੰ ਆਪਣੀ ਕੰਪਨੀ ਵਿੱਚ ਪੈਸਾ ਇਨਵੈਸਟ ਕਰਾਉਣ ਲਈ ਦੋਸ਼ੀ ਟ੍ਰਾਈਸਿਟੀ ਦੇ ਮਹਿੰਗੇ ਹੋਟਲਾਂ ਵਿੱਚ ਸੈਮੀਨਾਰ ਅਤੇ ਫਿਲਮ ਪ੍ਰਮੋਸ਼ਨਲ ਫੰਕਸ਼ਨ ਕਰਵਾਉਂਦੇ ਸਨ।

# ਬਾਦਲ ਦੇ ਸੰਮਨ ਕੈਪਟਨ ਅਮਰਿੰਦਰ ਦੀ ਰਿਹਾਇਸ਼ ਨੂੰ ਭੇਜ ਦਿੱਤੇ



ਚੰਡੀਗੜ੍ਹ, 14 ਨਵੰਬਰ (ਪੋਸਟ ਬਿਊਰੋ)- ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਚੰਡੀਗੜ੍ਹ ਵਾਲੇ ਘਰ ਦੇ ਪਤੇ ਤੋਂ ਵਿਸ਼ੇਸ਼ ਜਾਂਚ ਟੀਮ (ਸਿਟ) ਦੇ ਮੁਖੀ ਕੁੰਵਰ ਵਿਜੇ ਪ੍ਰਤਾਪ ਸਿੰਘ ਅਣਜਾਣ ਹਨ ਜਾਂ ਲਾਪਰਵਾਹੀ ਹੋਈ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 19 ਨਵੰਬਰ ਨੂੰ ਪੇਸ਼ ਹੋਣ ਲਈ ਜਾਰੀ ਸੰਮਨ 'ਤੇ ਉਨ੍ਹਾਂ (ਬਾਦਲ) ਦੇ ਜੱਦੀ ਪਿੰਡ ਦੇ ਪਤੇ ਤੋਂ ਇਲਾਵਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰੀ ਕੋਠੀ ਦਾ ਪਤਾ ਲਿਖ ਦਿੱਤਾ ਗਿਆ ਹੈ।

ਸਿੱਧੇ ਲਫਜ਼ਾਂ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸੰਮਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਰਿਹਾਇਸ਼ 'ਤੇ ਭੇਜ ਦਿੱਤੇ ਗਏ ਹਨ। ਇਹ ਸੰਮਨ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰੀ ਕੋਠੀ 'ਚ ਪੁੱਜੇ ਜਾਂ ਨਹੀਂ, ਇਸ ਬਾਰੇ ਕੋਈ ਪੁਸ਼ਟੀ ਨਹੀਂ ਕਰ ਰਿਹਾ, ਪਰ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਏ ਹਨ। ਸਪੈਸ਼ਲ ਇਨਵੈਸਟੀਗੇਸ਼ਨ ਟੀਮ ਦੇ ਕੈਂਪ ਆਫਿਸ ਫਰੀਦਕੋਟ ਤੋਂ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ, ਜੋ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਹਨ, ਦੇ ਦਸਖਤਾਂ ਵਾਲੇ ਨੰਬਰ 21 ਮਿਤੀ ਨੌਂ ਨਵੰਬਰ ਨੂੰ ਜਾਰੀ ਹੋਏ ਸੰਮਨ ਵਿੱਚ ਪ੍ਰਕਾਸ਼ ਸਿੰਘ ਬਾਦਲ ਪੁੱਤਰ ਮਰਹੂਮ ਰਘੂਰਾਜ ਸਿੰਘ ਪਿੰਡ ਬਾਦਲ ਤਹਿਸੀਲ ਮਲੋਟ (ਮੁਕ-ਸਤਰ) ਲਿਖਿਆ ਹੋਇਆ ਹੈ। ਇਸ ਦੇ ਨਾਲ ਦੂਸਰਾ ਪਤਾ ਹਾਊਸ ਨੰਬਰ 45, ਸੈਕਟਰ 2 ਚੰਡੀਗੜ੍ਹ ਲਿਖਿਆ ਗਿਆ ਹੈ। ਸੈਕਟਰ ਦੋ ਵਿੱਚ ਕੋਠੀ ਨੰਬਰ 45 ਮੁੱਖ ਮੰਤਰੀ ਦੀ ਕੋਠੀ ਹੈ। ਇਸ ਕੋਠੀ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਦਸ ਸਾਲ ਰਹੇ ਹਨ। ਮੁੱਖ ਮੰਤਰੀ ਦਫਤਰ ਦੇ ਕਿਸੇ ਅਧਿਕਾਰੀ ਨੇ ਇਸ ਬਾਰੇ ਮੂੰਹ ਨਹੀਂ ਖੋਲ੍ਹਿਆ, ਪਰ ਇੱਕ ਗੱਲ ਜ਼ਰੂਰ ਹੈ ਕਿ ਜੇ ਸੋਸ਼ਲ ਮੀਡੀਆ 'ਤੇ ਵਾਇਰਲ ਹੋਇਆ ਸੰਮਨ ਸਹੀ ਹੈ ਤਾਂ ਪੁਲਸ ਪ੍ਰਸ਼ਾਸਨ ਖਾਸ ਕਰ ਕੇ ਜਾਂਚ ਟੀਮ ਦੇ ਅਧਿਕਾਰੀਆਂ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਖੜ੍ਹਾ ਹੋ ਸਕਦਾ ਹੈ। ਵਰਨਣ ਯੋਗ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਹਿਬਲ ਕਲਾਂ ਤੇ ਕੋਟਕਪੂਰਾ ਵਿੱਚ ਹੋਈ ਪੁਲਸ ਫਾਇਰਿੰਗ ਦੇ ਕੇਸ ਵਿੱਚ ਵਿਸ਼ੇਸ਼ ਜਾਂਚ ਟੀਮ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਫਿਲਮ ਅਦਾਕਾਰ ਅਕਸ਼ੈ ਕੁਮਾਰ ਨੂੰ ਸੰਮਨ ਭੇਜਿਆ ਹੈ। ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਦੋਵੇਂ ਬਾਦਲ (ਪਿਓ ਪੁੱਤਰ) ਅਤੇ ਅਕਸ਼ੈ ਕੁਮਾਰ ਨੂੰ ਕੋਟਕਪੂਰਾ ਥਾਣੇ ਵਿੱਚ ਸੱਤ ਅਗਸਤ 2015 ਨੂੰ ਦਰਜ ਹੋਏ ਕੇਸ ਦੀ ਪੁੱਛਗਿੱਛ ਲਈ ਸੰਮਨ ਭੇਜੇ ਹਨ।

# ਸਿਮਰਜੀਤ ਬੈਂਸ ਦੀ ਅਰਜ਼ੀ ਉੱਤੇ ਸੀ ਬੀ ਆਈ ਜਾਂਚ ਅਧਿਕਾਰੀ ਤਲਬ

ਚੰਡੀਗੜ੍ਹ, 14 ਨਵੰਬਰ (ਪੋਸਟ ਬਿਊਰੋ)- ਪੰਜਾਬ ਦੀ ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੀ ਅਪੀਲ ਉੱਤੇ ਹਾਈ ਕੋਰਟ ਨੇ ਸਖਤ ਰੁਖ਼ ਅਪਣਾਉਂਦੇ ਹੋਏ ਸੀ ਬੀ ਆਈ ਦੇ ਜਾਂਚ ਅਧਿਕਾਰੀ ਨੂੰ ਸੱਦ ਕੇ ਪੁੱਛਿਆ ਹੈ ਕਿ ਉਸ ਨੇ ਕੁੱਟਮਾਰ ਦੇ ਪੂਰੇ ਮਾਮਲੇ ਦੀ ਜਾਂਚ ਕਿਉਂ ਨਹੀਂ ਕੀਤੀ।

ਜਸਟਿਸ ਮਹੇਸ਼ ਗਰੋਵਰ ਅਤੇ ਜਸਟਿਸ ਅਰੁਣ ਮੋਂਗਾ ਦੀ ਬੈਂਚ ਨੇ ਇਹ ਹੁਕਮ ਸਿਮਰਜੀਤ ਸਿੰਘ ਬੈਂਸ ਦੀ ਇੱਕ ਅਪੀਲ ਦੀ ਸੁਣਵਾਈ ਕਰਦੇ ਹੋਏ ਦਿੱਤੇ ਹਨ। ਕੋਰਟ ਨੇ ਕਿਹਾ ਕਿ ਸੀ ਬੀ ਆਈ ਇਸ ਦੀ ਜਾਂਚ ਤੋਂ ਬਚ ਕਿਉਂ ਰਹੀ ਹੈ। ਇਸ ਮੌਕੇ ਸੀ ਬੀ ਆਈ ਵੱਲੋਂ ਪੇਸ਼ ਹੋਏ ਐਡਵੋਕੇਟ ਨੇ ਕਿਹਾ ਕਿ ਉਨ੍ਹਾਂ ਨੂੰ ਸੁਪਰੀਮ ਕੋਰਟ ਨੇ ਕੇਸ ਦੇ ਅੱਠ ਮੁੱਦਿਆਂ ਦੀ ਜਾਂਚ ਦੇ ਹੁਕਮ ਦਿੱਤੇ



ਸਨ। ਉਨ੍ਹਾਂ ਦੀ ਜਾਂਚ ਪੂਰੀ ਕਰ ਕੇ ਕੇਸ ਵਿੱਚ ਚਾਰਜਸ਼ੀਟ ਪੇਸ਼ ਕੀਤੀ ਜਾ ਚੁੱਕੀ ਹੈ। ਜਿਨ੍ਹਾਂ ਮੁੱਦਿਆਂ ਦੀ ਜਾਂਚ ਦੇ ਉਨ੍ਹਾਂ ਨੂੰ ਹੁਕਮ ਹੀ ਨਹੀਂ ਮਿਲੇ, ਉਹ ਕਿਵੇਂ ਉਨ੍ਹਾਂ ਦੀ ਜਾਂਚ ਕਰ ਸਕਦੇ ਸਨ। ਇਸ ਉੱਤੇ ਹਾਈ ਕੋਰਟ ਨੇ ਕਿਹਾ ਕਿ ਤੁਸੀਂ ਇਸ ਕੇਸ ਦੇ ਦੂਸਰੇ ਪੱਖਾਂ ਦੀ ਜਾਂਚ ਦੀ ਮੰਗ ਵੀ ਕਰ ਸਕਦੇ ਸੀ, ਜੋ ਤੁਸੀਂ ਨਹੀਂ ਕੀਤੀ। ਸੀ ਬੀ ਆਈ ਜਾਂਚ ਤੋਂ ਬਚ ਰਹੀ ਹੈ। ਇਸ ਲਈ ਕੇਸ ਦੀ ਅਗਲੀ ਸੁਣਵਾਈ ਮੌਕੇ ਇਸ ਕੇਸ ਦੇ ਸੀ ਬੀ ਆਈ ਦੇ ਜਾਂਚ ਅਧਿਕਾਰੀ ਨੂੰ ਪੇਸ਼ ਹੋ ਕੇ ਜਵਾਬ ਦੇਣ ਦੇ ਹੁਕਮ ਦਿੰਦੇ ਹੋਏ ਸੁਣਵਾਈ ਤਿੰਨ ਅਪ੍ਰੈਲ ਤੱਕ ਲਈ ਮੁਲਤਵੀ ਕਰ ਦਿੱਤੀ ਗਈ ਹੈ।

ਵਿਧਾਇਕ ਬੈਂਸ ਨੇ ਆਪਣੀ ਅਪੀਲ ਵਿੱਚ ਹਾਈ ਕੋਰਟ ਦੀ ਸਿੰਗਲ ਬੈਂਚ ਦੇ ਉਸ ਫੈਸਲੇ ਨੂੰ ਚੁਣੌਤੀ ਦਿੱਤੀ ਹੈ, ਜਿਸ ਵਿੱਚ ਸਿੰਗਲ ਬੈਂਚ ਨੇ ਉਨ੍ਹਾਂ ਦੀ ਉਹ ਪਟੀਸ਼ਨ ਰੱਦ ਕਰ ਦਿੱਤੀ ਸੀ ਜਿਸ ਵਿੱਚ ਉਨ੍ਹਾਂ ਨੇ ਆਪਣੇ ਖਿਲਾਫ ਦਾਇਰ ਚਾਰਜਸ਼ੀਟ ਨੂੰ ਚੁਣੌਤੀ ਦਿੱਤੀ ਅਤੇ ਸੀ ਬੀ ਆਈ ਜਾਂਚ ਦੀ ਮੰਗ ਕੀਤੀ ਸੀ। ਟਰਾਇਲ ਕੋਰਟ ਨੇ ਬੈਂਸ ਸਮੇਤ ਬਾਕੀਆਂ ਅੱਠਾਂ ਦੇ ਖਿਲਾਫ ਸਾਲ 2009 ਵਿਚ ਤਹਿਸੀਲਦਾਰ ਦੇ ਨਾਲ ਕੀਤੀ ਗਈ ਕੁੱਟਮਾਰ ਦੇ ਮਾਮਲੇ ਵਿੱਚ ਹੱਤਿਆ ਦੀ ਕੋਸ਼ਿਸ਼ ਦੀਆਂ ਧਾਰਾਵਾਂ ਦੇ ਤਹਿਤ ਚਾਰਜ ਫ੍ਰੇਮ ਕਰ ਦਿੱਤੇ ਸਨ।

# ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ 41 ਪਿੰਡਾਂ ਨੂੰ ਮਾਡਰਨ ਗਰਾਮ ਬਣਾਇਆ ਜਾਵੇਗਾ

ਚੰਡੀਗੜ੍ਹ, 14 ਨਵੰਬਰ (ਪੋਸਟ ਬਿਊਰੋ)- ਪੰਜਾਬ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖ ਕੇ ਉਨ੍ਹਾਂ ਦੀ ਚਰਨ ਛੋਹ ਪ੍ਰਾਪਤ ਖੇਤਰਾਂ ਵਿੱਚ ਵਿਸ਼ੇਸ਼ ਵਿਕਾਸ ਪ੍ਰੋਜੈਕਟ ਦਾ ਫੈਸਲਾ ਲਿਆ ਗਿਆ ਅਤੇ ਅਜਿਹੇ 41 ਪਿੰਡਾਂ ਦੀ ਜੋ ਸੂਚੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਰਾਜ ਸਰਕਾਰ ਨੂੰ ਭੇਜੀ ਹੈ, ਉਨ੍ਹਾਂ ਸਾਰੇ ਪਿੰਡਾਂ ਨੂੰ ਮਾਡਰਨ ਗਰਾਮ ਬਣਾਉਣ ਦਾ ਫੈਸਲਾ ਲਿਆ ਹੈ। ਰਾਜ ਸਰਕਾਰ ਵੱਲੋਂ ਇਨ੍ਹਾਂ ਸਾਰੇ ਪ੍ਰੋਜੈਕਟਾਂ ਦੀ ਸ਼ੁਰੂਆਤ 23 ਨਵੰਬਰ ਤੋਂ ਕੀਤੀ ਜਾਵੇਗੀ, ਜੋ ਅਗਲੇ ਇੱਕ ਸਾਲ ਵਿੱਚ ਪੂਰੇ ਕੀਤੇ ਜਾਣਗੇ।

ਮਿਲੀ ਜਾਣਕਾਰੀ ਅਨੁਸਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖੁਦ ਇਨ੍ਹਾਂ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਣਾ ਚਾਹੁੰਦੇ ਹਨ। ਰਾਜ ਸਰਕਾਰ ਨੇ ਸੁਲਤਾਨਪੁਰ ਲੋਧੀ ਲਈ 100 ਕਰੋੜ, ਡੇਰਾ ਬਾਬਾ ਨਾਨਕ ਲਈ 92 ਕਰੋੜ ਤੇ ਬਟਾਲਾ ਲਈ 80 ਕਰੋੜ ਰੁਪਏ ਬਜਟ ਵਿੱਚ ਰੱਖਣ ਦਾ ਫੈਸਲਾ ਲਿਆ ਗਿਆ ਹੈ ਤਾਂ ਜੋ ਇਨ੍ਹਾਂ ਖੇਤਰਾਂ ਦੇ ਵਿਕਾਸ ਕਾਰਜਾਂ ਨੂੰ ਮਿਥੇ ਸਮੇਂ ਵਿੱਚ ਪੂਰਾ ਕੀਤਾ ਜਾ ਸਕੇ। ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਗੁਰੂ ਮਹਾਰਾਜ ਦੀ ਚਰਨ ਛੋਹ ਵਾਲੇ 41 ਪਿੰਡਾਂ ਵਿੱਚ 23 ਨਵੰਬਰ ਨੂੰ ਅਖੰਡ ਪਾਠ ਸ਼ੁਰੂ ਕੀਤੇ ਜਾਣਗੇ ਤੇ ਉਸ ਪਿੱਛੋਂ ਇਨ੍ਹਾਂ ਪਿੰਡਾਂ ਵਿਚਲੇ ਗਰੀਬਾਂ ਅਤੇ ਦਲਿਤਾਂ ਦੇ ਮੁਹੱਲਿਆਂ ਤੋਂ ਪਿੰਡਾਂ ਦੇ ਨਵੀਨੀਕਰਨ ਦਾ ਕੰਮ ਸ਼ੁਰੂ ਹੋਵੇਗਾ। ਸਰਕਾਰ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਜਿਨ੍ਹਾਂ 41 ਪਿੰਡਾਂ ਦੇ ਨਾਂਅ ਦਿੱਤੇ ਗਏ ਹਨ, ਉਨ੍ਹਾਂ ਵਿਚ ਨਾਨਕਸਰ ਸਠਿਆਲਾ, ਉਦੋਕੇ, ਵੈਰੋਕੇ, ਮਹਿਮਾ ਸਰਜਾ, ਲਭਵਲੀ, ਮੁਕਾਰਮਪੁਰ, ਹਰੀਪੁਰ, ਚੰਨਣ ਕਲਾਂ, ਪੱਖੋਕੇ, ਡੇਰਾ ਬਾਬਾ ਨਾਨਕ, ਵਡਾਲਾ ਗ੍ਰੰਥੀਆਂ, ਹਕੀਮਪੁਰਾ, ਜਗੇੜਾ, ਠੱਕਰਵਾਲ, ਦਾਦ, ਪੱਤੀ ਹਰੀ ਸਿੰਘ, ਤਖਤਪੁਰ, ਕਮਾਲਪੁਰ, ਛਿਤਨਵਾਲਾ, ਗਹਿਲਾਂ, ਮਹਿੰਗਰਵਾਲ, ਬਹਾਦਰਪੁਰ, ਕਾਂਝਲਾ, ਸਰਾਏਨਾਗਾ, ਅਮੀ ਸ਼ਾਹ ਫਤਿਹਾਬਾਦ, ਲੁਧਿਆਣਾ, ਗਊ ਘਾਟ, ਸੁਨਾਮ ਅਤੇ ਭੱਟੀ ਆਦਿ ਸ਼ਾਮਲ ਹੈ।











# ਟਰੇਨ ਦਾ ਬਰਥ ਸਿਰ ਉਤੇ ਡਿੱਗਣ ਨਾਲ ਮਹਿਲਾ ਦੀ ਮੌਤ, 4.44 ਲੱਖ ਰੁਪਏ ਮੁਆਵਜ਼ਾ

ਅਹਿਮਦਾਬਾਦ, 14 ਨਵੰਬਰ (ਪੋਸਟ ਬਿਊਰੋ)- ਰੇਲ ਯਾਤਰਾ ਦੌਰਾਨ ਇਕ 35 ਸਾਲਾ ਔਰਤ ਦੇ ਸਿਰ ਉੱਤੇ ਬਰਥ ਅਤੇ ਸਾਮਾਨ ਡਿੱਗਣ ਨਾਲ ਹੋਈ ਮੌਤ ਦੇ ਕੇਸ 'ਚ ਪੀੜਤ ਪਰਿਵਾਰ ਨੂੰ ਮੋਟਾ ਮੁਆਵਜ਼ਾ ਮਿਲੇਗਾ।



ਗੁਜਰਾਤ ਰਾਜ ਦੇ ਖਪਤਕਾਰ ਡਿਸਪਿਊਟ ਕਮਿਸ਼ਨ ਨੇ 2011 ਵਿੱਚ ਹਿੰਮਤਨਗਰ ਦੀ ਇਕ ਕੰਜ਼ਿਊਮਰ ਕੋਰਟ ਵੱਲੋਂ 1.92 ਲੱਖ ਰੁਪਏ ਦੇ ਮੁਆਵਜ਼ੇ ਨੂੰ ਵਧਾ ਕੇ 4.44 ਲੱਖ ਕਰ ਦਿੱਤਾ ਹੈ। ਮਿਲੀ ਜਾਣਕਾਰੀ ਮੁਤਾਬਕ ਸਾਬਰਕੰਠਾ ਦੇ ਦੋਦਾਦ ਪਿੰਡ ਦੀ ਰਹਿਣ ਵਾਲੀ ਸਵਿਤਾ ਤਾਰਲ 2009 'ਚ ਆਪਣੇ ਪਰਿਵਾਰ ਨਾਲ ਖੇਡਬ੍ਰਹਮਾ-ਤਲੋਡ ਟਰੇਨ 'ਚ ਸਫਰ ਕਰ ਰਹੀ ਸੀ। ਟਰੇਨ 'ਚ ਅਚਾਨਕ ਬਰੇਕ ਲੱਗਣ ਨਾਲ ਹਿੰਮਤਨਗਰ ਰੇਲਵੇ ਸਟੇਸ਼ਨ 'ਤੇ ਉਸ ਦੇ ਉਪਰਲੀ ਬਰਥ ਅਤੇ ਉਸ 'ਤੇ ਰੱਖਿਆ ਸਾਮਾਨ ਉਨ੍ਹਾਂ ਦੇ ਸਿਰ 'ਤੇ ਡਿੱਗ ਪਿਆ। ਇਸ ਪਿੱਛੋਂ ਉਸ ਨੂੰ ਹਸਪਤਾਲ ਲਿਜਾਇਆ ਗਿਆ ਪਰ ਉਹ ਬਚ ਨਾ ਸਕੀ। ਸਵਿਤਾ ਦੇ ਪਤੀ ਤੇ ਉਸਦੇ 7 ਬੱਚਿਆਂ ਨੇ ਰੇਲਵੇ 'ਤੇ 6.5 ਲੱਖ ਰੁਪਏ ਦਾ ਕੇਸ ਕੀਤਾ। ਫੋਰਮ ਨੇ 2011 'ਚ 6 ਫੀਸਦੀ ਵਿਆਜ ਨਾਲ 1.92 ਲੱਖ ਰੁਪਏ ਮੁਆਵਜ਼ਾ ਦੇਣ ਦਾ ਫੈਸਲਾ ਸੁਣਾਇਆ ਪਰ ਪਰਿਵਾਰ ਤਿਆਰ ਨਹੀਂ ਹੋਇਆ। ਮਾਮਲਾ ਸਟੇਟ ਕੰਜਿਊਮਰ ਕੋਰਟ 'ਚ ਪਹੁੰਚਿਆ ਤਾਂ ਕੋਰਟ ਨੇ 3000 ਰੁਪਏ ਪ੍ਰਤੀ ਮਹੀਨਾ ਆਮਦਨ ਮੰਨਦੇ ਹੋਏ 3.84 ਲੱਖ ਰੁਪਏ ਮੁਆਵਜ਼ਾ ਤੈਅ ਕੀਤਾ। ਇਸ ਤੋਂ ਬਿਨਾ ਸਵਿਤਾ ਦੇ ਬੱਚਿਆਂ ਦੇ ਪਿਆਰ ਤੇ ਸਨੇਹ ਦੇ ਨੁਕਸਾਨ ਬਦਲੇ 30 ਹਜ਼ਾਰ ਰੁਪਏ, ਅੰਤਮ ਸਸਕਾਰ ਦੇ ਖਰਚ ਬਦਲੇ 15000 ਰੁਪਏ ਅਤੇ ਕਾਨੂੰਨੀ ਖਰਚੇ ਲਈ 10 ਹਜ਼ਾਰ ਰੁਪਏ ਦਾ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ।

# ਫਸਲ ਬੀਮਾ ਤੋਂ ਇੰਸ਼ੋਰੈਂਸ ਕੰਪਨੀਆਂ ਨੇ ਕਿਸਾਨਾਂ ਤੋਂ 2 ਸਾਲਾਂ 'ਚ 16 ਹਜ਼ਾਰ ਕਰੋੜ ਕਮਾਏ

ਹਿਸਾਰ, 14 ਨਵੰਬਰ (ਪੋਸਟ ਬਿਊਰੋ)- ਹਰਿਆਣਾ 'ਚ ਫਸਲ ਬੀਮਾ ਯੋਜਨਾ ਵੱਲ ਕਿਸਾਨ ਦਾ ਪਿਆਰ ਲਗਾਤਾਰ ਵਧ ਰਿਹਾ ਹੈ। ਕਈ ਰਾਜਾਂ 'ਚ ਇਸ ਬੀਮਾ ਯੋਜਨਾ ਵੱਲ ਕਿਸਾਨਾਂ ਦੇ ਵੱਧ ਪ੍ਰਭਾਵਤ ਨਾ ਹੋਣ ਦੀਆਂ ਗੱਲਾਂ ਦੌਰਾਨ ਹਰਿਆਣਾ ਇਸ ਤੋਂ ਉਲਟ ਸਾਬਿਤ ਹੋ ਰਿਹਾ ਹੈ। ਇਸ ਰਾਜ 'ਚ ਪਿਛਲੇ ਦੋ ਸਾਲਾਂ 'ਚ ਬੀਮਾਂ ਕੰਪਨੀਆਂ ਨੇ ਫਸਲ ਬੀਮਾ ਯੋਜਨਾ ਤੋਂ ਲਗਭਗ 16 ਹਜ਼ਾਰ ਕਰੋੜ ਰੁਪਏ ਦੀ ਕਮਾਈ ਕੀਤੀ ਹੈ।



ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਬਹੁਤ ਤਰ੍ਹਾਂ ਦੇ ਸਵਾਲਾਂ ਦੇ ਬਾਵਜੂਦ ਹਰਿਆਣਾ 'ਚ ਕਿਸਾਨ ਫਸਲ ਬੀਮਾ ਯੋਜਨਾ ਨੂੰ ਅਪਨਾ ਰਹੇ ਹਨ। ਭਾਜਪਾ ਸਰਕਾਰ ਵਾਲੇ ਚਾਰ ਰਾਜਾਂ ਵਿੱਚ ਦੋ ਸਾਲਾਂ ਦੌਰਾਨ ਇਕ ਕਰੋੜ ਤੋਂ ਵੱਧ ਕਿਸਾਨ ਫਸਲ ਬੀਮਾਂ ਯੋਜਨਾ ਤੋਂ ਪਿੱਛੇ ਹਟੇ ਹਨ। ਇਹ ਯੋਜਨਾ ਬੀਮਾ ਕੰਪਨੀਆਂ ਲਈ ਸੋਨੇ ਦੇ ਅੰਡੇ ਦੇਣ ਵਾਲੀ ਮੁਰਗੀ ਬਣੀ ਹੈ। ਸਰਕਾਰੀ ਖੇਤਰ ਦੀ ਐਗਰੀਕਲਚਰ ਇੰਸ਼ੋਰੈਂਸ ਕੰਪਨੀ ਆਫ ਇੰਡੀਆਂ (ਏ ਆਈ ਸੀ) ਤੋਂ ਇਲਾਵਾ ਨਿੱਜੀ ਖੇਤਰ ਦੀਆਂ ਕੁੱਲ ਦਸ ਕੰਪਨੀਆਂ ਨੇ ਫਸਲ ਬੀਮਾ ਯੋਜਨਾ ਹੇਠ ਲਗਭਗ 15,795 ਕਰੋੜ ਰੁਪਏ ਕਮਾਏ ਹਨ। ਚਾਰ ਵੱਡੇ ਰਾਜਾਂ ਮੱਧ ਪ੍ਰਦੇਸ਼ ਦੇ 40.47 ਲੱਖ, ਰਾਜਸਥਾਨ ਦੇ 31.25 ਲੱਖ, ਮਹਾਂਰਾਸ਼ਟਰ ਦੇ 19.47 ਲੱਖ ਤੇ ਉੱਤਰ ਪ੍ਰਦੇਸ਼ ਦੇ 14.69 ਲੱਖ ਕਿਸਾਨਾਂ ਨੇ ਫਸਲ ਬੀਮਾ ਯੋਜਨਾ ਤੋਂ ਆਪਣੇ ਆਪ ਨੂੰ ਪਿੱਛੇ ਕਰ ਲਿਆ ਹੈ। ਸਾਲ 2016-17 'ਚ ਬੀਮਾਂ ਕੰਪਨੀਆਂ ਦੀ ਔਸਤ ਕਮਾਈ ਪ੍ਰਤੀ ਮਹੀਨਾ 538.30 ਕਰੋੜ ਰੁਪਏ ਰਹੀ। ਸਾਲ 2017-18 'ਚ ਇਹ ਔਸਤ ਕਮਾਈ ਵੱਧ ਕੇ 778 ਕਰੋੜ ਰੁਪਏ ਮਹੀਨਾ ਹੋ ਗਈ। ਸਾਲ 2016-17 ਵਿੱਚ 5.72 ਕਰੋੜ ਕੁੱਲ ਕਿਸਾਨ ਬੀਮਾ ਯੁਕਤ ਕੀਤੇ ਗਏ ਤਾਂ ਸਾਲ 2017-18 'ਚ ਇਨ੍ਹਾਂ ਦੀ ਗਿਣਤੀ 85 ਲੱਖ ਤੋਂ ਘਟ ਕੇ 4.87 ਕਰੋੜ ਰਹਿ ਗਈ। ਬੀਮਾ ਕੰਪਨੀਆਂ ਨੂੰ ਸਾਲ 2016-17 'ਚ ਸਾਲਾਨਾ ਮੁਨਾਫਾ 6459.64 ਕਰੋੜ ਰੁਪਏ ਹੋਇਆ ਤਾਂ ਸਾਲ 2017-18 'ਚ ਕੰਪਨੀਆਂ ਦੇ ਇਸ ਮੁਨਾਫੇ 'ਚ 150 ਫੀਸਦੀ ਤੱਕ ਵਧਾ ਕੇ ਇਹ ਰਾਸ਼ੀ ਕੁੱਲ 9335.62 ਕਰੋੜ ਰੁਪਏ ਹੋ ਗਈ। ਪੰਜਾਬ ਸੂਬੇ 'ਚ ਇਹ ਯੋਜਨਾ ਲਾਗੂ ਨਹੀਂ, ਵਰਨਾ ਬੀਮਾ ਕੰਪਨੀਆਂ ਦੀ ਤਿਜ਼ੌਰੀਆਂ ਹੋਰ ਵੀ ਵੱਧ ਭਰ ਜਾਂਦੀਆਂ।

ਗੁਜਰਾਤ ਵਿੱਚ ਦੋ ਸਾਲਾਂ 'ਚ ਬੀਮਾ ਕੰਪਨੀਆਂ ਦੇ ਲਾਭ 'ਚ ਸ਼ਾਨਦਾਰ ਵਾਧਾ ਹੋਇਆ ਹੈ। ਸਾਲ 2016-17 'ਚ ਬੀਮਾ ਕੰਪਨੀਆਂ ਨੇ ਗੁਜਰਾਤ 'ਚ 40.16 ਕਰੋੜ ਰੁਪਏ ਲਾਭ ਕਮਾਇਆ, ਸਾਲ 2017-18 'ਚ ਕਮਾਈ 2222.58 ਕਰੋੜ ਰੁਪਏ ਹੋ ਗਈ। ਉਸ ਰਾਜ ਵਿੱਚ ਨਿਊ ਇੰਡੀਆ ਕੰਪਨੀ ਨੇ ਇੱਕਲੇ 1429 ਕਰੋੜ ਰੁਪਏ ਕਮਾਏ।

ਪਾਨੀਪਤ ਦੇ ਸੂਚਨਾ ਅਧਿਕਾਰ ਵਰਕਰ ਪੀ ਪੀ ਆਈ ਕਪੂਰ ਨੇ ਦੱਸਿਆ ਹੈ ਕਿ ਖੇਤੀ ਅਤੇ ਕਿਸਾਨ ਮੰਤਰਾਲੇ ਦੀ ਡਿਪਟੀ ਕਮਿਸ਼ਨਰ ਕਾਮਨਾ ਆਰ. ਸ਼ਰਮਾ ਨੇ ਇਹ ਅੰਕੜੇ ਦਿੱਤੇ ਹਨ। ਉਨ੍ਹਾਂ ਦੇ ਅਨੁਸਾਰ ਬੀਮਾ ਵਾਲੇ ਕਿਸਾਨ ਘੱਟਦੇ ਜਾ ਰਹੇ ਹਨ ਅਤੇ ਬੀਮਾ ਕੰਪਨੀਆਂ ਦੇ ਮੁਨਾਫੇ ਵਧੀ ਜਾ ਰਹੇ ਹਨ। ਸਾਲ 2016-17 'ਚ ਕੁੱਲ 17,902.47 ਕਰੋੜ ਰੁਪਏ ਮੁਆਵਜ਼ਾ ਰਾਸ਼ੀ ਦੇਣ ਦੇ ਬਾਵਜੂਦ ਬੀਮਾ ਕੰਪਨੀਆਂ ਨੇ ਕੁੱਲ 6,459.64 ਕਰੋੜ ਰੁਪਏ ਲਾਭ ਕਮਾਇਆ ਅਤੇ 2017-18 'ਚ ਕਿਸਾਨਾਂ ਨੂੰ ਕੁੱਲ 15,710.25 ਕਰੋੜ ਰੁਪਏ ਮੁਆਵਜ਼ਾ ਰਾਸ਼ੀ ਦਿੱਤੀ ਗਈ, ਪਰ ਕੰਪਨੀਆਂ ਨੂੰ 9335.62 ਕਰੋੜ ਰੁਪਏ ਦਾ ਲਾਭ ਮਿਲਿਆ।

## ਅਸਲ ਕੰਟਰੋਲ ਰੇਖਾ ਨੇੜਲੇ ਫੌਜੀਆਂ ਦੇ ਲਈ ਐਂਟੀ ਮਾਈਨ ਬੂਟ ਖਰੀਦੇ ਗਏ

ਜੰਮੂ, 14 ਨਵੰਬਰ (ਪੋਸਟ ਬਿਊਰੋ)- ਭਾਰਤੀ ਫੌਜ ਦੇ ਇੱਕ ਸੀਨੀਅਰ ਅਫਸਰ ਨੇ ਦੱਸਿਆ ਕਿ ਜੰਮੂ ਕਸ਼ਮੀਰ ਵਿੱਚ ਅਸਲ ਕੰਟਰੋਲ ਰੇਖਾ ਦੇ ਨੇੜੇ ਤੈਨਾਤ ਕੀਤੇ ਜਾਂਦੇ ਦਸਤਿਆਂ ਲਈ ਐਂਟੀ ਮਾਈਨ ਬੂਟ ਖਰੀਦੇ ਗਏ ਹਨ। ਇਨ੍ਹਾਂ ਬੂਟਾਂ ਦਾ ਦੋਹਰਾ ਮਕਸਦ ਹੈ ਕਿ ਬਾਰੂਦੀ ਸੁਰੰਗਾਂ ਵਾਲੇ ਮੂਹਰਲੇ ਖੇਤਰਾਂ ਵਿੱਚ ਦਬਦਬਾ ਕਾਇਮ ਕੀਤਾ ਜਾਵੇ ਤੇ ਜੇ ਲੋੜ ਪਈ ਤਾਂ ਦਹਿਸ਼ਤਗਰਦਾਂ ਦਾ ਸਰਗਰਮੀ ਨਾਲ ਪਿੱਛਾ ਵੀ ਕੀਤਾ ਜਾਵੇ।

ਇਸ ਬਾਰੇ ਫੌਜ ਦੀ ਜੰਮੂ ਵਿੱਚਲੀ ਸੋਲਵੀਂ ਕੋਰ ਦੇ ਜਨਰਲ ਅਫਸਰ ਕਮਾਂਡਿੰਗ ਲੈਫਟੀਨੈਂਟ ਜਨਰਲ ਪਰਮਜੀਤ ਸਿੰਘ ਨੇ ਦੱਸਿਆ ਕਿ ਘੁਸਪੈਠ ਵਿਰੋਧੀ ਗਰਿਡ ਦੀ ਕੜੀ ਵਿੱਚ ਫੌਜੀਆਂ ਨੂੰ ਮੂਹਰਲੇ ਖੇਤਰਾਂ ਵਿੱਚ ਦਬਦਬਾ ਕਾਇਮ ਕਰਨਾ ਪਵੇਗਾ ਤੇ ਕਦੇ ਕਦਾਈਂ ਦਹਿਸ਼ਤਗਰਦਾਂ ਅਤੇ ਸਾਬੋਤਾਜ ਕਰਨ ਵਾਲੇ ਅਨਸਰਾਂ ਦਾ ਪਿੱਛਾ ਕਰਨਾ ਪਵੇਗਾ। ਉਨ੍ਹਾਂ ਦੱਸਿਆ ਕਿ ਅਸੀਂ ਇਨ੍ਹਾਂ ਅਪਰੇਸ਼ਨਾਂ ਦਾ ਰਾਹ ਸਾਫ ਕਰਨ ਅਤੇ ਆਪਣੇ ਫੌਜੀਆਂ ਦੀ ਸੁਰੱਖਿਆ ਲਈ ਸਪੈਸ਼ਲ ਫੰਡਾਂ 'ਚੋਂ ਐਂਟੀ ਮਾਈਨ ਬੂਟ ਅਤੇ ਡੀਪ ਸਰਚ ਮੈਟਲ ਡਿਟੈਕਟਰ ਵਰਗਾ ਸਾਮਾਨ ਖਰੀਦਿਆ ਹੈ। ਸੋਲਵੀਂ ਕੋਰ ਦਾ ਖੇਤਰ ਅਸਲ ਕੰਟਰੋਲ ਰੇਖਾ ਦਾ ਕਰੀਬ 250 ਕਿਲੋਮਟੀਰ ਦਾ ਰਕਬਾ ਬਹੁਤ ਉਬੜ ਖਾਬੜ ਤੇ ਝਾੜੀਆਂ ਨਾਲ ਭਰਿਆ ਹੈ। ਕਈ ਵਾਰ ਮੀਂਹ ਜਾਂ ਬਰਫਬਾਰੀ ਕਰ ਕੇ ਬਾਰੂਦੀ ਸੁਰੰਗਾਂ ਖਿਸਕ ਜਾਂਦੀਆਂ ਹਨ ਤੇ ਹਾਦਸੇ ਵਾਪਰ ਜਾਂਦੇ ਹਨ। ਹਾਲ ਹੀ ਵਿੱਚ ਇੱਕ ਅਫਸਰ ਸਮੇਤ ਦੋ ਫੌਜੀ ਬਾਰੂਦੀ ਸੁਰੰਗ ਧਮਾਕਿਆਂ ਵਿੱਚ ਜ਼ਖਮੀ ਹੋ ਗਏ ਸਨ।

## ਕੇਂਦਰੀ ਮੰਤਰੀ ਸਤਿਆਪਾਲ ਦੇ ਮੁਤਾਬਕ ਦੇਸ਼ ਵਿੱਚ 90 ਫੀਸਦੀ ਨੇਤਾ ਬਿਮਾਰ



ਨਵੀਂ ਦਿੱਲੀ, 14 ਨਵੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਮਨੁੱਖੀ ਵਸੀਲੇ ਵਿਕਾਸ ਰਾਜ ਮੰਤਰੀ ਡਾ: ਸਤਿਆਪਾਲ ਸਿੰਘ ਨੇ ਸਿਆਸਤ ਨਾਲ ਜੁੜੇ 90 ਫੀਸਦੀ ਨੇਤਾਵਾਂ ਨੂੰ ਬਿਮਾਰ ਦੱਸਿਆ ਅਤੇ ਸਵਾਲੀਆ ਅੰਦਾਜ਼ ਵਿੱਚ ਕਿਹਾ ਹੈ ਕਿ ਅਜਿਹੇ ਲੋਕ ਜਦੋਂ ਆਪਣੇ ਤਣਾਅ ਨਾਲ ਨਹੀਂ ਨਜਿੱਠ ਸਕਦੇ ਤਾਂ ਦੁਨੀਆ ਦਾ ਮੁਕਾ-ਬਲਾ ਕਿਵੇਂ ਕਰਨਗੇ। ਉਨ੍ਹਾਂ ਨੇ ਲੀਡਰ ਬਣਨ ਲਈ ਕਾਨਫੀਡੈਂਸ, ਕਮਿਟਮੈਂਟ ਤੇ ਕਮਿਊਨੀਕੇਟਰ ਜਿਹੇ ਗੁਣ ਜ਼ਰੂਰੀ ਦੱਸੇ ਹਨ।

ਮਿਲੀ ਜਾਣਕਾਰੀ ਅਨੁਸਾਰ ਕੇਂਦਰੀ ਮੰਤਰੀ ਡਾ: ਸਤਿਆਪਾਲ ਸਿੰਘ ਕੱਲ੍ਹ ਵਿਗਿਆਨ ਭਵਨ 'ਚ ਅਧਿਆਪਕਾਂ ਦੀ ਸਿਖਲਾਈ ਅਤੇ ਉਨ੍ਹਾਂ ਦੀ ਲੀਡਰਸ਼ਿਪ ਦੀ ਸਮਰੱਥਾ ਵਿਕਸਤ ਕਰਨ ਦੇ ਇੱਕ ਪ੍ਰੋਗਰਾਮ ਵਿੱਚ ਬੋਲ ਰਹੇ ਸਨ। ਉਨ੍ਹਾਂ ਨੇ ਬਿਮਾਰ ਰਾਜ ਨੇਤਾਵਾਂ ਉੱਤੇ ਟਿੱਪਣੀ ਕਰਦਿਆਂ ਇੱਕ ਸ਼ੇਅਰ ਪੜ੍ਹਿਆ ਤੇ ਕਿਹਾ ਕਿ ਬਿਮਾਰ ਆਦਮੀ ਕਦੇ ਕਾਨਫੀਡੈਂਟ ਨਹੀਂ ਹੋ ਸਕਦਾ। ਉਹ ਖੁਦ ਨੂੰ ਇੱਕ ਚੰਗਾ ਅਧਿਆਪਕ ਦੱਸਣ ਤੋਂ ਨਹੀਂ ਰਹੇ। ਸਿਖਿਆ 'ਚ ਆਈ ਹੋਈ ਗਿਰਾਵਟ ਲਈ ਉਨ੍ਹਾਂ ਨੇ ਅਧਿਆਪਕਾਂ ਨੂੰ ਜ਼ਿੰਮੇਵਾਰ ਦੱਸਿਆ ਅਤੇ ਕਿਹਾ ਕਿ ਜਦੋਂ ਤੱਕ ਚੰਗੇ ਅਧਿਆਪਕ ਜ਼ਿਮੇਵਾਰ ਰਹੇ, ਉਦੋਂ ਤੱਕ ਦੇਸ਼ ਹਰ ਖੇਤਰ ਵਿੱਚ ਦੁਨੀਆ ਦਾ ਸਿਰਮੌਰ ਰਿਹਾ, ਪਰ ਜਦੋਂ ਤੋਂ ਇਨ੍ਹਾਂ ਵਿੱਚ ਗਿਰਾਵਟ ਆਈ, ਉਦੋਂ ਤੋਂ ਸਿਖਿਆ ਦਾ ਪੱਧਰ ਹੇਠਾਂ ਆ ਗਿਆ। ਇਹ ਸਿਰਫ ਮੇਰਾ ਮੰਨਣਾ ਨਹੀਂ, ਵਧੇਰੇ ਲੋਕਾਂ ਦੀ ਰਾਏ ਹੈ। ਉਨ੍ਹਾਂ ਨੇ ਅਧਿਆਪਕਾਂ ਨੂੰ ਜ਼ਿੰਦਗੀ ਭਰ ਵਿਦਿਆਰਥੀ ਬਣਨ ਦੀ ਪੈਰਵੀ ਕੀਤੀ ਤੇ ਕਿਹਾ ਕਿ ਜਿਹੜਾ ਵਿਦਿਆਰਥੀ ਨਹੀਂ ਬਣ ਸਕਦਾ, ਚੰਗਾ ਅਧਿਆਪਕ ਨਹੀਂ ਬਣ ਸਕਦਾ। ਕੇਂਦਰੀ ਮੰਤਰੀ ਨੇ ਇਹ ਬਿਆਨ ਉਸ ਸਮੇਂ ਦਿੱਤਾ ਹੈ, ਜਦੋਂ ਮੌਜੂਦਾ ਸਰਕਾਰ 'ਚ ਵੀ ਵੱਡੀ ਗਿਣਤੀ 'ਚ ਮੰਤਰੀ ਤੇ ਨੇਤਾ ਵੱਖ-ਵੱਖ ਬਿਮਾਰੀਆਂ ਤੋਂ ਪੀੜਤ ਹਨ।

## ਰਾਹੁਲ ਗਾਂਧੀ ਕਹਿੰਦੈ, ਮੋਦੀ ਨੇ ਸੁਪਰੀਮ ਕੋਰਟ ਅੱਗੇ ਚੋਰੀ ਮੰਨੀ

ਨਵੀਂ ਦਿੱਲੀ, 14 ਨਵੰਬਰ, (ਪੋਸਟ ਬਿਊਰੋ)- ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਦੋਸ਼ ਲਾਇਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੁਪਰੀਮ ਕੋਰਟ ਸਾਹਮਣੇ ਰਾਫ਼ਾਲ ਸੌਦੇ ਵਿਚ ਕੀਤੀ ਚੋਰੀ ਮੰਨ ਲਈ ਹੈ ਕਿ ਭਾਰਤੀ ਹਵਾਈ ਫ਼ੌਜ ਨੂੰ ਪੁੱਛੇ ਬਗ਼ੈਰ ਇਸ ਸੌਦੇ ਦੇ ਐਗਰੀਮੈਂਟ ਵਿਚ ਅਦਲਾ-ਬਦਲੀ ਕੀਤੀ ਗਈ ਸੀ।

ਹਿੰਦੀ ਵਿਚ ਕੀਤੇ ਟਵੀਟ ਵਿਚ ਕਾਂਗਰਸ ਆਗੂ ਨੇ ਕਿਹਾ, 'ਮੋਦੀ ਨੇ ਸੁਪਰੀਮ ਕੋਰਟ ਵਿਚ ਆਪਣੀ ਚੋਰੀ ਮੰਨ ਲਈ ਹੈ। ਹਲਫ਼ਨਾਮੇ ਵਿਚ ਉਨ੍ਹਾਂ ਮੰਨਿਆ ਹੈ ਕਿ ਹਵਾਈ ਫ਼ੌਜ ਨੂੰ ਪੁੱਛੇ ਬਗ਼ੈਰ ਕੰਟ੍ਰੈਕਟ ਵਿਚ ਰੱਦੋਬਦਲ ਕੀਤੀ ਗਈ ਤੇ 30 ਹਜ਼ਾਰ ਕਰੋੜ ਰੁਪਏ ਅੰਬਾਨੀ ਦੀ ਜੇਬ ਵਿਚ ਪਾਏ ਗਏ ਸਨ। ਪਿਕਚਰ ਅਭੀ ਬਾਕੀ ਹੈ ਮੇਰੇ ਦੋਸਤ।' ਵਰਨਣ ਯੋਗ ਹੈ ਕਿ ਕੇਂਦਰ ਸਰਕਾਰ ਨੇ ਕੱਲ੍ਹ ਫਰਾਂਸ ਤੋਂ 36 ਰਾਫਾਲ ਜਹਾਜ਼ ਖਰੀਦਣ ਲਈ ਸਮਝੌਤੇ ਸਬੰਧੀ 14 ਸਫ਼ਿਆਂ ਦਾ ਐਫੀਡੇਵਿਟ ਪੇਸ਼ ਕੀਤਾ ਸੀ, ਜਿਸ ਵਿਚ ਜਹਾਜ਼ਾਂ ਦੀ ਕੀਮਤ ਤੇ ਹੋਰ ਵੇਰਵੇ ਸਾਂਝੇ ਕੀਤੇ ਸਨ। ਇਸ ਦੌਰਾਨ ਕਾਂਗਰਸ ਦੇ ਆਗੂ ਰਣਦੀਪ ਸਿੰਘ ਸੁਰਜੇਵਾਲਾ ਤੇ ਆਨੰਦ ਸ਼ਰਮਾ ਨੇ ਸਰਕਾਰ ਉੱਤੇ ਰਾਫ਼ਾਲ ਕੇਸ ਉਤੇ ਪੋਚਾ ਮਾਰਨ ਦਾ ਦੋਸ਼ ਲਾਇਆ ਤੇ ਮੰਗ ਕੀਤੀ ਕਿ ਇਸ ਕੇਸ ਵਿਚ ਜਾਂਚ ਕਰਾਉਣ ਦੀ ਲੋੜ ਹੈ, ਘੜੀਆਂ ਘੜਾਈਆਂ ਸਫਾਈਆਂ ਦੇਣ ਦੀ ਨਹੀਂ। ਉਹ ਦਾਸੋ ਏਵੀਏਸ਼ਨ ਦੇ ਸੀ ਈ ਓ ਐਰਿਕ ਟ੍ਰੈਪੀਅਰ ਦੀ ਇੰਟਰਵਿਊ ਉੱਤੇ ਟਿੱਪਣੀ ਕਰ ਰਹੇ ਸਨ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ 58000 ਕਰੋੜ ਰੁਪਏ ਦੇ ਇਸ ਸੌਦੇ ਵਿਚ ਕੋਈ ਗੜਬੜ ਨਹੀਂ ਹੋਈ ਅਤੇ ਦਾਸੋ ਨੇ ਰਿਲਾਇੰਸ ਦੀ ਆਪਣੀ ਭਾਈਵਾਲ ਵਜੋਂ ਚੋਣ ਕੀਤੀ ਸੀ। ਸੁਰਜੇਵਾਲਾ ਨੇ ਕਿਹਾ, 'ਭਾਰਤੀ ਜਨਤਾ ਪਾਰਟੀ ਤੇ ਦਾਸੋ ਏਵੀਏਸ਼ਨ ਵਿਚਾਲੇ ਮੈਚ ਫਿਕਸ ਹੋਣ ਨਾਲ ਘੁਟਾਲੇ ਨੂੰ ਛੁਪਾਇਆ ਨਹੀਂ ਜਾ ਸਕਦਾ।'

ਖੱਬੀਆਂ ਪਾਰਟੀਆਂ ਨੇ ਵੀ ਦੋਸ਼ ਲਾਇਆ ਹੈ ਕਿ ਮੋਦੀ ਸਰਕਾਰ ਨੇ ਰਾਫ਼ਾਲ ਜਹਾਜ਼ਾਂ ਦੇ ਖਰੀਦ ਸੌਦੇ ਦੀ ਗੜਬੜ ਨੂੰ ਛੁਪਾਉਣ ਲਈ ਜਾਲ ਬੁਣਿਆ ਹੈ। ਸੀ ਪੀ ਆਈ ਐਮ ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਨੇ ਦਾਸੋ ਏਵੀਏਸ਼ਨ ਦੇ ਸੀ ਈ ਓ ਐਰਿਕ ਟ੍ਰੈਪੀਅਰ ਦੀ ਇੰਟਰਵਿਊ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਫਰਾਂਸ ਤੋਂ ਭਾਰਤ ਤੱਕ ਸਾਰੇ ਚਹੇਤੇ ਕਾਰੋਬਾਰੀ ਇਸ ਮੁੱਦੇ 'ਤੇ ਮੋਦੀ ਸਰਕਾਰ ਦਾ ਪੱਖ ਪੂਰਨ ਲੱਗੇ ਹਨ ਪਰ ਉਨ੍ਹਾਂ ਦੀਆਂ ਕੋਸ਼ਿਸ਼ਾਂ ਬੇਕਾਰ ਜਾਣਗੀਆਂ। ਇਸ ਤੋਂ ਸਾਬਤ ਹੁੰਦਾ ਹੈ ਕਿ ਮੋਦੀ ਸਰਕਾਰ ਨੇ ਹਰ ਰਾਫ਼ਾਲ ਜਹਾਜ਼ ਦੀ 40 ਫ਼ੀਸਦੀ ਵੱਧ ਕੀਮਤ ਦਿੱਤੀ ਹੈ।ਇਹ ਭ੍ਰਿਸ਼ਟਾਚਾਰ ਦੀ ਰਕਮ ਹੈ ਤੇ ਇਸ ਸੌਦੇ ਵਿਚ ਸਾਡੇ ਦੇਸ਼ ਦਾ 59000 ਕਰੋੜ ਰੁਪਏ ਲੱਗਿਆ ਹੋਇਆ ਹੈ।''

## ਭਾਜਪਾ ਵਿਧਾਇਕ ਨੇ ਮੁਜਰਮਾਂ ਨੂੰ ਸ਼ਾਮਲ ਕਰਨ ਦਾ ਦੋਸ਼ ਲਾ ਕੇ ਪਾਰਟੀ ਛੱਡੀ



ਮੁੰਬਈ, 14 ਨਵੰਬਰ (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਅਨਿਲ ਗੋਟੇ ਨੇ ਇਸ ਪਾਰਟੀ ਵਿੱਚ ਅਪਰਾਧੀਆਂ ਨੂੰ ਸ਼ਾਮਲ ਕਰਨ ਦਾ ਦੋਸ਼ ਲਾਉਂਦੇ ਹੋਏ ਮਹਾਰਾਸ਼ਟਰ ਵਿਧਾਨ ਸਭਾ ਦੀ ਮੈਂਬਰਸ਼ਿਪ ਅਤੇ ਨਾਲ ਹੀ ਭਾਜਪਾ ਤੋਂ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ ਹੈ। ਉਹ ਮਹਾਰਾਸ਼ਟਰ ਵਿੱਚ ਧੁਲੇ ਵਿਧਾਨ ਸਭਾ ਸੀਟ ਦੀ ਅਗਵਾਈ ਕਰਦੇ ਹਨ। ਗੋਟੇ ਨੇ ਕੱਲ੍ਹ ਕਿਹਾ ਕਿ ਉਹ ਅਗਲੇ ਹਫਤੇ ਅਸਤੀਫਾ ਦੇਣਗੇ। ਪਿਛਲੇ ਮਹੀਨੇ ਇੱਕ ਹੋਰ ਭਾਜਪਾ ਵਿਧਾਇਕ ਨੇ ਵੀ ਰਾਜ ਦੀ ਵਿਧਾਨ ਸਭਾ ਅਤੇ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਸੀ।

ਅਨਿਲ ਗੋਟੇ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਨ ਸੀ ਪੀ) ਦੇ ਕੁਝ ਨੇਤਾਵਾਂ ਨੂੰ ਭਾਜਪਾ ਵਿੱਚ ਸ਼ਾਮਲ ਕਰਨ ਦਾ ਵਿਰੋਧ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੇਰੇ ਵਿਰੋਧ ਦੇ ਬਾਵਜੂਦ ਪਾਰਟੀ ਦੇ ਸੀਨੀਅਰ ਨੇਤਾ ਧੁਲੇ ਨਗਰ ਨਿਗਮ ਚੋਣਾਂ ਦੇ ਪਹਿਲਾਂ ਅਪਰਾਧੀ ਪਿਛੋਕੜ ਵਾਲੇ ਲੋਕਾਂ ਨੂੰ ਭਾਜਪਾ ਵਿੱਚ ਸ਼ਾਮਲ ਕਰ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਜੇ ਇਹ ਲੋਕ ਚੁਣੇ ਗਏ ਤਾਂ ਆਪਣੇ ਭ੍ਰਿਸ਼ਟ ਕੰਮਾਂ ਨਾਲ ਧੁਲੇ ਸ਼ਹਿਰ ਨੂੰ ਤਬਾਹ ਕਰ ਦੇਣਗੇ। ਉਨ੍ਹਾਂ ਕਿਹਾ ਕਿ ਉਹ ਅਗਲੇ ਮਹੀਨੇ ਧੁਲੇ ਨਗਰ ਨਿਗਮ ਵਿੱਚ ਮੇਅਰ ਦੀ ਚੋਣ ਲੜਨਗੇ। ਗੋਟੇ ਸਾਲ 2009 ਦੀਆਂ ਵਿਧਾਨ ਸਭਾ ਚੋਣਾਂ ਆਜ਼ਾਦ ਜਿੱਤੇ ਅਤੇ 2014 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਵਿੱਚ ਸ਼ਾਮਲ ਹੋਏ ਸਨ।

ਵਰਨਣ ਯੋਗ ਹੈ ਕਿ ਅਬਦੁਲ ਕਰੀਮ ਤੇਲਗੀ ਨਾਲ ਸੰਬੰਧਤ ਜਾਅਲੀ ਸਟੰਪ ਪੇਪਰ ਘੋਟਾਲੇ ਕੇਸ ਵਿੱਚ ਉਨ੍ਹਾਂ ਨੂੰ ਪਹਿਲਾਂ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਅੱਜ ਕੱਲ੍ਹ ਉਹ ਜ਼ਮਾਨਤ 'ਤੇ ਹਨ। ਪਿਛਲੇ ਮਹੀਨੇ ਭਾਜਪਾ ਦੇ ਵਿਧਾਇਕ ਆਸ਼ੀਸ਼ ਦੇਸ਼ਮੁਖ ਨੇ ਵਿਧਾਨ ਸਭਾ ਅਤੇ ਪਾਰਟੀ ਦੀ ਪ੍ਰਾਇਮਰੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਸੀ। ਉਹ ਨਾਗਪੁਰ ਜ਼ਿਲ੍ਹੇ ਦੇ ਕਾਟੋਲ ਵਿਧਾਨ ਸਭਾ ਖੇਤਰ ਤੋਂ ਵਿਧਾਇਕ ਸਨ।

## ਦਿੱਲੀ ਦੰਗਿਆਂ ਦੀ ਜਾਂਚ ਬਾਰੇ ਰਾਸ਼ਟਰਪਤੀ ਨੂੰ ਵਫਦ ਮਿਲਿਆ

ਨਵੀਂ ਦਿੱਲੀ, 14 ਨਵੰਬਰ (ਪੋਸਟ ਬਿਊਰੋ)- ਭਾਰਤ ਦੀਆਂ ਕੁਝ ਪ੍ਰਮੁੱਖ ਸਿੱਖ ਹਸਤੀਆਂ ਦਾ ਵਫਦ ਕੱਲ੍ਹ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੂੰ ਮਿਲਿਆ। ਇਨ੍ਹਾਂ ਨਾਲ ਥਲ ਸੈਨਾ ਦੇ ਸਾਬਕਾ ਮੁਖੀ ਜਨਰਲ ਜੇ ਜੇ ਸਿੰਘ, ਭਾਜਪਾ ਦੀ ਪਾਰਲੀਮੈਂਟ ਮੈਂਬਰ ਮਿਨਾਕਸ਼ੀ ਲੇਖੀ ਵੀ ਸਨ। ਇਨ੍ਹਾਂ ਨੇ ਰਾਸ਼ਟਰਪਤੀ ਨੂੰ ਬੇਨਤੀ ਕੀਤੀ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਦੀ ਜਾਂਚ ਦੀ ਨਿਗਰਾਨੀ ਲਈ ਬਣਾਈ 'ਸਿਟ' ਦੇ ਤੀਜੇ ਮੈਂਬਰ ਦੀ ਨਿਯੁਕਤੀ ਲਈ ਨੋਟੀਫਿਕੇਸ਼ਨ ਜਲਦੀ ਜਾਰੀ ਕਰਨ ਲਈ ਉਹ ਸੁਪਰੀਮ ਕੋਰਟ ਨੂੰ ਕਹਿਣ। ਵਫਦ ਵਿੱਚ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਰੁਪਿੰਦਰ ਸਿੰਘ ਸੂਰੀ, ਰਾਜਸਥਾਨ ਦੇ ਵਧੀਕ ਐਡਵੋਕੇਟ ਜਨਰਲ ਗੁਰਚਰਨ ਸਿੰਘ ਗਿੱਲ ਅਤੇ ਸਾਬਕਾ ਵਿਧਾਇਕ ਆਰ ਪੀ ਸਿੰਘ ਸ਼ਾਮਲ ਸਨ।

ਮਿਨਾਖਸ਼ੀ ਲੇਖੀ ਨੇ ਪੱਤਰਕਾਰਾਂ ਨੂੰ ਕਿਹਾ ਕਿ ਵਿਸ਼ੇਸ਼ ਜਾਂਚ ਟੀਮ (ਸਿਟ), ਜਿਸ ਬਾਰੇ ਇਹ ਸਮਝਿਆ ਜਾਂਦਾ ਸੀ ਕਿ ਉਹ ਦੰਗਿਆਂ ਦੀ ਜਾਂਚ ਸੰਬੰਧ ਕਰ ਕੇ ਆਪਣੀ ਰਿਪੋਰਟ ਦੋ-ਤਿੰਨ ਮਹੀਨਿਆਂ ਵਿੱਚ ਦੇ ਦੇਵੇਗੀ, ਤੀਜੇ ਮੈਂਬਰ ਦੀ ਗੈਰ ਹਾਜ਼ਰੀ ਕਾਰਨ ਇਹ ਕੰਮ ਕਰਨਾ ਵੀ ਸ਼ੁਰੂ ਨਹੀਂ ਕਰ ਸਕੀ। ਅਸੀਂ ਰਾਸ਼ਟਰਪਤੀ ਨੂੰ ਇਸ ਗੱਲ ਲਈ ਅਪੀਲ ਕਰਨ ਗਏ ਸੀ ਕਿ ਮੈਂਬਰ ਦੇ ਨਾਂਅ ਦਾ ਨੋਟੀਫਿਕੇਸ਼ਨ ਜਲਦੀ ਜਾਰੀ ਹੋਣਾ ਚਾਹੀਦਾ ਹੈ। ਰਾਸ਼ਟਰਪਤੀ ਰਾਮਨਾਥ ਕੋਵਿੰਦ ਨੂੰ ਸੌਂਪੇ ਪੱਤਰ ਵਿੱਚ ਬੇਨਤੀ ਕੀਤੀ ਹੈ ਕਿ ਉਹ ਸੁਪਰੀਮ ਕੋਰਟ ਨੂੰ ਕਹਿਣ ਕਿ ਤੀਜੇ ਮੈਂਬਰ ਦੇ ਨਾਂਅ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ। ਇਹ ਟੀਮ ਦਿੱਲੀ ਅਤੇ ਹੋਰਨਾਂ ਸ਼ਹਿਰਾਂ ਵਿੱਚ 1984 ਵਿੱਚ ਹੋਏ ਸਿੱਖ ਦੰਗਿਆਂ ਨਾਲ ਸੰਬੰਧਤ 186 ਕੇਸਾਂ ਦੀ ਜਾਂਚ ਦੀ ਨਿਗਾਰਨੀ ਲਈ ਬਣਾਈ ਗਈ ਹੈ। ਵਿਸ਼ੇਸ਼ ਜਾਂਚ ਟੀਮ ਨੂੰ ਅਧਿਕਾਰ ਹੈ ਕਿ ਉਹ ਬੰਦ ਕੇਸਾਂ ਵਿੱਚ ਤਾਜ਼ਾ ਗਵਾਹੀਆਂ ਦੀ ਨਵੇਂ ਸਿਰੇ ਤੋਂ ਜਾਂਚ ਕਰ ਸਕਦੀ ਹੈ। ਸਿਟ ਬਣਾਉਣ ਵਿੱਚ ਦੇਰੀ ਇਸ ਕਰ ਕੇ ਹੋ ਗਈ ਕਿਉਂਕਿ ਇੱਕ ਸਾਬਕਾ ਆਈ ਪੀ ਐੱਸ ਅਧਿਕਾਰੀ ਨੇ ਸਿਟ ਦਾ ਮੈਂਬਰ ਬਣਨ ਤੋਂ ਨਾਂਹ ਕਰ ਦਿੱਤੀ ਸੀ।

◆ Insurance ◆
Punjab Insurance Inc



- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA

Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

DIXIE
Registered Private Career College
TRUCK & FORKLIFT DRIVING SCHOOL
CLASS A,Z & FORKLIFT TRAINING
Contact Us for Great Results, Early Road Tests & Flexible Timing
- Special Training For Nervous Drivers
- Lady Instructor Available
- One to One Training

Forklift $79
Air Brake
Truck Driving Course

○ Counter Balance ○ Order Picker
○ Raymond Reach ○ Walkie
○ Cheery Picker

AIR BRAKES CLASSES EVERY WED - THURS & SAT - SUN
Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9



BANKRUPTCY, PROPOSAL, R9.........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
TNG
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9

# ਪਾਕਿਸਤਾਨ ਵੱਲੋਂ ਭਾਰਤ ਨੂੰ ਵਪਾਰ ’ਚ ਤਰਜੀਹੀ ਦੇਸ਼ ਦਾ ਦਰਜਾ ਦੇਣ ਤੋਂ ਇਨਕਾਰ



ਲਾਹੌਰ, 14 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਨੇ ਕਿਹਾ ਹੈ ਕਿ ਉਸ ਦੀ ਭਾਰਤ ਨੂੰ ਵਪਾਰ ’ਚ ਸਭ ਤੋਂ ਤਰਜੀਹੀ ਦੇਸ਼ (ਐਮ ਐਫ ਐਨ) ਦਾ ਦਰਜਾ ਦੇਣ ਦੀ ਕੋਈ ਯੋਜਨਾ ਨਹੀਂ ਹੈ।

ਵਪਾਰ, ਕੱਪੜਾ, ਉਦਯੋਗ ਅਤੇ ਨਿਵੇਸ਼ ਵਾਸਤੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਸਲਾਹਕਾਰ ਅਬਦੁੱਲ ਰਜ਼ਾਕ ਦਾਊਦ ਨੇ ਇਥੇ ਇਕ ਪ੍ਰੋਗਰਾਮ ਵਿਚ ਕਿਹਾ ਕਿ ਫਿਲਹਾਲ ਸਾਡੀ ਭਾਰਤ ਨੂੰ ਐਮ ਐਫ ਐਨ ਦਾ ਦਰਜਾ ਦੇਣ ਦੀ ਕੋਈ ਯੋਜਨਾ ਨਹੀਂ ਹੈ। ਉਨ੍ਹਾਂ ਤੋਂ ਪੁੱਛਿਆ ਗਿਆ ਸੀ ਕਿ ਕੀ ਸਰਕਾਰ ਭਾਰਤ ਨੂੰ ਸਭ ਤੋਂ ਤਰਜੀਹੀ ਦੇਸ਼ ਦਾ ਦਰਜਾ ਦੇਣ ਅਤੇ ਭਾਰਤ ਨਾਲ ਸ਼ਾਂਤੀ ਵਾਰਤਾ ਸ਼ੁਰੂ ਕਰਨ ਬਾਰੇ ਵਿਚਾਰ ਕਰ ਰਹੀ ਹੈ? ਦਾਊਦ ਨੇ ਕਿਹਾ ਕਿ ਪਾਕਿਸਤਾਨ ਵੱਖ-ਵੱਖ ਦੇਸ਼ਾਂ ਨਾਲ ਮੁਕਤ ਵਪਾਰ ਸਮਝੌਤਿਆਂ ਉੱਤੇ ਕੰਮ ਕਰ ਰਿਹਾ ਹੈ, ਵਿਸ਼ੇਸ਼ ਤੌਰ ’ਤੇ ਚੀਨ ਨਾਲ। ਉਨ੍ਹਾਂ ਆਸ ਪ੍ਰਗਟਾਈ ਕਿ ਚੀਨ ਦੇ ਨਾਲ ਦੂਜਾ ਸਮਝੌਤਾ ਜੂਨ 2019 ਤਕ ਪੂਰਾ ਹੋ ਜਾਵੇਗਾ।

ਵਰਨਣ ਯੋਗ ਹੈ ਕਿ ਪਾਕਿਸਤਾਨ ਨੇ ਭਾਰਤ ਨੂੰ ਅਜੇ ਤਕ ਵਪਾਰ ਵਿਚ ਸਭ ਤੋਂ ਤਰਜੀਹੀ ਦੇਸ਼ ਦਾ ਦਰਜਾ ਨਹੀਂ ਦਿੱਤਾ। ਪਾਕਿਸਤਾਨ ਦੀ 1,209 ਉਤਪਾਦਾਂ ਦੀ ਨਾਂਹ-ਪੱਖੀ ਸੂਚੀ ਹੈ ਜਿਨ੍ਹਾਂ ਦੀ ਇੰਪੋਰਟ ਭਾਰਤ ਤੋਂ ਨਹੀਂ ਹੋ ਸਕਦੀ। ਵਿਸ਼ਵ ਵਪਾਰ ਸੰਗਠਨ ਦੇ ਨਿਯਮਾਂ ਅਨੁਸਾਰ ਇਸ ਦੇ ਹਰ ਮੈਂਬਰ ਨੂੰ ਹੋਰ ਮੈਂਬਰ ਦੇਸ਼ਾਂ ਨੂੰ ਇਹ ਦਰਜਾ ਦੇਣਾ ਹੁੰਦਾ ਹੈ। ਪਾਕਿਸਤਾਨ ਸਮੇਤ ਹੋਰ ਸਾਰੇ ਦੇਸ਼ਾਂ ਨੂੰ ਭਾਰਤ ਇਹ ਦਰਜਾ ਪਹਿਲੇ ਹੀ ਦੇ ਚੁੱਕਾ ਹੈ।

# ਅਮਰੀਕਾ ਵਿੱਚ ਸਾਲ 2017 ਵਿੱਚ ਹੇਟ ਕਰਾਈਮ ਦੀਆਂ 8,400 ਘਟਨਾਵਾਂ ਵਾਪਰੀਆਂ




ਵਾਸ਼ਿੰਗਟਨ, 14 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੀ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਦੀ ਇਕ ਰਿਪੋਰਟ ਅਨੁਸਾਰ 2017 ਦੌਰਾਨ ਅਮਰੀਕਾ ’ਚ 8,400 ਨਫ਼ਰਤੀ ਅਪਰਾਧ ਦੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਵਿਚੋਂ 24 ਸਿੱਖਾਂ ਦੇ ਖ਼ਿਲਾਫ਼, 15 ਹਿੰਦੂਆਂ ਦੇ ਖ਼ਿਲਾਫ਼ ਅਤੇ 300 ਮੁਸਲਿਮਾਂ ਦੇ ਖ਼ਿਲਾਫ਼ ਹਨ।

ਇਸ ਮੰਗਲਵਾਰ ਨੂੰ ਜਾਰੀ ਹੋਈ ਰਿਪੋਰਟ ਅਨੁਸਾਰ 1,678 ਨਫ਼ਰਤੀ ਘਟਨਾਵਾਂ ਯਹੂਦੀਆਂ ਖ਼ਿਲਾਫ਼ ਵਾਪਰੀਆਂ। ਕੁੱਲ ਵਾਪਰੀਆਂ 8,437 ਨਫ਼ਰਤੀ ਘਟਨਾਵਾਂ ਵਿਚੋਂ ਨੌਂ ਬੁੱਧ ਧਰਮ ਦੇ ਪੈਰੋਕਾਰਾਂ ਨਾਲ ਵਾਪਰੀਆਂ। ਸਿੱਖ ਕੁਲੀਸ਼ਨ ਨਾਮਕ ਸੰਸਥਾ, ਜੋ ਸਿੱਖਾਂ ਦੇ ਨਾਗਰਿਕ ਅਧਿਕਾਰਾਂ ਦੀ ਰਾਖੀ ਕਰਦੀ ਹੈ, ਅਨੁਸਾਰ ਸਾਲ 2017 ਵਿੱਚ ਸਿੱਖਾਂ ਨਾਲ 24 ਨਫ਼ਰਤੀ ਅਪਰਾਧ ਦੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਵਿਚੋਂ 12 ਮਾਮਲੇ ਉਨ੍ਹਾਂ ਕੋਲ ਪੁੱਜੇ। ਸਿੱਖ ਕੁਲੀਸ਼ਨ ਦੇ ਐਡਵੋਕੇਸੀ ਮੈਨੇਜਰ ਸਿਮ ਸਿੰਘ ਨੇ ਇਸ ਦੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਅਮਰੀਕਾ ’ਚ ਲਗਪਗ ਪੰਜ ਲੱਖ ਸਿੱਖ ਰਹਿੰਦੇ ਹਨ। ਸਾਲ 2012 ਦੀ ਓਕ ਕਰੀਕ, ਵਿਸਕਾਨਸਿਨ ਦੇ ਗੁਰਦੁਆਰੇ ਵਿੱਚ ਵਾਪਰੀ ਹੋਈ ਘਟਨਾ ਪਿੱਛੋਂ 2015 ਤੋਂ ਐਫ ਬੀ ਆਈ ਨੇ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ’ਤੇ ਤੁਰੰਤ ਕਾਰਵਾਈ ਆਰੰਭੀ ਹੈ।

ਭਾਰਤੀ ਮੂਲ ਦੀ ਸੈਨੇਟਰ ਕਮਲਾ ਹੈਰਿਸ ਦੇ ਅਨੁਸਾਰ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਚੁਣੇ ਜਾਣ ਪਿੱਛੋਂ ਦੱਖਣ ਏਸ਼ਿਆਈ ਅਮਰੀਕੀਆਂ ਖ਼ਿਲਾਫ਼ ਨਫ਼ਰਤੀ ਅਪਰਾਧਾਂ ਦੀ ਗਿਣਤੀ ਵਧੀ ਹੈ। ਕੰਸਾਸ ਵਿਖੇ ਇਕ ਭਾਰਤੀ ਇੰਜੀਨੀਅਰ ਸ੍ਰੀਨਿਵਾਸ ਕੁਚੀਭੋਟਲਾ ਦੀ ਨਫ਼ਰਤੀ ਅਪਰਾਧ ਵਿੱਚ ਹੱਤਿਆ ਕੀਤੀ ਗਈ ਸੀ। ਨਿਊਯਾਰਕ ਵਿਖੇ ਭਾਰਤੀ ਮੂਲ ਦੀ ਇਕ ਲੜਕੀ ਉਤੇ ਟਰੇਨ ਵਿਚ ਇਕ ਅਫ਼ਰੀਕੀ-ਅਮਰੀਕੀ ਵਿਅਕਤੀ ਨੇ ਨਸਲੀ ਹਮਲਾ ਕੀਤਾ ਸੀ। ਦੱਖਣੀ ਕੈਰੋਲੀਨਾ ’ਚ ਇਕ ਦੁਕਾਨਦਾਰ ਹਰਨੀਸ਼ ਪਟੇਲ ਦੀ ਉਸ ਦੀ ਦੁਕਾਨ ’ਚ ਗੋਲ਼ੀ ਮਾਰ ਕੇ ਹੱਤਿਆ ਕੀਤੀ ਗਈ ਸੀ। ਕੈਂਟ ’ਚ ਇਕ ਸਿੱਖ ਦੀਪ ਰਾਏ ਨੂੰ ਨਫ਼ਰਤੀ ਅਪਰਾਧ ਤਹਿਤ ਗੋਲ਼ੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ ਸੀ।

## ਰਿਮੋਟ ਦੀ ਬਜਾਏ ਦਿਮਾਗ ਨਾਲ ਕੰਟਰੋਲ ਹੋਣਗੇ ਟੀ ਵੀ

ਸਾਨ ਫ੍ਰਾਂਸਿਸਕੋ, 14 ਨਵੰਬਰ (ਪੋਸਟ ਬਿਊਰੋ)- ਮਨੋਰੰਜਨ ਦੇ ਖੇਤਰ ਨਾਲ ਸਬੰਧਤ ਇਕ ਨਵੀਂ ਤਕਨੀਕ ਵਿਕਸਿਤ ਹੋ ਰਹੀ ਹੈ, ਛੇਤੀ ਹੀ ਅਜਿਹੀ ਤਕਨਾਲੋਜੀ ਵਾਲਾ ਟੀ ਵੀ ਆ ਰਿਹਾ ਹੈ ਜਿਸ ਨੂੰ ਤੁਸੀਂ ਦਿਮਾਗ ਨਾਲ ਕੰਟਰੋਲ ਕਰ ਸਕੋਗੇ। ਸਿਰਫ ਤੁਹਾਡੇ ਸੋਚਣ ਨਾਲ ਹੀ ਚੈਨਲ ਬਦਲ ਜਾਵੇਗਾ ਤੇ ਆਵਾਜ਼ ਘੱਟ-ਵੱਧ ਕੀਤੀ ਜਾਵੇਗੀ। ਇਸ ਲਈ ਜੇ ਤੁਸੀਂ ਟੀ ਵੀ ਰਿਮੋਟ ਕਿਤੇ ਰੱਖ ਕੇ ਭੁੱਲ ਗਏ ਜਾਂ ਖਰਾਬ ਹੋ ਗਿਆ ਹੈ ਤਾਂ ਚਿੰਤਾ ਕਰਨ ਦੀ ਲੋੜ ਨਹੀਂ।

ਦੱਖਣੀ ਕੋਰੀਆਈ ਕਨਜ਼ਿਊਮਰ ਇਲੈਕਟ੍ਰਾਨਿਕਸ ਕੰਪਨੀ ਸੈਮਸੰਗ ਨੇ ਇਸ ਦਾ ਪ੍ਰੋਟੋਟਾਈਪ ਤਿਆਰ ਕੀਤਾ ਹੈ। ਕੰਪਨੀ ਨੇ ਇਸ ਨੂੰ ਪ੍ਰਾਜੈਕਟ ਪੋਂਥਿਯਸ ਦਾ ਨਾਮ ਦਿੱਤਾ ਅਤੇ ਸਵਿੱਟਜ਼ਰਲੈਂਡ ਦੇ ਸੈਂਟਰ ਆਫ ਨਿਊਰੋਪ੍ਰੋਸਥੇਟਿਕਸ ਨਾਲ ਮਿਲ ਕੇ ਇਸ ਉੱਤੇ ਕੰਮ ਕਰ ਰਹੀ ਹੈ। ਉਸ ਨੇ ਪਿਛਲੇ ਹਫਤੇ ਸਾਨ ਫ੍ਰਾਂਸਿਸਕੋ ਵਿਚ ਹੋਈ ਡਿਵੈਲਪਰ ਕਾਨਫਰੰਸ ਵਿਚ ਇਸ ਦਾ ਪ੍ਰੋਟੋਟਾਈਪ ਪੇਸ਼ ਕੀਤਾ ਸੀ। ਕੰਪਨੀ ਨੇ ਬਿਆਨ ਜਾਰੀ ਕੀਤਾ ਕਿ ਇਸ ਪ੍ਰਾਜੈਕਟ ਦਾ ਉਦੇਸ਼ ਗੰਭੀਰ ਸਰੀਰਕ ਅਸਮਰੱਥਾ ਵਾਲੇ ਲੋਕਾਂ ਨੂੰ ਬਿਨਾਂ ਕਿਸੇ ਦੀ ਮਦਦ ਦੇ ਪਸੰਦੀਦਾ ਸੀਰੀਅਲ ਅਤੇ ਸ਼ੋਅ ਦਿਖਾਉਣ ਵਿਚ ਮਦਦ ਕਰਨਾ ਹੈ।

ਇਸ ਪ੍ਰਾਜੈਕਟ ਨਾਲ ਜੁੜੇ ਵਿਗਿਆਨਕ ਰਿਕਾਰਡੋ ਕੈਵੇਰਿਯਾਗਾ ਨੇ ਕਿਹਾ ਕਿ ਇਹ ਤਕਨਾਲੋਜੀ ਗੁੰਝਲਦਾਰ ਹੈ, ਪਰ ਬਹੁਤ ਸਮਝਦਾਰ ਹੈ। ਸਾਨੂੰ ਧਿਆਨ ਰੱਖਣ ਦੀ ਲੋੜ ਹੈ ਕਿ ਇਸ ਨੂੰ ਇਨਸਾਨੀ ਦਿਮਾਗ ਨਾਲ ਜੁੜ ਕੇ ਕੰਮ ਕਰਨ ਲਈ ਬਣਾਇਆ ਜਾਣਾ ਹੈ। ਦਰਸ਼ਕ ਨੂੰ ਟੀ ਵੀ ਨਾਲ ਜੋੜਨ ਲਈ ਇਹ ਸਿਸਟਮ ਬ੍ਰੇਨ ਕੰਪਿਊਟਰ ਇੰਟਰਫੇਸ (ਬੀ ਸੀ ਆਈ) ਦੀ ਵਰਤੋਂ ਕਰਦਾ ਹੈ। ਬੀ ਸੀ ਆਈ-64 ਸੈਂਸਰ ਅਤੇ ਆਈ ਮੋਸ਼ਨ ਟ੍ਰੈਕਰ ਵਾਲੇ ਹੈੱਡਸੈੱਟ ’ਤੇ ਨਿਰਭਰ ਕਰਦਾ ਹੈ।

## ਸਾਬਕਾ ਪਤੀ ਨੇ ਤੀਰ ਮਾਰ ਕੇ ਭਾਰਤੀ ਪ੍ਰਵਾਸੀ ਗਰਭਵਤੀ ਔਰਤ ਦੀ ਹੱਤਿਆ ਕੀਤੀ

ਲੰਡਨ, 14 ਨਵੰਬਰ (ਪੋਸਟ ਬਿਊਰੋ)- ਲੰਡਨ ਵਿੱਚ ਤੀਰ ਨਾਲ ਕੀਤੇ ਹਮਲੇ ਵਿੱਚ ਭਾਰਤੀ ਮੂਲ ਦੀ ਇੱਕ ਗਰਭਵਤੀ ਮਹਿਲਾ ਦੀ ਮੌਤ ਹੋ ਗਈ। ਤੀਰ ਮਹਿਲਾ ਦੇ ਪੇਟ ਵਿੱਚ ਲੱਗਾ ਸੀ। ਐਮਰਜੈਂਸੀ ਸਿਜੇਰੀਅਨ ਕਰ ਕੇ ਡਾਕਟਰਾਂ ਨੇ ਬੱਚੇ ਦੀ ਜਾਨ ਬਚਾ ਲਈ, ਪਰ ਉਹ ਔਰਤ ਨਹੀਂ ਬਚਾਈ ਜਾ ਸਕੀ।

ਮਿਲੀ ਜਾਣਕਾਰੀ ਅਨੁਸਾਰ ਬੀਤੀ ਸ਼ਾਮ ਪੂਰਬੀ ਲੰਡਨ ਦੇ ਇਲਫੋਰਡ ਇਲਾਕੇ ਵਿੱਚ ਦੇਵੀ ਉਨਮਥਾਲੇਗਾਡੂ (35 ਸਾਲ) ਉੱਤੇ ਉਸ ਦੇ ਸਾਬਕਾ ਪਤੀ ਨੇ ਤੀਰ ਨਾਲ ਹਮਲਾ ਕੀਤਾ ਸੀ। ਸਥਾਨਕ ਹਸਪਤਾਲ ਵਿੱਚ ਇਲਾਜ ਦੌਰਾਨ ਉਨ੍ਹਾਂ ਨੇ ਦਮ ਤੋੜ ਦਿੱਤਾ। ਸਕਾਟਲੈਂਡ ਯਾਰਡ ਪੁਲਸ ਨੇ ਕਤਲ ਦੇ ਦੋਸ਼ ਵਿੱਚ 50 ਸਾਲ ਦੇ ਰਾਮਨੋਜ ਉਨਮਥਾਲੇਗਾਡੂ ਨੂੰ ਗ੍ਰਿਫਤਾਰ ਕਰ ਲਿਆ। ਦੇਵੀ ਨੂੰ ਆਸਪਾਸ ਦੇ ਲੋਕ ਸਨਾ ਮੁਹੰਮਦ ਦੇ ਨਾਂਅ ਨਾਲ ਜਾਣਦੇ ਸਨ। ਗੁਆਂਢੀਆਂ ਨੇ ਦੱਸਿਆ ਕਿ ਕਰੀਬ ਸੱਤ ਸਾਲ ਪਹਿਲਾਂ ਇਮਤਿਆਜ਼ ਮੁਹੰਮਦ ਨਾਂਅ ਦੇ ਸ਼ਖਸ ਨਾਲ ਵਿਆਹ ਪਿੱਛੋਂ ਉਸ ਨੇ ਇਸਲਾਮ ਕਬੂਲ ਕਰ ਲਿਆ ਸੀ। ਦੇਵੀ ਦੇ ਆਪਣੇ ਪਹਿਲੇ ਪਤੀ ਤੋਂ 18, 14 ਅਤੇ 12 ਸਾਲ ਦੇ ਤਿੰਨ ਬੱਚੇ ਹਨ। ਦੂਸਰੇ ਪਤੀ ਤੋਂ ਪੰਜ ਤੇ ਦੋ ਸਾਲ ਦੀਆਂ ਦੋ ਧੀਆਂ ਹਨ। ਮਹਿਲਾ ਦੀ ਮੌਤ ਪਿੱਛੋਂ ਸਿਜੇਰੀਅਨ ਨਾਲ ਬਚ ਗਿਆ ਬੱਚਾ ਲੜਕਾ ਹੈ।

## ਅਮਰੀਕੀ ਪੁਲਸ ਅਧਿਕਾਰੀ ਉੱਤੇ ਗੈਰ ਗੋਰੇ ਗਾਰਡ ਦੇ ਕਤਲ ਦੇ ਦੋਸ਼ ਦੀ ਜਾਂਚ ਸ਼ੁਰੂ



ਸ਼ਿਕਾਗੋ, 14 ਨਵੰਬਰ (ਪੋਸਟ ਬਿਊਰੋ)- ਅਮਰੀਕੀ ਦੇ ਸ਼ਹਿਰ ਸ਼ਿਕਾਗੋ ਵਿੱਚ ਇਕ ਬਾਰ ਦੇ ਬਾਹਰ ਇਕ ਗੈਰ-ਗੋਰੇ ਸੁਰੱਖਿਆ ਕਰਮਚਾਰੀ (ਗਾਰਡ) ਉੱਤੇ ਇਕ ਗੋਰੇ ਰੰਗ ਦੇ ਪੁਲਸ ਅਫਸਰ ਨੇ ਗੋਲੀ ਚਲਾ ਕੇ ਉਸ ਨੂੰ ਮਾਰ ਦਿੱਤਾ। ਗੋਲੀ ਚਲਾਉਣ ਦੇ ਮਾਮਲੇ ਵਿੱਚ ਇਸ ਗੋਰੇ ਰੰਗ ਦੇ ਅਧਿਕਾਰੀ ਖਿਲਾਫ ਜਾਂਚ ਸ਼ੁਰੂ ਹੋ ਗਈ ਹੈ।

ਇਹ ਘਟਨਾ ਐਤਵਾਰ ਤੜਕੇ ਰਾਬਿਨਜ਼ ਸ਼ਹਿਰ ਦੇ ਮੈਨੀਜ ਬਲੂ ਰੂਮ ਲਾਂਜ ’ਚ ਵਾਪਰੀ ਸੀ। ਬਾਰ ’ਚ ਕੰਮ ਕਰਨ ਵਾਲੇ ਸੁਰੱਖਿਆ ਅਧਿਕਾਰੀ ਜੇਮੇਲ ਰਾਬਰਸਨ (26) ਨੇ ਕੇਸ ’ਚ ਉਸ ਸਮੇਂ ਦਖਲ ਦਿੱਤਾ, ਜਦ ਓਥੇ ਕਿਸੇ ਗੱਲ ਕਾਰਨ ਝਗੜਾ ਸ਼ੁਰੂ ਹੋ ਗਿਆ ਅਤੇ ਕਿਸੇ ਨੇ ਅਚਾਨਕ ਗੋਲੀਬਾਰੀ ਕਰਨੀ ਸ਼ੁਰੂ ਕਰ ਦਿੱਤੀ। ਇਸ ਪਿੱਛੋਂ ਪੁਲਸ ਦੇ ਕਈ ਅਫਸਰ ਮੌਕੇ ’ਤੇ ਪੁੱਜੇ। ਘਟਨਾ ’ਚ ਬੰਧੂਕਧਾਰੀ ਸਮੇਤ ਚਾਰ ਲੋਕ ਜ਼ਖਮੀ ਹੋ ਗਏ ਪਰ ਕਿਸੇ ਨੇ ਜਾਨ ਨੂੰ ਖਤਰਾ ਨਹੀਂ। ਗਵਾਹ ਐਡਮ ਹੈਰਿਸ ਨੇ ਦੱਸਿਆ ਕਿ ਰਾਬਰਸਨ ਨੇ ਇਕ ਵਿਅਕਤੀ ਨੂੰ ਗੋਡਿਆਂ ਭਾਰ ਬਿਠਾਇਆ ਹੋਇਆ ਅਤੇ ਉਸ ਉੱਤੇ ਬੰਦੂਕ ਤਾਣੀ ਹੋਈ ਸੀ। ਸਾਰੇ ਲੋਕ ਮਦਦ ਲਈ ਚੀਕ ਰਹੇ ਸਨ। ਉਹ ਸੁਰੱਖਿਆ ਗਾਰਡ ਸੀ, ਪਰ ਪੁਲਸ ਨੇ ਜਦ ਗੈਰ-ਗੋਰੇ ਵਿਅਕਤੀ (ਜੇਮੇਲ ਰਾਬਰਸਨ) ਨੂੰ ਬੰਦੂਕ ਸਮੇਤ ਦੇਖਿਆ ਤਾਂ ਉਨ੍ਹਾਂ ਨੇ ਉਸ ਉਤੇ ਗੋਲੀਆਂ ਚਲਾ ਦਿੱਤੀਆਂ। ਇਸ ਮਗਰੋਂ ਰਾਬਰਸਨ ਨੇ ਹਸਪਤਾਲ ’ਚ ਦਮ ਤੋੜ ਦਿੱਤਾ ਸੀ। ਜਾਂਚ ਕਰ ਰਹੇ ਅਧਿਕਾਰੀਆਂ ਨੇ ਅਧਿਕਾਰਕ ਤੌਰ ’ਤੇ ਇਸ ਦੀ ਪੁਸ਼ਟੀ ਨਹੀਂ ਕੀਤੀ, ਪਰ ਇਕ ਕਰਮਚਾਰੀ ਨੇ ਰਾਬਰਸਨ ’ਤੇ ਗੋਲੀ ਚਲਾਉਣ ਵਾਲੇ ਅਫਸਰ ਦੇ ਗੋਰੇ ਹੋਣ ਦੀ ਪੁਸ਼ਟੀ ਕੀਤੀ ਸੀ। ਅਧਿਕਾਰੀਆਂ ਨੇ ਮਰਨ ਵਾਲੇ ਗਾਰਡ ਨੂੰ ਸ਼ਰਧਾਂਜਲੀ ਦਿੰਦੇ ਹੋਏ ਕਿਹਾ ਕਿ ਉਹ ਬਹਾਦਰ ਵਿਅਕਤੀ ਸੀ ਜੋ ਮੌਕੇ ’ਤੇ ਮੌਜੂਦ ਲੋਕਾਂ ਦਾ ਬਚਾਅ ਕਰਨ ਲਈ ਪੂਰੀ ਜਾਨ ਲਾ ਰਿਹਾ ਸੀ। ਲੋਕਾਂ ਨੇ ਉਸ ਦੇ ਪਰਿਵਾਰ ਦੀ ਮਦਦ ਲਈ ਲਗਭਗ 90 ਹਜ਼ਾਰ ਡਾਲਰ ਇਕੱਠੇ ਕੀਤੇ ਹਨ।

## ਇੰਟਰਨੈਟ ਟਰੈਫਿਕ ਡਾਟਾ ਹਾਈਜੈਕ ਹੋਣ ਨਾਲ ਗੂਗਲ ਦੀ ਸੇਵਾ ਠੱਪ ਰਹੀ ਠੱਪ



ਨਿਊ ਯਾਰਕ, 14 ਨਵੰਬਰ (ਪੋਸਟ ਬਿਊਰੋ)- ਦੁਨੀਆ ਭਰ ਵਿੱਚ ਕੱਲ੍ਹ ਦੋ ਕਰੀਬ ਦੋ ਘੰਟੇ ਗੂਗਲ ਦੀਆਂ ਇੰਟਰਨੈੱਟ ਅਤੇ ਕਲਾਊਡ ਹੋਸਟਿੰਗ ਸੇਵਾਵਾਂ ਠੱਪ ਰਹੀਆਂ। ਯੂਜਰਜ਼ ਮੁਤਾਬਕ ਗੂਗਲ ਅਤੇ ਯੂ-ਟਿਊਬ ਜਾਂ ਬਹੁਤ ਹੌਲੀ ਚੱਲ ਰਹੇ ਸਨ ਜਾਂ ਬੰਦ ਹੋ ਗਏ। ਇੰਟਰਨੈੱਟ ਮਾਨੀਟ੍ਰਿੰਗ ਕੰਪਨੀਆਂ ਦੇ ਮੁਤਾਬਕ ਇਨ੍ਹਾਂ ਨੂੰ ਬਹਾਲ ਹੋਣ ਵਿੱਚ ਦੋ ਘੰਟੇ ਤੋਂ ਵੱਧ ਦਾ ਸਮਾਂ ਲੱਗਾ। ਮਾਹਰਾਂ ਦੇ ਦੱਸਣ ਮੁਤਾਬਕ ਇਹ ਚੀਨ, ਨਾਈਜੀਰੀਆ ਤੇ ਰੂਸ ਵਰਗੇ ਦੇਸ਼ਾਂ ਤੋਂ ਇੰਟਰਨੈੱਟ ਟਰੈਫਿਕ ਡਾਟਾ ਡਾਇਵਰਟ ਕੀਤੇ ਜਾਣ ਨਾਲ ਹੋਇਆ। ਇਸ ਨਾਲ ਗੂਗਲ ਦੀਆਂ ਸੇਵਾਵਾਂ ਤੱਕ ਪਹੁੰਚਦੇ ਡਾਟਾ ਟਰੈਫਿਕ ਦੇ ਫਲੋ ਦੀ ਸਮੱਸਿਆ ਹੋਈ। ਇਸ ਨੂੰ ਹਾਲੇ ਤੱਕ ਸਭ ਤੋਂ ਵੱਡਾ ਇੰਟਰਨੈੱਟ ਹਾਈਜੈਕ ਕਿਹਾ ਗਿਆ ਹੈ।

ਇਸ ਬਾਰੇ ਗੂਗਲ ਨੇ ਕੱਲ੍ਹ ਨੈੱਟਵਰਕ ਸਟੇਟਸ ਪੇਜ਼ ਉਤੇ ਸਮੱਸਿਆ ਦੀ ਪੁਸ਼ਟੀ ਕੀਤੀ, ਪਰ ਕਿਹਾ ਕਿ ਜੋ ਕੁਝ ਹੋਇਆ, ਉਹ ਉਸ ਦੇ ਕੰਟਰੋਲ ਤੋਂ ਬਾਹਰ ਸੀ। ਆਮ ਤੌਰ ਉੱਤੇ ਬਾਰਡਰ ਗੇਟਵੇ ਪ੍ਰੋਟੋਕਾਲ ਹਾਈਜੈਕਿੰਗ ਦੇ ਤੌਰ 'ਤੇ ਜਾਣੀ ਜਾਂਦੀ ਇਸ ਪ੍ਰਕਿਰਿਆ ਦੇ ਨਾਲ ਜ਼ਰੂਰੀ ਸੇਵਾਵਾਂ ਨੂੰ ਆਫਲਾਈਨ ਕਰ ਕੇ ਜਾਸੂਸੀ ਅਤੇ ਵਿੱਤੀ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਪਰ ਮਾਹਰਾਂ ਦਾ ਕਹਿਣਾ ਹੈ ਕਿ ਗੂਗਲ ਸੇਵਾਵਾਂ ਤੱਕ ਪਹੁੰਚਣ ਵਾਲਾ 97 ਫੀਸਦੀ ਨੈੱਟਵਰਕ ਐਨਕ੍ਰਿਪਟਿਡ ਹੈ, ਜੋ ਇੰਟਰਨੈੱਟ ਟਰੈਫਿਕ ਡਾਟਾ ਦਾ ਰੂਟ ਬਦਲਣ ਦੇ ਬਾਵਜੂਦ ਕਿਸੇ ਹਰ ਖਤਰੇ ਤੋਂ ਬਚਿਆ ਰਹਿੰਦਾ ਹੈ। ਨੈੱਟਵਰਕ ਇੰਟੈਲੀਜੈਂਸ ਕੰਪਨੀ ਥਾਊਜ਼ੰਡ ਆਈਜ਼ ਦੇ ਐਗਜੀਕਿਊਟਿਵ ਅਲੈਕਸ ਹੈਂਥੋਰਨ ਇਵਾਨੇ ਦੇ ਅਨੁਸਾਰ ਇਸ ਤਰ੍ਹਾਂ ਇੰਟਰਨੈੱਟ ਟਰੈਫਿਕ ਡਾਟਾ ਨੂੰ ਰੀ-ਰੂਟ ਕਰਨ ਨਾਲ ਜਾਸੂਸੀ ਅਤੇ ਚੋਰੀ ਹੋ ਸਕਦੀ ਹੈ।

ਅਪ੍ਰੈਲ 2017 ਵਿੱਚ ਇਸ ਤਰ੍ਹਾਂ ਦਾ ਮਾਮਲਾ ਸਾਹਮਣੇ ਆਇਆ ਸੀ। ਇਸ ਦੌਰਾਨ ਮਾਸਟਰਕਾਰਡ ਅਤੇ ਵੀਜ਼ਾ ਨੂੰ ਖਾਸੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਸੀ। ਇਸ ਤੋਂ ਪਹਿਲਾਂ ਕ੍ਰਿਪਟੋਕਰੰਸੀ ਚੋਰੀ ਦੇ ਕੇਸ ਵਿੱਚ ਇਸੇ ਤਰ੍ਹਾਂ ਹਾਈਜੈਕਿੰਗ ਹੋਈ ਸੀ। ਤਾਜ਼ਾ ਮਾਮਲੇ ਵਿੱਚ ਰੂਸ, ਚੀਨ ਅਤੇ ਨਾਈਜੀਰੀਆ ਦੀ ਇੰਟਰਨੈੱਟ ਪ੍ਰੋਵਾਈਡਰ ਕੰਪਨੀ ਨੂੰ ਜ਼ਿੰਮੇਵਾਰ ਦੱਸਿਆ ਜਾ ਰਿਹਾ ਹੈ।

## ਫਿਕਸਿੰਗ ਦੇ ਦੋਸ਼ਾਂ ਵਿੱਚ ਘਿਰਿਆ ਸ੍ਰੀਲੰਕਨ ਕ੍ਰਿਕਟਰ ਸਸਪੈਂਡ



ਦੁਬਈ, 14 ਨਵੰਬਰ (ਪੋਸਟ ਬਿਊਰੋ)- ਅੰਤਰਰਾਸ਼ਟਰੀ ਕ੍ਰਿਕਟ ਕੌਂਸਲ (ਆਈ ਸੀ ਸੀ) ਨੇ ਕੱਲ੍ਹ ਸ੍ਰੀਲੰਕਾ ਦੇ ਸਾਬਕਾ ਹਰਫਨਮੌਲਾ ਖਿਡਾਰੀ ਦਿਲਹਾਰਾ ਲੋਕੁਹੇਤੀਗੇ ਨੂੰ ਸਸਪੈਂਡ ਕਰ ਦਿੱਤਾ ਹੈ।

ਆਈ ਸੀ ਸੀ ਨੇ ਲੋਕੁਹੇਤੀਗੇ ਨੂੰ ਪਿਛਲੇ ਸਾਲ ਯੂ ਏ ਈ ਵਿੱਚ ਹੋਈ ਟੀ-10 ਲੀਗ ਵਿੱਚ ਮੈਚ ਫਿਕਸਿੰਗ ਦਾ ਦੋਸ਼ੀ ਮੰਨਿਆ ਅਤੇ ਕਿਹਾ ਉਨ੍ਹਾਂ ਨੇ ਅਮੀਰਾਤ ਕ੍ਰਿਕਟ ਬੋਰਡ (ਈ ਸੀ ਬੀ) ਵੱਲੋਂ ਲੋਕੁਹੇਤੀਗੇ ਖਿਲਾਫ ਦੋਸ਼ ਤੈਅ ਕੀਤੇ ਹਨ। ਇਸ ਸਾਬਕਾ ਕ੍ਰਿਕਟਰ ਨੂੰ ਇੰਗਲਿਸ਼ ਕ੍ਰਿਕਟ ਬੋਰਡ (ਈ ਸੀ ਬੀ) ਦੇ ਜ਼ਾਬਤੇ ਲਈ ਟੀ-10 ਲੀਗ ਦੇ ਦੌਰਾਨ ਭ੍ਰਿਸ਼ਟਾਚਾਰ ਰੋਕੂ ਅਧਿਕਾਰੀ ਨਿਯੁਕਤ ਕੀਤਾ ਗਿਆ ਸੀ। ਸ੍ਰੀਲੰਕਾ ਵੱਲੋਂ ਨੌਂ ਇੱਕ ਦਿਨਾਂ ਅੰਤਰਰਾਸ਼ਟਰੀ ਅਤੇ ਦੋ ਟੀ-20 ਖੇਡਣ ਵਾਲੇ ਲੋਕੁਹੇਤੀਗੇ ਉੱਤੇ ਈ ਸੀ ਬੀ ਦੇ ਭ੍ਰਿਸ਼ਟਾਚਾਰ ਰੋਕੂ ਜ਼ਾਬਤੇ ਹੇਠ ਤਿੰਨ ਦੋਸ਼ ਤੈਅ ਹੋਏ ਹਨ। ਦੋਸ਼ ਹਨ ਕਿ ਲੋਕੁਹੇਤੀਗੇ ਨੇ ਘਰੇਲੂ ਮੈਚ ਨੂੰ ਫਿਕਸ ਜਾਂ ਗਲਤ ਤਰੀਕੇ ਨਾਲ ਪ੍ਰਭਾਵਤ ਕੀਤਾ ਅਤੇ ਇਸ ਟੀ-10 ਚੈਂਪੀਅਨਸ਼ਿਪ ਵਿੱਚ ਹਿੱਸਾ ਨਹੀਂ ਲਿਆ ਤੇ ਉਨ੍ਹਾਂ ਕੋਲ ਇਨ੍ਹਾਂ ਦੋਸ਼ਾਂ ਦਾ ਜਵਾਬ ਦੇਣ ਲਈ 14 ਦਿਨ ਦਾ ਸਮਾਂ ਹੈ।

ਸ੍ਰੀਲੰਕਾ ਕ੍ਰਿਕਟ ਨੂੰ ਬੀਤੇ ਵਿੱਚ ਭ੍ਰਿਸ਼ਟਾਚਾਰ ਦੇ ਕਈ ਕੇਸਾਂ ਦਾ ਸਾਹਮਣਾ ਕਰਨਾ ਪਿਆ ਹੈ। ਆਈ ਸੀ ਸੀ ਨੇ ਸ੍ਰੀਲੰਕਾ ਦੇ ਸਾਬਕਾ ਤੇਜ਼ ਗੇਂਦਬਾਜ਼ ਨੁਵਾਨ ਜੋਇਸਾ ਉਤੇ ਵੀ ਮੈਚ ਫਿਕਸਿੰਗ ਦਾ ਦੋਸ਼ ਲਾਇਆ ਸੀ ਤੇ 31 ਅਕਤੂਬਰ ਨੂੰ ਉਨ੍ਹਾਂ ਨੂੰ ਅਸਥਾਈ ਤੌਰ 'ਤੇ ਸਸਪੈਂਡ ਕਰ ਦਿੱਤਾ ਸੀ। ਸਨਥ ਜੈਸੂਰੀਆ ਉਤੇ ਵੀ ਆਈ ਸੀ ਸੀ ਦੇ ਭ੍ਰਿਸ਼ਟਾਚਾਰ ਰੋਕੂ ਜ਼ਾਬਤੇ ਤਹਿਤ ਦੋ ਦੋਸ਼ ਲੱਗੇ ਹਨ ਜਿਸ ਤੋਂ ਸ੍ਰੀਲੰਕਾ ਦੇ ਇਸ ਸਾਬਕਾ ਕਪਤਾਨ ਨੇ ਇਨਕਾਰ ਕੀਤਾ ਹੈ।

A/Z Drivers Needed/ਡਰਾਈਵਰਾਂ ਦੀ ਲੋੜ

- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੈਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

“ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ”

New Drivers Are Also Welcome, We Give Paid Training With Full Time Job

For Further Information Contact: 6476253344

Honesty, Reliability, Commitment

HomeLife SilverCity Realty Inc. Brokerage

"Open House Until Sold"
- 1 yr Home Warranty
- Furniture & Home Appliances
- Get 40% Discount on Brand Name
- Free Evaluation & Lowest Commission

Hira Randhawa
Broker

www.hirarandhawa.com | hirarandhawa@yahoo.ca

For all your Needs Call: 416.319.0551 or 905.913.8585

SAVE SAVE SAVE ....$$$$$$

Super Visa Insurance
On affordable rates, pay in installments, full refund on early cancellation.
RESP
Act immediately to get 15% Extra govt. grant of Year 2018

Visitor/Travel/Life/ Disability/Funeral Insurance

MICHELIN · Hankook · Continental · ROADLUX · BFGoodrich · AEOLUS

BEST TRUCK REPAIR & TIRE CENTRE

ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਦੀ ਭਾਰੀ ਸੇਲ

We also Specialize in Engine, Transmission, Differential Rebuild, Safety Inspection & All Kinds of Electric Work

SPECIAL ON TRUCK ALIGNMENT  BRAND NEW MACHINES 2018

Brake & Drum - On Special Sale!
-Made in U.S

4 CAT Batteries $500 on Special Sale

Special Sale on Smartway Approved Tires $245 each


www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ

Chevron Delo
Special OIL CHANGE Rates

1715 Sismet Rd, Mississauga | Call Ranjit: 416.624.8351 | Tel: 905.625.0055

## ਅੱਤਵਾਦੀਆਂ ਲਈ ਬੰਬ-ਬੰਦੂਕ ਤੋਂ ਵੱਧ ਤਕੜਾ ਹਥਿਆਰ ਹੋਵੇਗਾ ਸਮਾਰਟ ਫੋਨ



ਪੈਰਿਸ, 14 ਨਵੰਬਰ (ਪੋਸਟ ਬਿਊਰੋ)- ਬੰਬ ਅਤੇ ਬੰਦੂਕਾਂ ਤੋਂ ਇਲਾਵਾ ਸਮਾਰਟ ਫੋਨ ਅੱਤਵਾਦੀਆਂ ਲਈ ਇੱਕ ਸ਼ਕਤੀਸ਼ਾਲੀ ਹਥਿਆਰ ਸਾਬਿਤ ਹੋ ਸਕਦਾ ਹੈ, ਪਰ ਨਾਲ ਇਹ ਖੁਫੀਆ ਸੇਵਾਵਾਂ ਲਈ ਅੱਤਵਾਦੀਆਂ ਦਾ ਪਤਾ ਲਾਉਣ ਦਾ ਸਾਧਨ ਬਣ ਸਕਦਾ ਹੈ। 13 ਨਵੰਬਰ 2015 ਨੂੰ ਪੈਰਿਸ ਵਿਖੇ ਹੋਇਆ ਹਮਲਾ ਇਸ ਦੀ ਜਿਊਂਦੀ ਜਾਗਦੀ ਮਿਸਾਲ ਹੈ। ਇੰਨੀ ਵੱਡੀ ਪੱਧਰ ਵਾਲਾ ਹਮਲਾ ਸਮਾਰਟ ਫੋਨ ਤੋਂ ਬਿਨਾਂ ਨਹੀਂ ਹੋ ਸਕਦਾ ਸੀ।

ਫਰਾਂਸ ਦੇ ਇੱਕ ਰਿਟਾਇਰਡ ਅੱਤਵਾਦੀ ਵਿਰੋਧੀ ਅਧਿਕਾਰੀ ਨੇ ਆਪਣੀ ਪਛਾਣ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਆਈ ਐਸ ਆਈ ਐਸ ਦੇ ਬੰਦੂਕਧਾਰੀਆਂ ਨੇ ਸਮਾਰਟ ਫੋਨ ਦੀ ਵੱਡੀ ਪੱਧਰ ਉੱਤੇ ਵਰਤੋਂ ਕੀਤੀ ਸੀ। ਪੈਰਿਸ ਹਮਲੇ ਤੋਂ ਪਹਿਲਾਂ ਵੀ ਕਈ ਮੌਕਿਆਂ 'ਤੇ ਹੋਰ ਕਈ ਹਮਲੇ ਕਰਨ ਲਈ ਸਮਾਰਟ ਫੋਨ ਦੀ ਵਰਤੋਂ ਕੀਤੀ ਗਈ ਸੀ। ਅਧਿਕਾਰੀ ਨੇ ਕਿਹਾ ਕਿ ਸਕਰੀਨ 'ਤੇ ਇੱਕ ਸਵਾਈਪ ਦੇ ਨਾਲ ਸਮਾਰਟ ਫੋਨ ਲੋਕਾਂ ਤੱਕ ਪਹੁੰਚਣ ਵਿੱਚ ਕਿਸੇ ਨੂੰ ਵੀ ਸਮਰੱਥ ਬਣਾ ਸਕਦਾ ਹੈ। ਇਸ ਕਾਰਨ ਜਿਹਾਦੀਆਂ ਲਈ ਨਵੇਂ ਮੈਂਬਰਾਂ ਨੂੰ ਆਪਣੇ ਨਾਲ ਜੋੜਨਾ ਸੌਖਾ ਹੋ ਗਿਆ ਹੈ। ਅੱਜਕੱਲ੍ਹ ਸਭ ਹਵਾਈ ਹਮਲੇ ਸਮਾਰਟ ਫੋਨ 'ਤੇ ਕੇਂਦਰਿਤ ਹੁੰਦੇ ਹਨ।

### ਫਰੀਦਕੋਟ ਕਾਂਡ:

## ਨਿਸ਼ਾਨ ਸਿੰਘ ਦੀ ਚਾਰ ਏਕੜ ਜ਼ਮੀਨ 91 ਲੱਖ ਰੁਪਏ ਦੀ ਨਿਲਾਮ ਕੀਤੀ ਗਈ

ਫਰੀਦਕੋਟ, 14 ਨਵੰਬਰ (ਪੋਸਟ ਬਿਊਰੋ)- ਬਹੁ-ਚਰਚਿਤ ਫਰੀਦਕੋਟ ਅਗਵਾ ਕਾਂਡ ਦੀ ਪੀੜਤ ਲੜਕੀ ਅਤੇ ਉਸ ਦੇ ਮਾਪਿਆਂ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ 90 ਲੱਖ ਰੁਪਏ ਮੁਆਵਜ਼ਾ ਦਿਵਾਉਣ ਲਈ ਮਾਲ ਵਿਭਾਗ ਨੇ ਅਗਵਾ ਕਾਂਡ ਦੇ ਮੁੱਖ ਦੋਸ਼ੀ ਨਿਸ਼ਾਨ ਸਿੰਘ ਦੀ ਚਾਰ ਕਿੱਲੇ ਸ਼ਹਿਰੀ ਜ਼ਮੀਨ 91 ਲੱਖ ਰੁਪਏ ਦੀ ਨਿਲਾਮ ਕੀਤੀ ਹੈ। ਜੇਲ੍ਹ ਵਿੱਚ ਹੋਣ ਦੇ ਬਾਵਜੂਦ ਨਿਸ਼ਾਨ ਸਿੰਘ ਦੀ ਦਹਿਸ਼ਤ ਅਜੇ ਵੀ ਕਾਇਮ ਹੈ ਤੇ ਕਿਸੇ ਪ੍ਰਾਈਵੇਟ ਵਿਅਕਤੀ ਨੇ ਜ਼ਮੀਨ ਦੀ ਨਿਲਾਮੀ ਲਈ ਬੋਲੀ ਨਹੀਂ ਦਿੱਤੀ। ਬਾਅਦ ਵਿੱਚ ਇਹ ਜ਼ਮੀਨ ਰੈੱਡ ਕਰਾਸ ਨੇ ਖਰੀਦ ਲਈ ਹੈ।

ਫਰੀਦਕੋਟ ਦੇ ਡਿਪਟੀ ਕਮਿਸ਼ਨਰ ਰੈੱਡ ਕਰਾਸ ਦੇ ਚੇਅਰਮੈਨ ਵੀ ਹਨ ਅਤੇ ਰੈੱਡ ਕਰਾਸ ਨੇ ਚਾਰ ਕਿੱਲੇ ਜ਼ਮੀਨ ਦੀ ਬੋਲੀ ਆਪਣੇ ਹੱਕ ਵਿੱਚ ਟੁੱਟਣ ਪਿੱਛੋਂ 25 ਲੱਖ ਰੁਪਏ ਜਮ੍ਹਾ ਕਰਵਾ ਦਿੱਤੇ ਹਨ ਤੇ ਬਾਕੀ ਰਕਮ ਅਗਲੇ ਤਿੰਨ ਦਿਨਾਂ ਵਿੱਚ ਜਮ੍ਹਾ ਕਰਵਾਈ ਜਾਵੇਗੀ। ਹਾਈ ਕੋਰਟ ਦੇ ਹੁਕਮਾਂ ਅਨੁਸਾਰ ਡਿਪਟੀ ਕਮਿਸ਼ਨਰ ਫਰੀਦਕੋਟ ਨੇ 29 ਨਵੰਬਰ ਤੋਂ ਪਹਿਲਾਂ ਪਹਿਲਾਂ ਨਿਸ਼ਾਨ ਸਿੰਘ ਦੀ ਜਾਇਦਾਦ ਨਿਲਾਮ ਕਰ ਕੇ ਨੱਬੇ ਲੱਖ ਰੁਪਏ ਪੀੜਤ ਲੜਕੀ ਤੇ ਉਸ ਦੇ ਮਾਤਾ ਪਿਤਾ ਨੂੰ ਦੇਣੇ ਸਨ ਅਤੇ ਇਸ ਦੀ ਲਿਖਤੀ ਰਿਪੋਰਟ ਹਾਈ ਕੋਰਟ ਵਿੱਚ ਸੌਂਪਣੀ ਸੀ।

## ਜਗਦੀਸ਼ ਭੋਲਾ ਡਰੱਗ ਕੇਸ ਵਿਚ ਅਕਾਲੀ ਦਲ ਵਿੱਚੋਂ ਕੱਢੇ ਬੋਨੀ ਅਜਨਾਲਾ ਨੇ ਮਜੀਠੀਆ ਦੇ ਖਿਲਾਫ ਅਦਾਲਤ ਵਿੱਚ ਬਿਆਨ ਦਿੱਤੇ

ਮੋਹਾਲੀ, 14 ਨਵੰਬਰ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਡਿਸਮਿਸ ਡੀ ਐੱਸ ਪੀ ਜਗਦੀਸ਼ ਭੋਲਾ ਨਾਲ ਕਰੋੜਾਂ ਰੁਪਏ ਦੀ ਡਰੱਗ ਸਮੱਗਲਿੰਗ ਬਾਰੇ ਬਨੂੜ ਪੁਲਸ ਸਟੇਸ਼ਨ ਵਿੱਚ ਦਰਜ ਕੇਸ ਦੀ ਸੁਣਵਾਈ ਕੱਲ੍ਹ ਸੀ ਬੀ ਆਈ ਅਦਾਲਤ ਵਿੱਚ ਹੋਈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ 'ਚੋਂ ਕੱਢੇ ਜਾ ਚੁੱਕੇ ਸੀਨੀਅਰ ਅਕਾਲੀ ਨੇਤਾ ਡਾਕਟਰ ਰਤਨ ਸਿੰਘ ਅਜਨਾਲਾ ਦੇ ਪੁੱਤਰ ਅਮਰਪਾਲ ਸਿੰਘ ਬੋਨੀ ਅਜਨਾਲਾ ਦੀ ਗਵਾਹੀ ਅਦਾਲਤ ਵਿੱਚ ਹੋਈ, ਜਿਸ ਨੇ ਆਪਣੇ ਬਿਆਨਾਂ ਵਿੱਚ ਅਕਾਲੀ ਨੇਤਾ ਅਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਬਾਰੇ ਕਈ ਖੁਲਾਸੇ ਕੀਤੇ ਹਨ। ਅਜਨਾਲਾ ਇਸ ਕੇਸ ਵਿੱਚ ਦੋਸ਼ੀ ਮਨਿੰਦਰ ਸਿੰਘ ਬਿੱਟੂ ਔਲਖ ਦੇ ਗਵਾਹ ਦੇ ਤੌਰ 'ਤੇ ਪੇਸ਼ ਹੋਏ ਸਨ।



ਆਪਣੇ ਬਿਆਨਾਂ ਵਿੱਚ ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ ਅਜਨਾਲਾ ਨੇ ਕਿਹਾ ਕਿ ਉਹ ਅਕਾਲੀ-ਭਾਜਪਾ ਸਰਕਾਰ ਦੇ ਕਾਰ-ਜਕਾਲ ਵਿੱਚ ਸਾਲ 2013 ਤੋਂ 2017 ਤੱਕ ਚੀਫ ਪਾਰਲੀਮੈਂਟਰੀ ਸੈਕਟਰੀ ਰਹਿ ਚੁੱਕਾ ਹੈ ਅਤੇ ਸਾਲ 2005 ਵਿੱਚ ਉਸ ਨੇ ਬਿੱਟੂ ਔਲਖ ਨੂੰ ਮਜੀਠੀਆ ਨਾਲ ਮਿਲਾਇਆ ਸੀ, ਜਿਸ ਦੌਰਾਨ ਮਜੀਠੀਆ ਅਤੇ ਬਿੱਟੂ ਦੇ ਚੰਗੇ ਸੰਬੰਧ ਬਣ ਗਏ ਸਨ। ਸਾਲ 2012 ਵਿੱਚ ਹੋਈ ਚੋਣ ਵਿੱਚ ਬਿੱਟੂ ਨੇ ਅਜਨਾਲਾ ਦੀ ਚੋਣ ਪ੍ਰਚਾਰ ਮੁ-ਹੰਮ ਵਿੱਚ ਵੀ ਉਸ ਦਾ ਸਾਥ ਦਿੱਤਾ। ਅਕਾਲੀ ਸਰਕਾਰ ਬਣਨ ਪਿੱਛੋਂ ਮਜੀਠੀਆ ਅਤੇ ਅਜਨਾਲਾ ਦੇ ਪਰਵਾਰਕ ਸੰਬੰਧ ਖਰਾਬ ਹੋ ਗਏ, ਜਿਸ ਤੋਂ ਬਾਅਦ ਮਜੀਠੀਆ ਨੇ ਮਨਿੰਦਰ ਸਿੰਘ ਬਿੱਟੂ ਔਲਖ ਨੂੰ ਸਬਕ ਸਿਖਾਉਣ ਦੀ ਠਾਣ ਲਈ। ਅਜਨਾਲਾ ਤੇ ਮਜੀਠੀਆ ਪਰਵਾਰਾਂ ਵਿੱਚ ਸੰਬੰਧ ਖਰਾਬ ਹੋਣ ਦਾ ਖਮਿਆਜ਼ਾ ਮਨਿੰਦਰ ਸਿੰਘ ਬਿੱਟੂ ਨੂੰ ਭੁਗਤਣਾ ਪਿਆ। ਬੋਨੀ ਅਜਨਾਲਾ ਨੇ ਕਿਹਾ ਕਿ ਮਨਿੰਦਰ ਬਿੱਟੂ ਔਲਖ ਬਾਰੇ ਉਨ੍ਹਾਂ ਨੇ ਕਈ ਵਾਰ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਤੋਂ ਮੰਗ ਕੀਤੀ ਕਿ ਕੇਸ ਦੀ ਜਾਂਚ ਕਰਾਉਣ, ਪਰ ਉਨ੍ਹਾਂ ਨੇ ਜਾਂਚ ਨਹੀਂ ਕਰਾਈ। ਬੋਨੀ ਅਜਨਾਲਾ ਨੇ ਬਿਆਨਾਂ ਵਿੱਚ ਸਪੱਸ਼ਟ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਉਨ੍ਹਾਂ ਅਤੇ ਉਨ੍ਹਾਂ ਦੇ ਦੋਸਤਾਂ ਨਾਲ ਰੰਜਿਸ਼ ਰੱਖਦਾ ਸੀ, ਇਸ ਲਈ ਮਜੀਠੀਆ ਨੇ ਉਸ ਸਮੇਂ ਮਨਿੰਦਰ ਸਿੰਘ ਬਿੱਟੂ ਔਲਖ ਨੂੰ ਇਸ ਡਰੱਗ ਕੇਸ ਵਿੱਚ ਝੂਠਾ ਫਸਾਇਆ ਹੈ।

ਵਰਨਣ ਯੋਗ ਹੈ ਕਿ ਨਵੰਬਰ 2013 ਵਿੱਚ ਇਹ ਕਰੋੜਾਂ ਰੁਪਏ ਦਾ ਅੰਤਰਰਾਸ਼ਟਰੀ ਡਰੱਗ ਕੇਸ ਜ਼ਾਹਰ ਹੋਇਆ ਸੀ, ਜਿਸ ਵਿੱਚ ਪੰਜਾਬ ਪੁਲਸ ਦੇ ਡੀ ਐੱਸ ਪੀ ਜਗਦੀਸ਼ ਭੋਲਾ ਤੇ ਦਿੱਲੀ ਦੇ ਵਰਿੰਦਰ ਰਾਜਾ ਮੁੱਖ ਦੋਸ਼ੀ ਸਨ। ਇਸ ਕੇਸ ਵਿੱਚ ਹੋਰ ਕਈ ਦੋਸ਼ੀ ਵੀ ਸ਼ਾਮਲ ਕੀਤੇ ਸਨ। ਕੇਸ ਦੀ ਸੁਣਵਾਈ ਮੋਹਾਲੀ ਸੀ ਬੀ ਆਈ ਦੀ ਅਦਾਲਤ ਵਿੱਚ ਚੱਲਦੀ ਹੈ।

## ਢੀਂਡਸਾ ਦੇ ਮੁਤਾਬਕ ਅਕਾਲੀ ਦਲ ਹਨੇਰੇ ਵਿੱਚ, ਮੋਦੀ ਦੀ ਵੀ ਉਹ ਗੱਲ ਨਹੀਂ ਰਹੀ

ਲੁਧਿਆਣਾ, 14 ਨਵੰਬਰ (ਪੋਸਟ ਬਿਊਰੋ)- ਅਕਾਲੀ ਦਲ ਤੋਂ ਅਸਤੀਫਾ ਦੇ ਚੁੱਕੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਲੁਧਿਆਣਾ ਫੇਰੀ ਦੌਰਾਨ ਜਿੱਥੇ ਅਕਾਲੀ ਦਲ ਬਾਰੇ ਕਈ ਗੱਲਾਂ ਕੀਤੀਆਂ, ਉਥੇ 2019 ਵਿੱਚ ਮੁੜ ਕੇ ਮੋਦੀ ਸਰਕਾਰ ਬਣਨ ਬਾਰੇ ਪੁੱਛੇ ਸਵਾਲ 'ਤੇ ਕਿਹਾ ਕਿ ਮੋਦੀ ਦੀ ਵੀ ਉਹ ਗੱਲ ਨਹੀਂ ਰਹੀ, ਜੋ ਪਹਿਲਾਂ ਸੀ, ਪਰ ਦੇਸ਼ 'ਚ ਮੋਦੀ ਦੀ ਥਾਂ ਕੋਈ ਲੈ ਸਕੇ, ਉਹ ਵੀ ਕੋਈ ਦਿਖਾਈ ਨਹੀਂ ਦੇ ਰਿਹਾ।

ਜਦੋਂ ਢੀਂਡਸਾ ਦਾ ਧਿਆਨ ਅਕਾਲੀ ਦਲ ਦੇ ਪ੍ਰਧਾਨ ਵੱਲੋਂ ਬੀਤੇ ਦਿਨ ਲਏ ਸਖਤ ਫੈਸਲਿਆਂ ਵੱਲ ਦਿਵਾਇਆ ਗਿਆ, ਜਿਸ ਵਿੱਚ ਵੱਡੇ ਆਗੂਆਂ ਨੂੰ ਬਾਹਰ ਕੱਢਿਆ ਗਿਆ ਹੈ, ਤਾਂ ਉਨ੍ਹਾਂ ਕਿਹਾ ਕਿ ਟਕਸਾਲੀ ਆਗੂਆਂ ਰਣਜੀਤ ਸਿੰਘ ਬ੍ਰਹਮਪੁਰਾ, ਰਤਨ ਸਿੰਘ ਅਜਨਾਲਾ, ਸੇਵਾ ਸਿੰਘ ਸੇਖਵਾਂ ਨੂੰ ਪਾਰਟੀ 'ਚੋਂ ਉਨ੍ਹਾਂ ਦਾ ਪੱਖ ਸੁਣੇ ਬਿਨਾਂ ਕੱਢਣਾ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੇ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਇਸ ਪਾਰਟੀ ਨੂੰ ਖੜ੍ਹੀ ਕਰਨ ਅਤੇ ਜੇਲ੍ਹਾਂ ਕੱਟਣ ਦੇ ਲਈ ਬਿਤਾਇਆ ਹੈ। ਜਦੋਂ ਉਨ੍ਹਾਂ ਨੂੰ ਪੁੱਛਿਆ ਕਿ ਅਕਾਲੀ ਦਲ 'ਚ ਉਠਿਆ ਇਹ ਤੂਫਾਨ ਕਦੋਂ ਠੰਢਾ ਹੋਵੇਗਾ ਤਾਂ ਉਨ੍ਹਾਂ ਕਿਹਾ ਕਿ ਇਹ ਤਾਂ ਉਹੀ ਦੱਸ ਸਕਦੇ ਹਨ।

ਪੰਜਾਬ ਵਿੱਚ ਤੀਜੇ ਫਰੰਟ ਬਾਰੇ ਪੁੱਛੇ ਸਵਾਲ 'ਤੇ ਢੀਂਡਸਾ ਨੇ ਕਿਹਾ ਕਿ ਅਜੇ ਸਾਹਮਣੇ ਕੋਈ ਦਿਖਾਈ ਨਹੀਂ ਦੇ ਰਿਹਾ। ਲੋਕ ਸਭਾ ਚੋਣਾਂ ਬਾਰੇ ਉਨ੍ਹਾਂ ਸਾਫ ਕੀਤਾ ਕਿ ਉਨ੍ਹਾਂ ਦੇ ਪਰਵਾਰ ਦਾ ਕੋਈ ਵੀ ਵਿਅਕਤੀ ਚੋਣ ਨਹੀਂ ਲੜੇਗਾ। ਜਦੋਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਜੇ ਬੀਬਾ ਹਰਸਿਮਰਤ ਚੋਣ ਲੜਦੀ ਹੈ ਤਾਂ ਮਦਦ ਕਰਨਗੇ ਤਾਂ ਉਹ ਹੱਸ ਪਏ ਅਤੇ ਕਹਿਣ ਲੱਗੇ ਕਿ ਪਾਰਟੀ ਦਾ ਪ੍ਰਾਇਮਰੀ ਮੈਂਬਰ ਹਾਂ, ਕੁਝ ਤਾਂ ਕਰਨਾ ਪਵੇਗਾ।

## ਸੀ ਬੀ ਆਈ ਦੇ ਡਿਪਟੀ ਲੀਗਲ ਐਡਵਾਈਜ਼ਰ ਵਿਰੁੱਧ ਰਿਪੋਰਟ

ਨਵੀਂ ਦਿੱਲੀ, 14 ਨਵੰਬਰ (ਪੋਸਟ ਬਿਊਰੋ)- ਸੀਨੀਅਰ ਅਧਿਕਾਰੀਆਂ ਦੇ ਖਿਲਾਫ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਆਪਣੇ ਅਕਸ ਨੂੰ ਬਚਾਉਣ ਦੇ ਸੰਕਟ ਨਾਲ ਜੂਝ ਰਹੀ ਸੀ ਬੀ ਆਈ ਦੀ ਮੁਸੀਬਤ ਘੱਟ ਨਹੀਂ ਹੋ ਰਹੀ।



ਵਿਸ਼ੇਸ਼ ਡਾਇਰੈਕਟਰ ਰਾਕੇਸ਼ ਅਸਥਾਨਾ ਦੇ ਖਿਲਾਫ ਰਿਸ਼ਵਤ ਲੈਣ ਦੇ ਦੋਸ਼ ਵਿੱਚ ਕੇਸ ਦਰਜ ਕਰਨ ਪਿੱਛੋਂ ਸੀ ਬੀ ਆਈ ਨੇ ਆਪਣੀ ਡਿਪਟੀ ਲੀਗਲ ਐਡਵਾਈਜ਼ਰ (ਡੀ ਐੱਲ ਏ) ਦੇ ਖਿਲਾਫ ਫਰਾਡ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਹੈ। ਡੀ ਐੱਲ ਏ ਬੀਨਾ ਰਾਏਜ਼ਾਦਾ ਸੀ ਬੀ ਆਈ ਦੀ ਭ੍ਰਿਸ਼ਟਾਚਾਰ ਰੋਕੂ ਬ੍ਰਾਂਚ ਨੰਬਰ ਚਾਰ (ਏ ਸੀ-4) ਵਿੱਚ ਤੈਨਾਤ ਸੀ ਅਤੇ ਮੱਧ ਪ੍ਰਦੇਸ਼ ਦੇ ਬਹੁ-ਚਰਚਿਤ ਵਿਆ-ਪਮ ਘੁਟਾਲੇ ਨਾਲ ਜੁੜੇ ਮਾਮਲੇ ਦੇਖ ਰਹੀ ਸੀ। ਸੀ ਬੀ ਆਈ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਬੀਨਾ ਰਾਏਜ਼ਾਦਾ ਉੱਤੇ ਆਪਣੇ ਸੀਨੀਅਰ ਅਧਿਕਾਰੀ ਦੇ ਫਰਜ਼ੀ ਹਸਤਾਖਰ ਕਰ ਕੇ ਆਪਣੀ ਸਾਲਾਨਾ ਅਪ੍ਰੇਜ਼ਲ ਰਿਪੋਰਟ ਬਣਾ ਕੇ ਵਿਭਾਗ ਨੂੰ ਸੌਂਪਣ ਦਾ ਦੋਸ਼ ਹੈ। ਬੀਨਾ ਰਾਏਜ਼ਾਦਾ ਨੇ ਪਟਨਾ 'ਚ ਕਾਨੂੰਨੀ ਸਲਾਹਕਾਰ ਹੁੰਦਿਆਂ ਉਥੋਂ ਦੇ ਉਸ ਵਕਤ ਦੇ ਡੀ ਆਈ ਜੀ, ਵੀ ਕੇ ਸਿੰਘ ਦੇ ਹਸਤਾਖਰ ਕਰ ਕੇ ਫਰਜ਼ੀ ਅਪ੍ਰੇਜ਼ਲ ਰਿਪੋਰਟ ਤਿਆਰ ਕੀਤੀ ਅਤੇ ਸੀ ਬੀ ਆਈ ਨੂੰ ਸੌਂਪ ਦਿੱਤੀ ਸੀ। ਅਪ੍ਰੇਜ਼ਲ ਰਿਪੋਰਟ ਵਿੱਚ ਰਾਏਜ਼ਾਦਾ ਦੇ ਕੰਮ ਨੂੰ ਬਿਹਤਰੀਨ ਕਿਹਾ ਗਿਆ ਸੀ।

A/Z DRIVERS/OWNER OPERATORS NEEDED FOR LOCAL & USA

Earn upto $21 to $32/hr

- USA owner operators 0.95 cent/mile + Fuel
- USA company drivers 0.60 cent/ mile
- Canada owner Operators 0.85 cent/mile + Fuel
- Canada company Drivers 0.50 cent.mile

Skylark Logistics Inc.



Sam Mann: 416-617-2405

Mr. Kyla: 519-821-7999 ext.222



Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਭੁੱਲਰ ਲੜਕਾ, ਉੱਮਰ 35 ਸਾਲ, ਕੱਦ 6'1", ਕੈਨੇਡੀਅਨ ਸਿਟੀਜਨ ਲਈ ਲੜਕੀ ਦੀ ਲੋੜ ਹੈ। ਲੜਕਾ ਸੈਟਲਡ ਹੈ ਅਤੇ ਵਧੀਆ ਨੌਕਰੀ ਕਰ ਰਿਹਾ ਹੈ। ਪਹਿਲ ਮਾਲਵੇ ਜਿਲ੍ਹੇ ਨੂੰ ਦਿੱਤੀ ਜਾਵੇਗੀ। ਕਾਲ ਕਰੋ: 905-672-6641 F

ਜੱਟ ਸਿੱਖ ਸੰਘਾ, ਇਕਲੋਤਾ ਲੜਕਾ, ਵੈਸ਼ਨੂੰ , ਉਮਰ 24 ਸਾਲ, ਕੱਦ 5'-7", ਰੰਗ ਗੋਰਾ, B.sc Computer Science, 30 Acre ਜ਼ਮੀਨ, **District** ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

YOUR AD HERE

Check our Free E-paper at: www.canadianpunjabipost.ca

ਕੈਨੇਡੀਅਨ ਪੰਜਾਬੀ ਪੋਸਟ

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ, ਕੱਦ 5'-10", Computer ਡਿਪਲੋਮਾ, ਵੀਜ਼ਿਟਰ ਵੀਜ਼ੇ ਤੇ ਆਏ ਲੜਕੇ ਲਈ P.R ਜਾਂ citizen ਲੜਕੀ ਦੀ ਲੋੜ ਹੈ। ਲੜਕੇ ਦੀਆਂ ਭੈਣਾ ਕੈਨੇਡਾ ਵਿੱਚ ਸੈਟਲਡ ਹਨ। ਮਾਂ ਪਿਉ Super Visa ਤੇ ਹਨ । ਕਿਰਪਾ ਕਰਕੇ ਸੰਪਰਕ ਕਰੋ- 647-721-4039

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 I 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇਮੀਗਰੇਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਦਿੱਲੀ ਵਿਚ ਜਨਮੇ ਤੇ ਦਿੱਲੀ ਯੂਨੀਵਰਸਿਟੀ ਤੋਂ ਗਰੈਜੂਏਟ 47 ਸਾਲਾ ਦੇ ਜਵਾਨ ਲੜਕੇ ਲਈ ਇਕ ਸਿਹਤਮੰਦ ਜੀਵਨ ਸਾਥਣ ਉਮਰ ਲਗ ਭਗ 40 ਸਾਲ ਦੀ ਲੋੜ ਹੈ। ਲੜਕੇ ਦੇ ਦਿੱਲੀ, ਨਿਊਯਾਰਕ ਤੇ ਬਰੈਂਪਟਨ ਵਿਚ ਆਪਣੇ ਰਿਹਾਇਸ਼ੀ ਘਰ ਹਨ। ਨਿਊਯਾਰਕ ਮੈਨਹਟਨ ਵਿਚ ਆਪਣਾ ਮੋਬਾਈਲ ਤੇ ਇਲੈਕਟਰੌਨਿਕ ਦਾ ਕਾਰੋਬਾਰ ਹੈ। ਲੜਕੀ ਕੰਮ ਕਰਦੀ, ਕੈਨੇਡਾ ਦੀ ਪੀ ਆਰ, ਨੈਤਿਕਤਾ ਭਰਪੂਰ, ਹਿੰਦੂ ਜਾਂ ਸਿੱਖ ਪਰਵਾਰ ਵਿਚੋਂ ਹੋਣੀ ਚਾਹੀਦੀ ਹੈ।
ਵਧੇਰੀ ਜਾਣਕਾਰੀ ਲਈ 516-620-0565 ਤੇ ਫੋਨ ਕਰੋ।

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ Born 1993 , ਕੱਦ 5'2", Post Graduate in Canada & GNM Nursing india ਲਈ ਲੜਕੇ ਦੀ ਲੋੜ ਹੈ। ਲੜਕੀ Canada ਵਿੱਚ ਆਪਣੇ ਪਰਿਵਾਰ ਨਾਲ ਰਹਿ ਰਹੀ ਹੈ। ਸਿਰਫ ਓਹੀ ਸੰਪਰਕ ਕਰਨ ਜੋ ਕਿ ਲੜਕੀ ਦੇ ਚਾਚੇ ਦੀ ਲੜਕੀ Born 1991 , ਕੱਦ 5'6", GNM Nursing india & Nanny Passed ਨੂੰ ਕੈਨੇਡੀਅਨ ਲੜਕੇ ਦਾ ਰਿਸ਼ਤਾ ਕਰਵਾ ਸਕਣ. Ontario/Malwa ਨੂੰ ਪਹਿਲ ਦਿੱਤੀ ਜਾਵੇਗੀ.
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-965-4916 | 647-548-5959

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 I 416-509-7252

ਜੱਟ ਸਿੱਖ ਲੜਕੀ ਉਮਰ 28 ਸਾਲ, ਕੱਦ 5'4", B.SC Nursing, Diploma, ਕੈਨੇਡਾ Express Entry ਰਾਹੀ PR ਅਪਲਾਈ ਲਈ pr ਜਾਂ Work permit ਤੇ ਪੜੇ-ਲਿਖੇ ਲੜਕੇ ਦੀ ਲੋੜ ਹੈ। ਲੁਧਿਆਣਾ ਜਿਲ੍ਹੇ ਨੂੰ ਪਹਿਲ ।
ਸੰਪਰਕ ਕਰੋ: 647-616-4244, 647-328-1601 ਜਾਂ
Whatsapp- 700-90-60-269

Beautiful Sikh Tonk Kshatriya Girl (M. Pharma) Dec 1988 5'4" working as Asst. Professor belongs to educated family from Amritsar seeks suitable match and well settled Sikh boy in Canada. Parents are in Canada on visitor visa.
Contact 647-624-7733 gpspreet@gmail.com

Check our Free E-paper at: www.canadianpunjabipost.ca

ਕੈਨੇਡੀਅਨ ਪੰਜਾਬੀ ਪੋਸਟ

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

Check our Free E-paper at: www.canadianpunjabipost.ca

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ

Auto | Home | Business

"ਵਾਜਿਬ ਰੇਟ ਤੇ ਵਧੀਆ ਕਵਰੇਜ"

- Unbeatable Prices
- Good Rates
- Huge Discounts on Various Insurances

Harmanjeet Kaur | 905.602.1629

LUCKY INSURANCE BROKERS LIMITED | 1550 South Gateway Road, Suite #230 Mississauga, ON L4W 5G6

A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

7 Days Work · All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952

70 Delta Park Blvd, Unit # 4, Brampton

Cell n Tell Distribution Inc.

1-401 Traders Blvd E, Mississauga, ON

Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.

- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

STARLANE PAINTING

Residential • Commercial • Industrial

- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

416.230.4000 • 647.409.1092

www.STARLANEPAINTING.com

ਹਰਜੀਤ ਢਨੋਆ

# ਵਿਅੰਗ ਨੀਂਦ ਦੀ ਕੀਮਤ ਵਸੂਲਣ ਵਾਲੇ

-ਨੂਰ ਸੰਤੋਖਪੁਰੀ

ਕਿਹਦਾ-ਕਿਹਦਾ ਨਾਂ ਲੈ ਲਿਆ ਜਾਵੇ ਕਿ ਕੌਣ ਜ਼ਾਲਮ, ਦੁਸ਼ਮਣ, ਪੱਥਰ ਦਿਲ ਸਾਡੀ ਮਿੱਠੀ-ਪਿਆਰੀ ਨੀਂਦ ਦੀ ਕੀਮਤ ਵਸੂਲ ਕਰਦਾ ਹੈ? ਕਿਹੜਾ ਪਿਆਰਾ ਤੇ ਆਪਣਾ ਵਸੂਲ ਨਹੀਂ ਕਰਦਾ, ਸਗੋਂ ਸਾਡੀ ਨੀਂਦ ਦੀ ਕੀਮਤ ਅਦਾ ਕਰਦਾ ਹੈ। ਸਾਡੀ ਨੀਂਦ ਚੁਰਾਉਣ ਵਾਲੇ ਤੇ ਨੀਂਦ ਦੀ ਕੀਮਤ ਵਸੂਲਣ ਵਾਲੇ ਅਣਗਿਣਤ ਹਨ। ਕੁਝ ਸਣੇ ਵਿਆਜ ਵਸੂਲ ਕਰਦੇ ਨੇ। ਉਹ ਕੋਈ ਲਿਹਾਜ਼ ਨਹੀਂ ਕਰਦੇ। ਰਿਆਇਤ ਨਹੀਂ ਦਿੰਦੇ।

ਪਹਿਲਾਂ ਗੱਲ ਪ੍ਰੇਮੀਆਂ ਅਤੇ ਪ੍ਰੇਮਿਕਾਵਾਂ ਦੀ ਕਰ ਲਈਏ, ਫਿਰ ਆਪਣੀ ਸਭ ਦੀ। ਜੇ ਪ੍ਰੇਮਿਕਾਵਾਂ ਆਪੋ-ਆਪਣੇ ਪ੍ਰੇਮੀਆਂ ਦੀਆਂ ਅੱਖਾਂ 'ਚੋਂ ਨੀਂਦ ਚੋਰੀ ਕਰ ਲੈਂਦੀਆਂ ਨੇ ਤਾਂ ਉਨ੍ਹਾਂ ਦੇ ਪ੍ਰੇਮੀ ਵੀ ਉਨ੍ਹਾਂ ਦੀ ਨੀਂਦ ਉੱਤੇ ਡਾਕਾ ਮਾਰਦੇ ਨੇ। ਮਹਿੰਗੇ ਤੋਹਫਿਆਂ ਦਾ ਲੈਣ-ਦੇਣ ਕਰ ਕੇ ਪਿਆਰੀ-ਪਿਆਰੀ ਨੀਂਦ ਦੀ ਕੀਮਤ ਅਦਾ ਕਰਨੀ ਪੈਂਦੀ ਹੈ। ਪਿਆਰ ਮਿਲੇ, ਨਾ ਮਿਲੇ, ਇਸ ਦੀ ਕੋਈ ਗਾਰੰਟੀ ਨਹੀਂ ਮਿਲਦੀ। ਜਿਨ੍ਹਾਂ ਨੇ ਪਿਆਰ-ਮੁਹੱਬਤ ਨੂੰ ਫੈਸ਼ਨ ਸਮਝਿਆ ਹੁੰਦਾ ਹੈ, ਉਨ੍ਹਾਂ ਨੂੰ ਤਾਂ ਗਾਰੰਟੀ ਉਕਾ ਨਹੀਓਂ ਮਿਲਦੀ। ਹਾਂ, ਤੇ ਨੀਂਦ ਦੀ ਕੀਮਤ ਵਸੂਲਣ ਵਾਲੇ ਬੜੇ 'ਉਹ', ਬੜੇ ਹਰਜਾਈ ਹੁੰਦੇ ਹਨ। ਜੋ ਕੋਈ ਆਪਣੀ ਨੀਂਦ ਤੇ ਮਨ ਦੇ ਚੈਨ ਦਾ ਮੁੱਲ ਨਹੀਂ ਤਾਰਦਾ, ਉਹ ਰਾਤ-ਰਾਤ ਭਰ ਹਉਕੇ ਭਰਦਾ ਹੈ।

ਇੱਕ-ਦੂਜੇ ਦਾ ਦਿਲ, ਮਨ ਦਾ ਚੈਨ ਤੇ ਅੱਖਾਂ ਦੀ ਨੀਂਦ ਚੁਰਾਉਣ ਵਾਲੇ ਆਸ਼ਕਾਂ ਤੇ ਮਸ਼ੂਕਾਂ ਵਾਂਗ ਘਰਾਂ, ਦੁਕਾਨਾਂ, ਕਾਰਖਾਨਿਆਂ, ਦਫਤਰਾਂ ਆਦਿ 'ਚੋਂ ਤਰ੍ਹਾਂ-ਤਰ੍ਹਾਂ ਦਾ ਸਾਮਾਨ, ਧਨ, ਗਹਿਣੇ, ਕੱਪੜੇ ਵਗੈਰਾ ਚੁਰਾਉਣ ਵਾਲੇ ਚੋਰ ਵੀ ਲੋਕਾਂ ਦੀ ਗੂੜ੍ਹੀ ਨੀਂਦ ਦੀ ਕੀਮਤ ਵਸੂਲਦੇ ਹਨ। ਬੜੀ ਹੁਸ਼ਿਆਰੀ ਨਾਲ ਵਸੂਲਦੇ ਹਨ। ਅੱਵਲ ਤਾਂ ਲੋਕਾਂ ਨੂੰ ਛੱਤੀ ਤਰ੍ਹਾਂ ਦੀਆਂ ਫਿਕਰਾਂ-ਚਿੰਤਾਵਾਂ ਕਾਰਨ ਛੇਤੀ ਨੀਂਦ ਆਉਂਦੀ ਨਹੀਂ। ਜੇ ਆ ਜਾਵੇ ਤਾਂ ਚੋਰ, ਲੁਟੇਰੇ ਉਨ੍ਹਾਂ ਦਾ ਤਰ੍ਹਾਂ-ਤਰ੍ਹਾਂ ਦਾ ਸਾਮਾਨ ਚੋਰੀ ਕਰ ਕੇ, ਲੁੱਟ ਕੇ, ਉਨ੍ਹਾਂ ਦੀ ਨੀਂਦ ਦੀ ਕੀਮਤ ਉਨ੍ਹਾਂ ਤੋਂ ਵਸੂਲਦੇ ਨੇ। ਜੇ ਚੋਰ ਕਿਸੇ ਦਾ ਮੂਲ ਧਨ ਸਣੇ ਵਿਆਜ ਚੋਰੀ ਕਰ ਕੇ ਲੈ ਜਾਣ ਤਾਂ ਸਮਝੋ ਕਿ ਉਹ ਉਸ ਦੀ ਨੀਂਦ ਦੀ ਕੀਮਤ ਸਣੇ ਵਿਆਜ ਵਸੂਲ ਕੇ ਰਫੂ ਚੱਕਰ ਹੋਏ ਨੇ। ਜਿੰਨੀ ਵੱਧ ਮਹਿੰਗੀ ਚੀਜ਼, ਓਨੀ ਵੱਧ ਕੀਮਤ ਤਾਰਨੀ ਪੈਂਦੀ ਹੈ। ਜਿਹੜੇ ਲੋਕ ਆਪਣੀ ਨੀਂਦ ਦੀ ਕੀਮਤ ਚੋਰਾਂ, ਲੁਟੇਰਿਆਂ, ਡਾਕੂਆਂ, ਨੇਤਣੀਆਂ, ਨੇਤਾਵਾਂ ਨੂੰ ਵਸੂਲ ਕਰਨ ਤੋਂ ਰੋਕਣਾ ਚਾਹੁੰਦੇ ਹੋਣ, ਉਨ੍ਹਾਂ ਨੂੰ ਬਾ-ਹੁਸ਼ਿਆਰ ਹੋਣਾ ਪਏਗਾ।

ਘੁਰਾੜੇ ਮਾਰਨ ਵਾਲੇ ਖੁਦ ਪੈਰ ਪਸਾਰ ਕੇ ਸੌਂ ਜਾਂਦੇ ਹਨ, ਪਰ ਆਪਣੇ ਲਾਗੇ (ਨੇੜੇ) ਸੌਣ ਵਾਲਿਆਂ ਨੂੰ ਜਗਾਈ ਰੱਖਦੇ ਨੇ। ਜੇ ਮੀਆਂ-ਬੀਵੀ ਦੋਵੇਂ ਘੁਰਾੜਾ-ਰਾਗ ਪੰਚਮ ਸੁਰ 'ਚ ਗਾਉਣ ਵਾਲੇ ਹੋਣ ਤਾਂ ਉਨ੍ਹਾਂ ਦੇ ਪਾਲਤੂ ਕੁੱਤਿਆਂ ਜਾਂ ਹੋਰ ਜਾਨਵਰਾਂ ਨੂੰ ਪ੍ਰੇਸ਼ਾਨੀ ਹੋ ਸਕਦੀ ਹੈ। ਉਨ੍ਹਾਂ ਨੂੰ ਨਹੀਂ, ਗਲੀਆਂ, ਬਾਜ਼ਾਰਾਂ 'ਚ ਆਵਾਰਾ ਘੁੰਮਣ ਵਾਲੇ ਕੁੱਤੇ-ਕੁੱਤੀਆਂ ਨੂੰ ਵੀ ਹੁੰਦੀ ਹੈ। ਉਹ ਵੀ ਦਿਨ 'ਚ ਸੌਂ ਕੇ ਆਪਣੀ ਨੀਂਦ ਦਾ ਕੋਟਾ ਪੂਰਾ ਕਰ ਲੈਂਦੇ ਨੇ ਤੇ ਫਿਰ ਪੂਰੀ ਰਾਤ 'ਭਊਂ-ਭਊਂ' ਭੌਂਕ ਕੇ ਲੋਕਾਂ ਦੇ ਧੀਰਜ ਦਾ ਇਮਤਿਹਾਨ ਲੈਂਦੇ ਨੇ। ਇਨ੍ਹਾਂ ਆਵਾਰਾ ਕੁੱਤਿਆਂ ਨੂੰ ਚੀਜ਼ਾਂ ਖੁਆ-ਪਿਆ ਕੇ ਲੋਕਾਂ ਨੂੰ ਆਪਣੀ ਨੀਂਦ ਦੀ ਕੀਮਤ ਅਦਾ ਕਰਦੇ ਰਹਿਣਾ ਚਾਹੀਦਾ ਹੈ। ਹੋਰ ਸਾਰੇ ਲਾਲਚੀ ਕਿਸਮ ਦੇ ਕੁੱਤਿਆਂ ਨੂੰ ਵੀ ਆਪਣੀ ਨੀਂਦ, ਅਮਨ, ਚੈਨ ਦੀ ਕੀਮਤ ਆਪਾਂ ਸਭ ਨੂੰ ਤਾਰਨੀ ਪੈਂਦੀ ਹੈ। ਕਿਸੇ ਜਗ੍ਹਾ ਕੋਈ ਨੇਤਾ ਸਟੇਜ 'ਤੇ ਚੜ੍ਹਿਆ ਉੱਚੀ-ਉੱਚੀ ਭਾਸ਼ਣ ਦੇਈ ਜਾ ਰਿਹਾ ਸੀ ਤੇ ਸਰੋਤਿਆਂ 'ਚ ਬੈਠੇ ਕੁਝ ਕੁੱਤੇ ਮੂੰਹ ਚੁੱਕੀ ਉਸ ਵੱਲ ਵੇਖੀ ਜਾ ਰਹੇ ਸਨ। ਅਸਾਂ ਉਨ੍ਹਾਂ ਨੂੰ ਕਿਹਾ, "ਓਏ, ਜਾਓ, ਦੌੜੋ ਇਥੋਂ! ਸਾਨੂੰ ਇਹਦੀ ਕੋਈ ਗੱਲ ਸਮਝ ਪਈ ਨਹੀਂ ਆਂਵਦੀ, ਤੁਹਾਨੂੰ ਕਿਵੇਂ ਆ ਜਾਊਗੀ?"

ਇਹ ਸੁਣ ਕੇ ਕੁੱਤਿਆਂ ਦਾ ਆਗੂ ਕੁੱਤਾ ਬੋਲਾ, "ਇਹ ਨੇਤਾ ਬੜਾ ਨਿਰਦਈ ਤੇ ਜ਼ਾਲਮ ਬੰਦਾ ਏ। ਇਹ ਭਾਸ਼ਣ ਦੇ-ਦੇ ਕੇ ਸਾਡੀ ਨੀਂਦ ਵਿੱਚ ਖਲਲ ਪਾ ਰਿਹਾ ਏ ਤੇ ਤੁਹਾਨੂੰ ਤਾਂ ਡਾਢਾ ਤੰਗ-ਪ੍ਰੇਸ਼ਾਨ ਕਰਦਾ ਹੋਊਗਾ।"

ਆਮਦਨ ਟੈਕਸ ਵਸੂਲਣ ਵਾਲੇ ਅਫਸਰਾਨ ਤੇ ਮੁਲਾਜ਼ਮ ਵੀ ਨੀਂਦ ਦੀ ਕੀਮਤ ਵਸੂਲਣ ਵਾਲਿਆਂ ਵਿੱਚ ਸ਼ੁਮਾਰ ਨੇ। ਜੀ ਐੱਸ ਟੀ ਵਸੂਲਣ ਵਾਲੇ ਵੀ। ਲੋਕਾਂ ਨੂੰ ਆਮਦਨ ਟੈਕਸ ਅਦਾ ਕਰਨ ਲਈ ਪ੍ਰੇਰਤ ਤੇ ਉਤਸ਼ਾਹਤ ਕਰਨ ਹਿੱਤ ਇੰਨੇ ਦਿਲ ਕੰਬਾਉਣ ਵਾਲੇ ਇਸ਼ਤਿਹਾਰ ਹੁੰਦੇ ਹਨ ਕਿ ਇਨ੍ਹਾਂ ਨੂੰ ਪੜ੍ਹਨ-ਸੁਣਨ ਵਾਲਿਆਂ ਦੀ ਨੀਂਦ ਖੰਭ ਲਾ ਕੇ ਉਡ ਜਾਂਦੀ ਹੈ। ਉਨ੍ਹਾਂ ਨੂੰ ਦਿਨ ਦੀ ਰੋਸ਼ਨੀ ਵਿੱਚ ਵੀ ਜੇਲ੍ਹ ਦਾ ਹਨੇਰਾ, ਜੁਰਮਾਨੇ ਦਾ ਡਰ ਭੈਅਭੀਤ ਕਰ ਦਿੰਦਾ ਹੈ। ਆਮਦਨ ਟੈਕਸ ਵਿਭਾਗ ਦੀ ਚਿਤਾਵਨੀ 'ਚ ਕਰ ਚੋਰੀ ਕਰਨ ਵਾਲਿਆਂ ਨੂੰ ਕਾਨੂੰਨੀ ਕਾਰਵਾਈ ਦੀ ਧਮਕ (ਗਰਜ਼) ਸੁਣਾਈ ਦਿੰਦੀ ਹੈ। ਇਸ ਵਿਭਾਗ ਦੇ ਸਿਰ 'ਤੇ ਸਰਕਾਰੀ ਖਜ਼ਾਨਾ ਭਰਨ ਦੀ ਵੱਡੀ ਜ਼ਿੰਮੇਵਾਰੀ ਹੁੰਦੀ ਹੈ।


ਵਤਨ ਦੇ ਰਖਵਾਲੇ ਤੇ ਪਹਿਰੇਦਾਰ ਸੈਨਿਕ, ਮਿਹਨਤਕਸ਼ ਮਜ਼ਦੂਰ, ਕਿਸਾਨ, ਵਿਗਿਆਨੀ, ਸੱਚੇ ਸਮਾਜ ਸੇਵਕ, ਸੁਧਾਰਕ, ਬੁੱਧੀਜੀਵੀ, ਨਿਡਰ ਤੇ ਇਮਾਨਦਾਰ ਪੱਤਰਕਾਰ, ਸੱਚੇ ਰਹਿਬਰ ਕਦੇ ਕਿਸੇ ਤੋਂ ਆਪਣੀ ਨੀਂਦ ਦੀ ਕੀਮਤ ਨਹੀਂ ਵਸੂਲਦੇ, ਸਗੋਂ ਇਹ ਸਾਰੇ ਆਪਣੇ ਸੁੱਖ ਨੀਂਦ, ਆਰਾਮ ਦੀ ਕੁਰਬਾਨੀ ਦੇ ਕੇ ਸਾਡੇ ਸਭ ਦੇ ਸੁੱਖ, ਚੈਨ, ਨੀਂਦ ਦੀ ਕੀਮਤ ਅਦਾ ਕਰਦੇ ਹਨ। ਕਈ ਆਪਣੀਆਂ ਜਾਨਾਂ ਕੁਰਬਾਨ ਕਰ ਕੇ ਕਰਦੇ ਹਨ। ਸਭ ਤੋਂ ਪਿਆਰੀ ਤੇ ਦਿਲ ਦੇ ਕਰੀਬ ਰਹਿਣ ਵਾਲੀ ਮਾਂ ਕਦੇ ਆਪਣੇ ਬੱਚਿਆਂ ਤੋਂ ਨੀਂਦ ਦੀ ਕੀਮਤ ਵਸੂਲ ਨਹੀਂ ਕਰਦੀ, ਉਹ ਬੱਚਿਆਂ ਵਾਸਤੇ ਆਪਣੀ ਨੀਂਦ, ਆਪਣਾ ਸੁੱਖ ਤੇ ਆਰਾਮ, ਚੈਨ ਕੁਰਬਾਨ ਕਰ ਦਿੰਦੀ ਹੈ। ਬਾਪ ਵੀ ਆਪਣੇ ਬੱਚਿਆਂ ਦਾ ਜੀਵਨ ਤੇ ਭਵਿੱਖ ਸੰਵਾਰਨ ਵਾਸਤੇ ਦਿਨ-ਰਾਤ ਮਿਹਨਤ ਕਰਦਾ ਹੈ ਤਾਂ ਕਿ ਬੱਚੇ ਬੇਫਿਕਰ ਹੋ ਕੇ ਸੌਂ ਸਕਣ ਤਾਂ ਕਿ ਰਾਜ਼ੀ-ਖੁਸ਼ੀ ਆਪਣਾ ਜੀਵਨ ਗੁਜ਼ਾਰ ਸਕਣ।

# ਘਰਾਂ ਦੇ ਵਿਹੜਿਆਂ ਵਿੱਚੋਂ ਘੜੇ ਦੀ ਸਰਦਾਰੀ ਖਤਮ

-ਮਾਸਟਰ ਸੰਜੀਵ ਧਰਮਾਣੀ

ਘੜਾ ਸਾਰੇ ਅਮੀਰ ਪੰਜਾਬੀ ਵਿਰਸੇ ਦਾ ਅਨਿੱਖੜਵਾਂ ਹਿੱਸਾ ਰਿਹਾ ਹੈ। ਇਹ ਆਪਣੇ ਠੰਢੇ ਅਤੇ ਸਿਹਤਮੰਦ ਪਾਣੀ, ਭਾਈਚਾਰਕ ਸਾਂਝ, ਖੁਸ਼ੀ-ਗਮੀ ਦੇ ਸੰਗੀ-ਸਾਥੀ ਅਤੇ ਲੋਕ ਸਾਜ਼ ਵਜੋਂ ਪੰਜਾਬੀਆਂ ਦੇ ਦਿਲਾਂ ਵਿੱਚ ਵਿਸ਼ਾਲ ਅਤੇ ਅਮਿੱਟ ਥਾਂ ਬਣਾਈ ਬੈਠਾ ਹੈ। ਘੜੇ ਦੇ ਪਾਣੀ ਦੀ ਸਿਫਤ ਨਹੀਂ ਕੀਤੀ ਜਾ ਸਕਦੀ ਅਤੇ ਇਸ ਦੇ ਸੰਤੋਖਮਈ ਠੰਢੇ ਪਾਣੀ ਦੀ ਰੀਸ ਮਹਿੰਗੇ ਤੋਂ ਮਹਿੰਗੇ ਅਤੇ ਵਧੀਆ ਤੋਂ ਵਧੀਆ ਫਰਿੱਜ ਜਾਂ ਵਾਟਰ ਕੂਲਰ ਕਦੇ ਵੀ ਨਹੀਂ ਕਰ ਸਕਦੇ।

ਕਦੇ ਘੜਾ ਘਰ ਦੀ ਸ਼ਾਨ, ਤ੍ਰਿਪਤੀ, ਠੰਢਕ ਅਤੇ ਸੰਤੋਖ ਦੀ ਨਿਸ਼ਾਨ ਹੁੰਦਾ ਸੀ। ਓਦੋਂ ਮੁਟਿਆਰਾਂ ਖੂਹਾਂ ਤੋਂ ਪਾਣੀ ਲਿਆਉਣ ਸਮੇਂ ਘੜਿਆਂ ਦੀ ਵਰਤੋਂ ਕਰਦੀਆਂ ਸਨ ਅਤੇ ਹਾਸੇ-ਹਾਸੇ ਵਿੱਚ ਦੋ-ਦੋ ਘੜੇ ਸਿਰ ਉੱਤੇ ਚੁੱਕ ਲੈਂਦੀਆਂ ਸਨ। ਕਈ ਵਾਰ ਗਿੱਧਿਆਂ ਆਦਿ ਵਿੱਚ ਵੀ ਘੜੇ ਦੀ ਵਰਤੋਂ ਹੁੰਦੀ ਸੀ। ਸਾਜ਼ ਦੇ ਤੌਰ 'ਤੇ ਵੀ ਘੜਾ ਅਹਿਮ ਭੂਮਿਕਾ ਨਿਭਾਉਂਦਾ ਰਿਹਾ ਹੈ। ਖੁਸ਼ੀ ਸਮੇਂ ਗੀਤ ਗਾਉਣ ਵੇਲੇ ਘੜੇ ਦੀ ਸਰਦਾਰੀ ਆਮ ਹੀ ਹੁੰਦੀ ਸੀ ਅਤੇ ਗਮੀ ਸਮੇਂ ਘੜਾ ਭੰਨਣਾ ਵੀ ਸਾਡੇ ਸਭਿਆਚਾਰ ਵਿੱਚ ਸ਼ਾਮਲ ਹੈ। ਘੜੇ ਉੱਤੇ ਰੰਗ-ਬਿਰੰਗੀ ਕਲਾਕਾਰੀ ਅਤੇ ਚਿੱਤਰਕਾਰੀ ਵੀ ਕੀਤੀ ਜਾਂਦੀ ਹੁੰਦੀ ਸੀ। ਘੜੇ ਦਾ ਪਾਣੀ ਵਿੱਚ ਮੌਜੂਦ ਸਿਹਤਮੰਦ ਤੱਤ ਹੋਰ ਦੂਜੇ ਪਾਣੀਆਂ ਵਿੱਚ ਨਹੀਂ ਮਿਲਦੇ।



ਪੁਰਾਤਨ ਲੋਕ ਰਾਤ ਨੂੰ ਘੜੇ ਵਿੱਚ ਰੱਖੇ ਪਾਣੀ ਨੂੰ ਸਵੇਰੇ-ਸੁਵੱਖਤੇ ਉਠ ਕੇ ਪੀਂਦੇ ਸਨ ਅਤੇ ਸਰੀਰਕ ਤੌਰ ਉੱਤੇ ਤੰਦਰੁਸਤ ਰਹਿੰਦੇ ਸਨ। ਘੜਾ ਹਰ ਰੁੱਤ ਵਿੱਚ ਹਰ ਥਾਂ ਸਾਡੇ ਲਈ ਸ਼ੁੱਧ ਪਾਣੀ ਹਾਸਲ ਕਰਾਉਂਦਾ ਸੀ। ਘੜੇ ਦੀ ਮੌਜੂਦਗੀ ਤੇ ਵਿਹੜਿਆਂ ਵਿੱਚੋਂ ਘੱਟ ਜਾਣ ਕਰ ਕੇ ਅੱਜ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਨੇ ਮਨੁੱਖ ਨੂੰ ਘੇਰ ਲਿਆ ਹੈ ਤੇ ਨਾਲ ਘੜੇ ਬਣਾਉਣ ਅਤੇ ਘਰ-ਘਰ ਹੋਕਾ ਦੇ ਕੇ ਘੜੇ ਵੇਚਣ ਦਾ ਕਿੱਤਾ ਤੇ ਪਛਾਣ ਮਿਟਦੀ ਜਾ ਰਹੀ ਹੈ। ਸਾਡੇ ਸਭਿਆਚਾਰਕ ਗੀਤਾਂ ਤੇ ਲੋਕ ਗੀਤਾਂ ਵਿੱਚ ਘੜੇ ਦਾ ਜ਼ਿਕਰ ਆਮ ਮਿਲਦਾ ਹੈ। ਸੋਹਣੀ-ਮਹੀਂਵਾਲ ਦੀ ਅਮਰ ਕਹਾਣੀ ਵੀ ਘੜੇ ਉਤੇ ਆਧਾਰਤ ਹੈ। ਘੜੇ ਨੇ ਸਾਡੇ ਦੁੱਖਾਂ, ਸੁੱਖਾਂ, ਆਪਸੀ ਸਾਂਝ, ਸਭਿਆਚਾਰਕ ਪੱਖੋਂ ਤੇ ਤੰਦਰੁਸਤੀ ਪੱਖੋਂ ਸਾਡੇ ਦਿਲੋ-ਦਿਮਾਗ ਉਤੇ ਰਾਜ ਕੀਤਾ ਅਤੇ ਸਾਡੀਆਂ ਯਾਦਾਂ ਦਾ ਅਮਿੱਟ ਹਿੱਸਾ ਰਿਹਾ।

ਸ਼ਹਿਰੀਕਰਨ, ਆਧੁਨਿਕਤਾ ਦੀ ਹੋੜ ਤੇ ਸਭਿਆਚਾਰਕ ਜਾਗਰੁਕਤਾ ਦੀ ਘਾਟ ਸਦਕਾ ਅੱਜ ਸਾਡੀਆਂ ਰਸੋਈਆਂ, ਘਰਾਂ ਅਤੇ ਵਿਹੜਿਆਂ ਵਿੱਚੋਂ ਘੜੇ ਦੀ ਹੋਂਦ ਅਤੇ ਸਰਦਾਰੀ ਖਤਮ ਹੀ ਹੋ ਗਈ ਹੈ, ਪਰ ਜਿਹੜੇ ਸੁਭਾਗੇ ਬੰਦਿਆਂ ਨੇ ਘੜੇ ਦੇ ਸੰਗ ਜੀਵਨ ਦਾ ਕੁਝ ਹਿੱਸਾ ਬਤੀਤ ਕੀਤਾ ਹੋਇਆ ਹੋਵੇਗਾ, ਉਨ੍ਹਾਂ ਵਡਭਾਗਿਆਂ ਤੇ ਖੁਸ਼ਕਿਸਮਤ ਪੰਜਾਬੀਆਂ ਨੂੰ ਕਦੇ ਤਾਂ ਘੜੇ ਦੀ ਯਾਦ ਜ਼ਰੂਰ ਆਉਂਦੀ ਹੋਵੇਗੀ ਅਤੇ ਕਿਤੇ ਨਾ ਕਿਤੇ ਉਨ੍ਹਾਂ ਦੇ ਦਿਲੋ-ਦਿਮਾਗ ਵਿੱਚ ਘੜੇ ਲਈ ਜ਼ਰੂਰ ਥਾਂ, ਪਿਆਰ, ਸਤਿਕਾਰ ਤੇ ਭਾਵਨਾਵਾਂ ਹੋਣਗੀਆਂ।

## ਮਿੰਨੀ ਕਹਾਣੀ

### ਸੇਠ ਜੀ

-ਪੁਖਰਾਜ ਸੋਲੰਕੀ

ਦੁਕਾਨ ਵਿੱਚ ਕੁਰਸੀ 'ਤੇ ਬੈਠੇ ਸੇਠ ਜੀ ਆਪਣੇ ਮੋਬਾਈਲ ਦੀ ਆਭਾਸੀ ਦੁਨੀਆ ਵਿੱਚ ਗੁੰਮ ਸਨ। ਉਸੇ ਸਮੇਂ ਇਕ ਗਾਹਕ ਆਇਆ ਤੇ ਸੇਠ ਜੀ ਦੇ ਇਸ ਰੁਝੇਵੇਂ ਵਿੱਚ ਦਖਲ ਦਿੰਦਿਆਂ ਉਸ ਨੇ ਟੂਥਪੇਸਟ ਮੰਗਿਆ। ਸੇਠ ਜੀ ਬੋਲੇ, 'ਥੋੜ੍ਹਾ ਠਹਿਰੋ, ਹਾਲੇ ਸਟਾਫ ਦਾ ਲੰਚ ਟਾਈਮ ਹੈ।'

ਗਾਹਕ ਫਿਰ ਬੋਲਿਆ, 'ਇਹ ਰਾਜਮਾਂਹ ਕੀ ਭਾਅ ਹੈ?'

ਸੇਠ ਜੀ ਬੋਲੇ, 'ਠਹਿਰੋ, ਸਟਾਫ ਆਉਣ ਹੀ ਵਾਲਾ ਹੈ।'

ਗਾਹਕ ਬੋਲਿਆ, 'ਅੱਛਾਂ ਤਾਂ ਇਹ ਕਲਮ ਕਿੰਨੇ ਦੀ ਹੈ?'

ਸੇਠ ਜੀ ਨੇ ਥੋੜ੍ਹਾ ਗੁੱਸੇ ਵਿੱਚ ਕਿਹਾ, 'ਥੋੜ੍ਹਾ ਸਬਰ ਰੱਖੋ ਜਨਾਬ।'

ਗਾਹਕ ਨੇ ਪੁੱਛਿਆ, 'ਤੁਸੀਂ ਆਪਣੇ ਸਟਾਫ ਨੂੰ ਕਿੰਨੀ ਤਨਖਾਹ ਦਿੰਦੇ ਹੋ?'

ਸੇਠ ਜੀ ਨੇ ਕਿਹਾ, 'ਇਹੀ ਕੋਈ ਤਿੰਨ ਚਾਰ ਹਜ਼ਾਰ ਰੁਪਏ ਮਹੀਨਾ।'

ਗਾਹਕ ਆਖਣ ਲੱਗਿਆ, 'ਪਰ ਇਹ ਬਿਲਕੁਲ ਬੇਇਨਸਾਫੀ ਵਾਲੀ ਗੱਲ ਹੈ।'

ਸੇਠ ਜੀ ਨੇ ਬੜੀ ਹੈਰਾਨੀ ਨਾਲ ਪੁੱਛਿਆ, 'ਉਹ ਕਿਵੇਂ?'

ਗਾਹਕ ਨੇ ਦੱਸਿਆ, 'ਤੁਹਾਡੀ ਦੁਕਾਨ ਦੇ ਹਰੇਕ ਸਾਮਾਨ ਦੀ ਕੀਮਤ ਤੇ ਟਿਕਾਣਾ ਤੁਹਾਡੇ ਸਟਾਫ ਨੂੰ ਪਤਾ ਹੈ ਤੇ ਤੁਹਾਨੂੰ ਕੁਝ ਵੀ ਨਹੀਂ ਪਤਾ। ਇਸ ਹਿਸਾਬ ਨਾਲ ਤਿੰਨ ਚਾਰ ਹਜ਼ਾਰ ਰੁਪਏ ਤੁਹਾਨੂੰ ਮਿਲਣੈ ਹਨ ਤੇ ਬਾਕੀ ਮੁਨਾਫਾ ਤੁਹਾਡੇ ਸਟਾਫ ਨੂੰ ਮਿਲਣਾ ਚਾਹੀਦਾ ਹੈ।' ਇਹ ਗੱਲ ਸੁਣ ਕੇ ਸੇਠ ਜੀ ਦੇ ਕਪਾਟ ਖੁੱਲ੍ਹ ਗਏ। ਉਨ੍ਹਾਂ ਕੁਰਸੀ ਨੂੰ ਛੱਡ ਕੇ ਟੂਥਪੇਸਟ ਕਾਊਂਟਰ 'ਤੇ ਰੱਖਿਆ। ਰਾਜਮਾਂਹ ਤੇ ਕਲਮ ਦਾ ਭਾਅ ਦੱਸਦਿਆਂ ਗਾਹਕ ਨੂੰ ਪੁੱਛਿਆ, 'ਹੋਰ ਕੀ ਚਾਹੀਦਾ ਹੈ ਤੁਹਾਨੂੰ?'

## ਹਲਕਾ ਫੁਲਕਾ

ਵਰਿੰਦਰ, "ਮੈਨੂੰ ਠੀਕ ਤਰ੍ਹਾਂ ਸੁਣਾਈ ਨਹੀਂ ਦਿੰਦਾ ਸੀ। ਕੁਝ ਦਿਨ ਪਹਿਲਾਂ ਮੈਂ ਕੰਨਾਂ ਦਾ ਆਪਰੇਸ਼ਨ ਕਰਾਇਆ। ਅੱਜ ਕੱਲ੍ਹ ਸਾਫ ਸੁਣਾਈ ਦਿੰਦਾ ਹੈ।"

ਵਿੱਕੀ, "ਆਪਰੇਸ਼ਨ ਉੱਤੇ ਕਿੰਨਾ ਖਰਚ ਆਇਆ?"

ਵੀਰੂ ਨੇ ਤੁਰੰਤ ਘੜੀ ਦੇਖੀ ਅਤੇ ਬੋਲਿਆ, "ਪੂਰੇ ਚਾਰ ਵੱਜ ਗਏ।"

*********

ਇੱਕ ਕੈਦੀ ਦੂਜੇ ਕੈਦੀ ਨੂੰ, "ਤੈਨੂੰ ਪੁਲਸ ਨੇ ਕਿਉਂ ਫੜਿਆ?"

ਪਹਿਲਾ ਕੈਦੀ, "ਬੈਂਕ ਲੁੱਟਣ ਤੋਂ ਬਾਅਦ ਉਥੇ ਬੈਠ ਕੇ ਪੈਸੇ ਗਿਣਨ ਲੱਗਾ ਸੀ ਤਾਂ ਪੁਲਸ ਨੇ ਫੜ ਲਿਆ।"

ਦੂਜਾ ਕੈਦੀ, "ਉਥੇ ਹੀ ਪੈਸੇ ਗਿਣਨ ਦੀ ਕੀ ਲੋੜ ਸੀ।"

ਪਹਿਲਾ ਕੈਦੀ, "ਉਥੇ ਲਿਖਿਆ ਸੀ ਕਿ ਕਾਊਂਟਰ ਛੱਡਣ ਤੋਂ ਪਹਿਲਾਂ ਸਾਰੇ ਪੈਸੇ ਗਿਣ ਲਓ, ਬਾਅਦ 'ਚ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ।"


## Machine Operators Required

ਇਸ ਐਂਟਰੀ ਲੈਵਲ ਜੌਬ ਨਾਲ ਆਪਣੀ ਟੈਕਨੀਕਲ ਮੁਹਾਰਤ ਵਿੱਚ ਵਾਧਾ ਕਰੋ ਅਤੇ ਇਸ ਕੰਮ ਦਾ ਤਜਰਬਾ ਪ੍ਰਾਪਤ ਕਰੋ।

- ਕਿਸੇ ਕਿਸਮ ਦੇ ਪਹਿਲੇ ਤਜਰਬੇ ਦੀ ਲੋੜ ਨਹੀਂ
- ਅਸੀਂ ਤੁਹਾਨੂੰ ਪੂਰੀ ਟਰੇਨਿੰਗ ਦਿਆਂਗੇ
- ਪੱਕੇ ਘੰਟੀਆਂ ਵਾਲਾ ਪੱਕਾ ਕੰਮ

### Duties & Responsibilities

- Assemble, load and unload production parts
- lifting up to 20 lbs
- Operate on 2-3 CNC machines at one time.
- Use mechanical attitude to troubleshoot and maintain different machine

Pay Rate: $15 - $16 per hour

To apply send resume to aisha@wemovepeople.co

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## IN HOME CAREGIVER

Required In-Home Caregiver For Elderly and Disabled Person. Must Be fluent in English and Punjabi. Great salary and flexible hours. Free of cost live in room and meals included.

Please send resume at:
mandeep.karwal@gmail.com
or Drop a Call: 647-649-8100

## ਨੈਨੀ ਦੀ ਜ਼ਰੂਰਤ

ਅਬਨੀਜ਼ਰ ਅਤੇ ਗੋਰ ਦੇ ਏਰੀਏ ਵਿਚ ਕੁਕਿੰਗ ਅਤੇ ਕਲੀਨਿੰਗ ਲਈ ਅਤੇ 2 ਬੱਚਿਆਂ ਦੀ ਸਾਂਭ ਸੰਭਾਲ ਲਈ ਜੋ ਕੇ 4 ਅਤੇ 5 ਸਾਲ ਦੇ ਹਨ, ਸਕੂਲ ਜਾਂਦੇ ਹਨ, ਲਈ ਨੈਨੀ ਦੀ ਜਰੂਰਤ ਹੈ। ਆਪਣਾ ਟਰਾਂਸਪੋਟੇਸ਼ਨ ਹੋਣਾ ਅਤੇ ਪੀ ਆਰ ਦਾ ਹੋਣਾ ਜ਼ਰੂਰੀ ਹੈ। ਕੰਮ ਸ਼ਾਮ ਨੂੰ 2:30 ਤੋਂ 7:30 ਤੱਕ ਸੋਮਵਾਰ ਤੋਂ ਸ਼ੁਕਰਵਾਰ ਤੱਕ ਹੋਵੇਗਾ। ਜ਼ਿਆਦਾ ਜਾਣਕਾਰੀ ਲਈ ਦਿੱਤੇ ਨੰ. 'ਤੇ ਸੰਪਰਕ ਕੀਤਾ ਜਾ ਸਕਦਾ ਹੈ।

416-648-2455

## AZ ਡਰਾਇਵਰਾਂ ਦੀ ਲੋੜ ਹੈ

"New Drivers are welcome"

- ਵਧੀਆ ਤਨਖਾਹ
- ਆਟੋਪਾਰਟਸ ਲਈ
- ਆਟੋਮੈਟਿਕ ਟੱਰਕ

ਸਿੰਗਲ ਡਰਾਇਵਰ ਦੀ U.S.A ਲਈ ਲੋੜ ਹੈ ਤੇ ਟੀਮ ਡਰਾਇਵਰਾਂ ਦੀ Texas ਲਈ ਡੈਡੀਕੇਟਡ ਰਨ ਲਈ ਲੋੜ ਹੈ

416.904.0715 | 647.456.8520

## City Translogistics Co.

ਨੂੰ ਡਰਾਈਵਰਾਂ ਦੀ ਲੋੜ ਹੈ

– City ਲਈ $20/hour
– USA ਵਿੱਚ Pennsylvania, Maryland ਲਈ ਵਧੀਆ ਤਨਖਾਹ, ਵਧੀਆ ਮਾਹੋਲ ।

ਜਿਆਦਾ ਜਾਣਕਾਰੀ ਲਈ: 647-632-1742

## RESIDENTIAL - COMMERCIAL PROPERTY - INDUSTRIAL

KARAM SINGH PUNIAN
Sales Representative

For all your Real Estate Need Call
416.262.2600
Email: karampunian@gmail.com

HomeLife Maple Leaf Realty Ltd.
80 Eastern Ave, Brampton, ON
Tel: 905.456.9090

HOMELIFE SILVERCITY Realty Inc. Brokerage

Kulwinder Chhina
SALES REPRESENTATIVE
647.293.2327
www.Kulwinderchhina.com

## PESTAGON Ltd

PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

## JOBS! JOBS! JOBS! JOBS!

ਜੇ ਤੁਸੀਂ ਨੌਕਰੀ ਦੀ ਭਾਲ ਕਰ ਰਹੇ ਹੋ ਸਾਡੇ ਨਾਲ ਸੰਪਰਕ ਕਰੋ

D&S Deol and Song Inc.

Available Positions for full time and part time

| | | |
|---|---|---|
| General Labour | Forklift & Raymond | Quality Control |
| Order Picking | Packaging | Machine Operators |
| Assembly Work | Reach Operators | Office Work |
| Drivers | Wood Workers | Helpers |

Contact Us
P: 905-847-8821 Ext 152
E: customerservice@d-n-s.ca
W: www.d-n-s.ca

Good Hourly Salary

7290 Major Mackenzie Drive Kleinberg, Ont. L0J 1C0

## V4U LOGISTIC INC.

Delivering "Satisfaction"... On Time ...Every Time

# NOW HIRING

## A/Z Drivers Needed For Canada To US Runs

- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract

For Owner Operator upto $1.62/mile
USA Driver $0.60/mile | Canada wide $0.50/mile

* Disability Insurance
* Travel Insurance
* Medical Benefits
* Dental Benefits

ਪਰਗਟ ਸਿੰਘ ਨੂੰ ਫੋਨ ਕਰੋ: 416-625-3096

ਟਰੱਕ ਮਕੈਨਿਕ ਦੀ ਵੀ ਲੋੜ ਹੈ

## A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ

CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੂਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।

ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ

- Everyday dedicated run
Single driver : 600-2000 miles
Team driver : 5500miles/weel for USA

- Yard to Yard work
- Per miles : $1.45
- Driver Rate : 48 cents

Call Jagtar Raman : (647) 292-5757
(905) 595-0408

## MANN RENOVATION

ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :

416 839 0647, 905-598-4640

## GF1 Security Jobs - Security Guard Training - Licensing

Job Guaranteed after completion of the training

Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ

■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-

We Also Provide All Level's of First Aid & CPR Training

- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com

1085 Bellamy Rd (N)
Unit #210 Scarbrough (Toronto)
647-929-7736
Web: www.gf1security.com

REVIVE EMS
CANADIAN RED CROSS Training Partner

# ਕਲਾਕਾਰ ਦੀ ਸੀਮਾ ਨਹੀਂ ਹੁੰਦੀ : ਅਮਾਇਰਾ ਦਸਤੂਰ



ਫਿਲਮ 'ਇਸ਼ਕ' ਨਾਲ ਐਕਟਿੰਗ ਕਰੀਅਰ ਸ਼ੁਰੂ ਕਰਨ ਵਾਲੀ ਅਮਾਇਰਾ ਦਸਤੂਰ ਡਿਜੀਟਲ ਪਟੇਲਫਾਰਮ 'ਤੇ ਵੀ ਕਦਮ ਰੱਖ ਚੁੱਕੀ ਹੈ। ਵੈੱਬ ਸੀਰੀਜ਼ 'ਦਿ ਟ੍ਰਿਪ' ਦੇ ਦੂਸਰੇ ਸੀਜਨ ਵਿੱਚ ਉਹ ਸ਼ਵੇਤਾ ਤ੍ਰਿਪਾਠੀ, ਸਪਨਾ ਪੱਬੀ ਅਤੇ ਮਲਿਕਾ ਦੁਆ ਦੀ ਗੈਂਗ ਵਿੱਚ ਸ਼ਾਮਲ ਹੋ ਗਈ ਹੈ। ਉਸ ਦੀ ਫਿਲਮ 'ਰਾਜਮਾ ਚਾਵਲ' ਨੈਟਫਲਕਿਸ 'ਤੇ ਰਿਲੀਜ਼ ਹੋਣ ਵਾਲੀ ਹੈ। ਉਥੇ ਹੀ ਕੰਗਨਾ ਨਾਲ 'ਮੈਂਟਲ ਹੈ ਕਯਾ' ਵਿੱਚ ਵੀ ਉਨ੍ਹਾਂ ਦਾ ਅਹਿਮ ਕਿਰਦਾਰ ਹੈ :

* ਡਿਜੀਟਲ ਪਲੇਟਫਾਰਮ 'ਤੇ ਆਉਣ ਦਾ ਖਿਆਲ ਕਿਸ ਤਰ੍ਹਾਂ ਆਇਆ?

– ਜਿਸ ਤਰ੍ਹਾਂ ਇਨ੍ਹੀਂ ਦਿਨੀਂ ਵੈੱਬ ਸੀਰੀਜ਼ ਪਸੰਦ ਕੀਤੀਆਂ ਜਾ ਰਹੀਆਂ ਹਨ। ਉਸ ਤੋਂ ਮੈਨੂੰ ਲੱਗਾ ਕਿ ਇਸ ਪਲੇਟਫਾਰਮ ਦਾ ਹਿੱਸਾ ਬਣਨਾ ਚਾਹੀਦਾ ਹੈ। ਇਥੇ ਸੈਂਸਰਸ਼ਿਪ ਦਾ ਡਰ ਨਹੀਂ। ਕਲਾਕਾਰਾਂ ਨੂੰ ਕਿਸੇ ਦਾਇਰੇ ਵਿੱਚ ਨਹੀਂ ਬੰਨਿਆ ਜਾਂਦਾ। ਉਨ੍ਹਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਦਾ ਮੌਕਾ ਮਿਲਦਾ ਹੈ। ਇਹ ਇੱਕ ਅਲੱਗ ਜ਼ਰੀਆ ਹੈ।

* ਸ਼ਵੇਤਾ ਤ੍ਰਿਪਾਠੀ, ਸਪਨਾ ਪੱਬੀ ਤੇ ਮਲਿਕਾ ਦੁਆ ਪਹਿਲੇ ਸੀਜ਼ਨ ਤੋਂ ਵੈੱਬ ਸੀਰੀਜ਼ ਵਿੱਚ ਹਨ। ਤਿੰਨਾਂ ਨਾਲ ਤਾਲਮੇਲ ਬਿਠਾਉਣਾ ਕਿੰਨਾ ਮੁਸ਼ਕਲ ਸੀ?

–ਅਸੀਂ ਚਾਰੋਂ ਗੈਰ ਫਿਲਮੀ ਪਿਛੋਕੜ ਤੋਂ ਹਾਂ। ਇਹੀ ਕਾਰਨ ਹੈ ਕਿ ਅਸੀਂ ਬਹੁਤ ਜਲਦੀ ਚੰਗੇ ਦੋਸਤ ਬਣ ਗਏ। ਸਾਡੀ ਕਹਾਣੀ ਇੱਕੋ ਜਿਹੀ ਹੈ। ਅਸੀਂ ਚਾਰਾਂ ਨੇ ਇਥੇ ਪਹੁੰਚਣ ਲਈ ਸੰਘਰਸ਼ ਕੀਤਾ ਹੈ। ਸਾਡਾ ਇੱਕ-ਦੂਸਰੇ ਨਾਲ ਮੁਕਾਬਲਾ ਨਹੀਂ। ਕਰੀਅਰ ਦੇ ਸ਼ੁਰੂ ਵਿੱਚ ਜੇ ਸਖਤ ਮਿਹਨਤ ਕੀਤੀ ਜਾਏ ਤਾਂ ਤੁਸੀਂ ਮਜ਼ਬੂਤ ਬਣਦੇ ਹੋ। ਮੈਂ 40-50 ਫਿਲਮਾਂ ਦੇ ਲਈ ਆਡੀਸ਼ਨ ਦਿੱਤੇ। ਕਦੇ-ਕਦੇ ਲੱਗਦਾ ਸੀ ਕਿ ਇੱਕ ਵੀ ਫਿਲਮ ਨਹੀਂ ਮਿਲੇਗੀ, ਪਰ ਮਿਹਨਤ ਰੰਗ ਲਿਆਉਣ ਲੱਗੀ।

* ਪੁਡੂਚੇਰੀ ਵਿੱਚ ਸ਼ੂਟਿੰਗ ਕਰਨ ਦਾ ਤਜਰਬਾ ਕਿਹੋ ਜਿਹਾ ਰਿਹਾ?

– ਇੰਨਾ ਖੂਬਸੂਰਤ ਸ਼ਹਿਰ ਮੈਂ ਭਾਰਤ ਵਿੱਚ ਕਿਤੇ ਹੋਰ ਨਹੀਂ ਦੇਖਿਆ। ਸ਼ਵੇਤਾ ਅਤੇ ਮੈਂ ਉਥੇ ਸਕੂਬਾ ਡਾਈਵਿੰਗ ਵੀ ਸਿੱਖੀ। ਸਾਡੇ ਕੋਲ ਪ੍ਰੋਫੈਸ਼ਨਲ ਸਕੂਬਾ ਡਾਈਵਰਸ ਦਾ ਸਰਟੀਫਿਕੇਟ ਵੀ ਹੈ।

* ਕਿਸ ਦੀ ਐਕਟਿੰਗ ਤੋਂ ਪ੍ਰੇਰਿਤ ਮਹਿਸੂਸ ਕਰਦੇ ਹੋ?

–ਮੈਂ ਕੰਗਨਾ ਰਣੌਤ ਤੋਂ ਬਹੁਤ ਪ੍ਰੇਰਿਤ ਹਾਂ। ਉਹ ਵੀ ਮੇਰੀ ਤਰ੍ਹਾਂ ਇਸ ਇੰਡਸਟਰੀ ਤੋਂ ਨਹੀਂ। 'ਮੈਂਟਲ ਹੈ ਕਯਾ' ਫਿਲਮ ਦੀ ਸ਼ੂਟਿੰਗ ਦੌਰਾਨ ਜਦ ਕੰਗਨਾ ਨੇ ਮੇਰੀ ਐਕਟਿੰਗ ਦੀ ਤਾਰੀਫ ਕੀਤੀ ਤਾਂ ਮੈਂ ਆਪਣੀ ਲਾਈਨਾਂ ਹੀ ਭੁੱਲ ਗਈ ਸੀ। ਥੋੜ੍ਹੀ ਦੇਰ ਬਾਅਦ ਮੈਂ ਲੰਬਾ ਸਾਹ ਲਿਆ ਅਤੇ ਕੰਮ ਕਰਨਾ ਸ਼ੁਰੂ ਕੀਤਾ।

* 'ਰਾਜਮਾ ਚਾਵਲ' ਫਿਲਮ ਵਿੱਚ ਮੇਰਠ ਦੀ ਲੜਕੀ ਬਣਨਾ ਅਤੇ ਰਿਸ਼ੀ ਕਪੂਰ ਨਾਲ ਕੰਮ ਕਰਨਾ ਕਿੰਨਾ ਮੁਸ਼ਕਲ ਰਿਹਾ?

– ਰਿਸ਼ੀ ਕਪੂਰ ਮੈਨੂੰ ਸੈੱਟ 'ਤੇ ਬਾਵੀ ਕਹਿ ਕੇ ਬੁਲਾਉਂਦੇ ਸਨ। ਉਹ ਮੇਰੇ ਪਾਪਾ ਦੀ ਤਰ੍ਹਾਂ ਗੱਲ ਕਰਦੇ ਹਨ। ਬਿੰਦਾਸ ਹਨ। ਪੁਰਾਣੇ ਦੌਰ ਦੇ ਸਿਨੇਮਾ ਦੇ ਬਾਰੇ ਦੱਸਦੇ ਸਨ ਕਿ ਕਿਵੇਂ ਉਸ ਵਕਤ ਫਿਲਮਾਂ ਸ਼ੂਟ ਹੁੰਦੀਆਂ ਸਨ, ਇੱਕ ਟੇਕ ਵਿੱਚ ਸੀਨ ਦੇਣਾ ਹੁੰਦਾ ਸੀ। ਮੇਰਠ ਦੀ ਲੜਕੀ ਬਣਨ ਲਈ ਮੈਂ ਦਿੱਲੀ ਵਿੱਚ ਇੱਕ ਪੰਡਿਤ ਤੋਂ ਟਰੇਨਿੰਗ ਲਈ ਸੀ। ਤਿੰਨ ਮਹੀਨਿਆਂ ਵਿੱਚ ਮੈਂ ਮੇਰਠ ਦੀ ਲੜਕੀ ਬਣ ਗਈ ਸੀ। ਮੈਂ ਹਿੰਦੀ ਜਾਣਦੀ ਹਾਂ, ਬੱਸ ਉਚਾਰਣ 'ਤੇ ਕੰਮ ਕਰਨਾ ਸੀ।

* ਫਿਲਮ 'ਪ੍ਰਸਥਾਨਮ' ਦੇ ਬਾਰੇ ਦੱਸੋ?

– ਫਿਲਮ ਅੱਸੀ ਫੀਸਦੀ ਬਣ ਕੇ ਤਿਆਰ ਹੈ। ਪਾਲੀਟੀਕਲ ਥ੍ਰਿਲਰ ਹੈ। ਮੇਰਾ ਕੰਮ ਖਤਮ ਹੋ ਚੁੱਕਾ ਹੈ। ਮੈਂ ਫਿਲਮ ਵਿੱਚ ਇੱਕ ਐੱਨ ਆਰ ਆਈ ਦਾ ਕਿਰਦਾਰ ਕਰ ਰਹੀ ਹਾਂ। ਅਸੀਂ ਲਖਨਊ ਵਿੱਚ ਸ਼ੂਟਿੰਗ ਕੀਤੀ ਹੈ। ਫਿਲਮ ਵਿੱਚ ਸੰਜੇ ਦੱਤ, ਜੈਕੀ ਸ਼ਰਾਫ ਅਤੇ ਮਨੀਸ਼ਾ ਕੋਇਰਾਲਾ ਹਨ। ਉਨ੍ਹਾਂ ਦੀਆਂ ਫਿਲਮਾਂ ਦੇਖ ਕੇ ਮੈਂ ਵੱਡੀ ਹੋਈ ਹਾਂ। ਸੰਜੇ ਦੱਤ ਦੀ ਫਿਲਮ 'ਖਲਨਾਇਕ' ਮੇਰੀ ਪਸੰਦੀਦਾ ਫਿਲਮਾਂ ਵਿੱਚੋਂ ਇੱਕ ਹੈ। ਗੰਭੀਰ ਸੀਨ ਕਰਨ ਤੋਂ ਪਹਿਲਾਂ ਸੰਜੇ ਦੱਤ ਅਤੇ ਜੈਕੀ ਸ਼ਰਾਫ ਹਾਸਾ-ਮਜਾਕ ਕਰ ਰਹੇ ਸਨ, ਪਰ ਜਦੋਂ ਡਾਇਰੈਕਟਰ ਐਕਸ਼ਨ ਬੋਲਦੇ ਹਨ, ਦੋਵੇਂ ਗੰਭੀਰ ਕਿਰਦਾਰਾਂ ਵਿੱਚ ਆ ਜਾਂਦੇ ਹਨ। ਉਹ ਸਾਨੂੰ ਨਵੇਂ ਬੱਚੇ ਕਹਿ ਕੇ ਚਿੜ੍ਹਾਉਂਦੇ ਸਨ। ਇੰਝ ਲੱਗਾ ਹੀ ਨਹੀਂ ਕਿ ਅਸੀਂ ਸੁਪਰ ਸਟਾਰਾਂ ਨਾਲ ਕੰਮ ਕਰ ਰਹੇ ਹਾਂ। ਜੈਕੀ ਸਰ ਤੋਂ ਤੁਸੀਂ ਜੀਵਨ ਦੇ ਬਾਰੇ ਵਿੱਚ ਕਾਫੀ ਕੁਝ ਸਿੱਖ ਸਕਦੇ ਹੋ।


# ਰੇਲਵੇ ਸਟੇਸ਼ਨ 'ਤੇ ਪਰਿਣੀਤੀ ਨੂੰ ਕਿਸੇ ਨੇ ਨਹੀਂ ਪਛਾਣਿਆ



ਫਿਲਮ 'ਜਬਰੀਆ ਜੋੜੀ' ਦੀ ਸ਼ੂਟਿੰਗ ਲਖਨਊ ਰੇਲਵੇ ਸਟੇਸ਼ਨ 'ਤੇ ਚਲ ਰਹੀ ਹੈ। ਪਰਿਣੀਤੀ ਚੋਪੜਾ ਇਸ ਦੀ ਸ਼ੂਟਿੰਗ ਦੇ ਲਈ ਉਥੇ ਪਹੁੰਚੀ। ਟੀਮ ਨੂੰ ਉਮੀਦ ਸੀ ਕਿ ਪਰਿਣੀਤੀ ਦੇ ਆਉਣ 'ਤੇ ਫੈਨਸ ਦੀ ਭੀੜ ਟੁੱਟ ਪਏਗੀ, ਪਰ ਅਜਿਹਾ ਕੁਝ ਵੀ ਨਹੀਂ ਹੋਇਆ। ਇਥੋਂ ਤੱਕ ਕਿ ਪਰਿਣੀਤੀ ਨੂੰ ਕਿਸੇ ਨੇ ਪਛਾਣਿਆ ਤੱਕ ਨਹੀਂ।

ਦਰਅਸਲ ਭੀੜ ਤੋਂ ਬਚਣ ਲਈ ਫਿਲਮ ਮੇਕਰਸ ਨੇ ਸ਼ੂਟਿੰਗ ਲੋਕੇਸ਼ਨ ਉੱਤੇ ਪਹਿਲਾਂ ਹੀ ਹਿਡੇਨ ਕੈਮਰੇ ਲਾ ਦਿੱਤੇ ਸਨ। ਇਸ ਤੋਂ ਪਹਿਲਾਂ ਕਿ ਲੋਕ ਸਮਝਦੇ ਕਿ ਪਰਿਣੀਤੀ ਉਥੇ ਹੈ, ਉਹ ਇੱਕ ਸ਼ਾਟ ਓ ਕੇ ਕਰ ਚੁੱਕੀ ਸੀ ਅਤੇ ਸ਼ੂਟ ਓ ਕੇ ਹੁੰਦੇ ਸਾਰ ਉਹ ਲੋਕੇਸ਼ਨ ਤੋਂ ਨਿਕਲ ਗਈ। ਫਿਲਮਕਾਰ ਲਖਨਊ ਦੀ ਸ਼ੂਟਿੰਗ ਨਵੰਬਰ ਤੱਕ ਕਰ ਲੈਣਾ ਚਾਹੁੰਦੇ ਹਨ। ਉਸ ਪਿੱਛੋਂ ਪਟਨਾ ਵਿੱਚ ਸ਼ੂਟਿੰਗ ਕਰਨੀ ਹੈ। ਫਿਲਮ ਦਾ ਸਿਰਲੇਖ ਫਿਲਮ ਦੇ ਹੀਰੋ ਸਿਧਾਰਥ ਮਲਹੋਤਰਾ ਨੇ ਸੁਝਾਇਆ ਸੀ।

# ਸੈਫ ਅਲੀ ਨੇ ਮੁੰਬਈ ਵਿੱਚ ਸ਼ੁਰੂ ਕੀਤੀ 'ਸੇਕ੍ਰੇਡ ਗੇਮਸ 2' ਸ਼ੂਟਿੰਗ



ਵੈੱਬ ਸੀਰੀਡ 'ਸੇਕ੍ਰੇਡ ਗੇਮਸ 2' ਲਈ ਸ਼ੂਟਿੰਗ ਬੀਤੇ ਦਿਨੀਂ ਮੁੰਬਈ ਵਿੱਚ ਸ਼ੁਰੂ ਹੋ ਗਈ ਹੈ। ਪਿੱਛੇ ਜਿਹੇ ਸੈਫ ਅਲੀ ਖਾਨ ਨੇ ਆਪਣੇ ਕਿਰਦਾਰ ਸਰਦਾਰ ਸਰਤਾਜ ਸਿੰਘ ਦੇ ਰੂਪ ਵਿੱਚ ਸੇਂਟ ਜੇਵੀਅਰ ਕਾਲਜ ਵਿੱਚ ਕੁਝ ਸੀਨ ਸ਼ੂਟ ਕੀਤੇ ਸਨ। ਸੀਰੀਜ ਦੇ ਮੁੰਬਈ ਸ਼ਡਿਊਲ ਦੀ ਸ਼ੂਟਿੰਗ ਦੇ ਬਾਅਦ ਟੀਮ ਅਗਲੇ ਸ਼ਡਿਊਲ ਲਈ ਯੂ ਕੇ ਰਵਾਨਾ ਹੋਵੇਗੀ।

ਇਸ ਫਿਲਮ ਦੇ ਨਾਲ ਸੈਫ ਅਜੈ ਦੇਵਗਨ ਦੀ ਫਿਲਮ 'ਤਾਨਾਜੀ' ਦੀ ਸ਼ੂਟਿੰਗ ਵਿੱਚ ਜੁਟ ਗਏ ਹਨ। ਉਨ੍ਹਾਂ ਨੇ ਅਜੇ ਤੱਕ ਫਿਲਮ ਵਿੱਚ ਅਜੈ ਦੇ ਨਾਲ ਕੋਈ ਸੀਨ ਸ਼ੂਟ ਨਹੀਂ ਕੀਤਾ, ਪਰ ਇਸ ਦੇ ਲਈ ਉਹ ਐਕਸਾਈਟਿਡ ਹਨ। ਅਗਲੇ ਸਾਲ ਸੈਫ ਦੀ ਫਿਲਮ 'ਹੰਟਰ' ਵੀ ਰਿਲੀਜ਼ ਹੋਵੇਗੀ।



# ਕਾਮੇਡੀ ਨਹੀਂ ਕਰਾਂਗਾ : ਪ੍ਰਿਯਾਂਸ਼ੂ ਚੈਟਰਜੀ

ਫਿਲਮ 'ਤੁਮ ਬਿਨ' ਨਾਲ ਪ੍ਰਿਯਾਂਸ਼ੂ ਚੈਟਰਜੀ ਨੇ ਬਾਲੀਵੁੱਡ ਵਿੱਚ ਧਮਾਕੇਦਾਰ ਐਂਟਰੀ ਕੀਤੀ ਸੀ, ਪਰ ਇਸ ਦੇ ਬਾਅਦ ਉਸ ਦੀ ਸਪੀਡ ਘੱਟ ਹੁੰਦੀ ਚਲੀ ਗਈ। ਇਹ ਅਲੱਗ ਗੱਲ ਹੈ ਕਿ ਪ੍ਰਿਯਾਂਸ਼ੂ ਬੰਗਲਾ ਫਿਲਮਾਂ ਵਿੱਚ ਰੁੱਝੇ ਰਹੇ ਅਤੇ ਵਿੱਚ-ਵਿਚਾਲੇ ਹਿੰਦੀ ਫਿਲਮਾਂ ਵਿੱਚ ਉਨ੍ਹਾਂ ਦੀ ਮੌਜੂਦਗੀ ਨਜ਼ਰ ਆਉਂਦੀ ਰਹੀ, ਪਰ ਇਹ ਅਜਿਹੀਆਂ ਫਿਲਮਾਂ ਸਨ, ਜੋ ਬਾਕਸ ਆਫਿਸ 'ਤੇ ਕ੍ਰਿਸ਼ਮਾ ਨਹੀਂ ਦਿਖਾ ਸਕੀਆਂ। ਲੰਬੇ ਸਮੇਂ ਪਿੱਛੋਂ ਫਿਲਮ 'ਕਾਮੇਡੀ ਕਾ ਤੜਕਾ' ਨਾਲ ਪ੍ਰਿਯਾਂਸ਼ੂ ਇੱਕ ਨਵੇਂ ਰੂਪ ਵਿੱਚ ਸਾਹਮਣੇ ਆ ਰਹੇ ਹਨ। ਪੇਸ਼ ਹਨ ਉਸ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* ਤੁਹਾਡੇ ਵਿਅਕਤੀਤਵ ਵਿੱਚ ਕੁਝ ਬਦਲਾਅ ਨਜ਼ਰ ਆ ਰਿਹਾ ਹੈ। ਕੀ ਅਜਿਹਾ ਕਰੈਕਟਰ ਦੇ ਕਾਰਨ ਹੋਇਆ ਹੈ?

– ਮੈਂ ਵਰਕਆਊਟ ਕਰ ਕੇ ਆਪਣਾ ਵਜ਼ਨ 12 ਕਿਲੋ ਘੱਟ ਕੀਤਾ ਹੈ ਕਿਉਂਕਿ ਮੇਰੇ ਕਰੈਕਟਰ ਦਾ ਲੁਕ ਹੀ ਅਜਿਹਾ ਹੈ ਜਿਸ ਦੀ ਵਜ੍ਹਾ ਨਾਲ ਮੈਨੂੰ ਆਪਣੀ ਸ਼ੇਪ ਵਿੱਚ ਬਦਲਾਅ ਲਿਆਉਣਾ ਪਿਆ।

* ਕੀ ਫਿਲਮ ਵਿੱਚ ਤੁਸੀਂ ਵੀ ਕਾਮੇਡੀ ਦਾ ਤੜਕਾ ਲਾਓਗੇ?

– ਜੀ ਨਹੀਂ, ਮੇਰਾ ਸੀਰੀਅਸ ਕਰੈਕਟਰ ਹੈ। ਕਾਮੇਡੀ ਦਾ ਤੜਕਾ ਲਾਉਣ ਵਾਲੇ ਬਾਕੀ ਕਲਾਕਾਰ ਹਨ, ਜਿਨ੍ਹਾ ਵਿੱਚ ਮੇਰਾ ਆਫਿਸ ਸਟਾਫ ਵੀ ਸ਼ਾਮਲ ਹੈ।

* ਫਿਲਮ ਵਿੱਚ ਤੁਹਾਡੇ ਕਰੈਕਟਰ ਨੇ ਕੀ ਰੂਪ ਲਿਆ ਹੈ?

– ਇਸ ਵਿੱਚ ਮੈਂ ਸ਼ਾਦੀਸ਼ੁਦਾ ਹਾਂ, ਜਿਸ ਦੀ ਪਤਨੀ ਨਾਲ ਨਿਭ ਨਹੀਂ ਰਹੀ। ਸਾਡੇ ਦਰਮਿਆਨ ਨੋਕ-ਝੋਕ ਹੁੰਦੀ ਰਹਿੰਦੀ ਹੈ ਜਿਸ ਦੀ ਖਬਰ ਦਫਤਰ ਤੱਕ ਪਹੁੰਚ ਜਾਂਦੀ ਹੈ। ਦਫਤਰ ਦੇ ਲੋਕ ਸਾਡੀ ਨੋਕ-ਝੋਕ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਦੇ ਹਨ ਜਿਸ ਦੇ ਵਿੱਚ ਕਾਮੇਡੀ ਸਿਚੁਏਸ਼ਨਜ਼ ਬਣਦੀ ਰਹਿੰਦੀ ਹੈ।

* ਫਿਲਮ ਵਿੱਚ ਯੰਗਸਟਰਸ ਲਏ ਗਏ ਹਨ, ਜਿਨ੍ਹਾਂ ਵਿੱਚ ਤੁਸੀਂ ਕਾਫੀ ਸੀਨੀਅਰ ਹੋ। ਕਿਹੋ ਜਿਹਾ ਲੱਗਾ ਉਨ੍ਹਾਂ ਦੇ ਨਾਲ ਕੰਮ ਕਰਨਾ?

– ਯੰਗ ਲੜਕੇ ਐਕਟਿੰਗ ਵਿੱਚ ਟ੍ਰੇਂਡ ਹਨ। ਉਹ ਚੰਗੀ ਤਰ੍ਹਾਂ ਸਿੱਖ ਕੇ ਆਏ ਹਨ। ਉਨ੍ਹਾਂ ਵਿੱਚ ਐਨਰਜੀ ਵੀ ਖੂਬ ਹੈ। ਮੈਂ ਤਾਂ ਉਨ੍ਹਾਂ ਨੂੰ ਸਿਰਫ ਇਹੀ ਸੁਝਾਅ ਦਿੱਤਾ ਹੈ ਕਿ ਸਹੀ ਦਿਸ਼ਾ ਵਿੱਚ ਅੱਗੇ ਵਧੋ।

* ਤੁਸੀਂ ਫਿਲਮਾਂ ਵਿੱਚ ਕਾਫੀ ਘੱਟ ਦਿਖਾਈ ਦੇ ਰਹੇ ਹੋ, ਅਜਿਹਾ ਕਿਉਂ?

– ਇਸ ਦੇ ਕਈ ਕਾਰਨ ਹੈ। ਮੈਂ ਹਿੰਦੀ ਦੇ ਨਾਲ-ਨਾਲ ਬੰਗਲਾ ਫਿਲਮਾਂ ਵਿੱਚ ਵੀ ਬਿਜ਼ੀ ਰਿਹਾ। ਹਾਲੇ 25 ਦੇ ਲਗਭਗ ਬੰਗਲਾ ਫਿਲਮਾਂ ਕਰ ਚੁੱਕਾ ਹਾਂ ਜਿਸ ਕਾਰਨ ਹਿੰਦੀ ਫਿਲਮਾਂ ਨਾਲ ਸਹੀ ਤਾਲਮੇਲ ਨਹੀਂ ਬਿਠਾ ਸਕਿਆ। ਕੁਝ ਅਜਿਹੀਆਂ ਹਿੰਦੀ ਫਿਲਮਾਂ ਮਿਲੀਆਂ, ਜਿਨ੍ਹਾਂ ਦਾ ਸਹੀ ਤਰ੍ਹਾਂ ਪ੍ਰਮੋਸ਼ਨ ਨਹੀਂ ਹੋਇਆ ਜਿਸ ਦਾ ਫਾਇਦਾ ਮੈਨੂੰ ਨਹੀਂ ਮਿਲ ਸਕਿਆ।

* ਬੰਗਲਾ ਅਤੇ ਹਿੰਦੀ ਫਿਲਮਾਂ ਵਿੱਚ ਕੀ ਫਰਕ ਦੇਖਦੇ ਹੋ?

– ਬੰਗਲਾ ਫਿਲਮ ਕਰਦੇ ਸਮੇਂ ਕ੍ਰਿਏਟਿਵ ਸੈਟੀਸਫੈਕਸ਼ਨ ਮਿਲਦਾ ਹੈ, ਪਰ ਪੈਸਾ ਤਾਂ ਬਾਲੀਵੁੱਡ ਹੀ ਦਿੰਦਾ ਹੈ।

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS

Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

BEST CANADIAN TRUCK & FORKLIFT TRAINING CENTRE
Registered as a Private Career College Under the Private Career Colleges Act. 2005

* AZ Tractor Trailer Program
* Manual Transmission & Backup Training Everyday
* We Welcome Welfare & Workers Compensation Clients
Cell: 416-670-3173
Tell: 905-799-7333
**SPECIAL** Forklift Re-Certification Only $69
Open 7 Days
27-B Edvac Drive, Brampton, ON L6S 5X8

Karnail Singh



# ਖੇਡ ਤੇ ਖਿਡਾਰੀ



## ਅਫਰੀਦੀ ਨੇ ਕਸ਼ਮੀਰ ਨੂੰ ਵੱਖਰਾ ਮੁਲਕ ਬਣਾਉਣ ਦੀ ਮੰਗ ਕੀਤੀ



ਨਵੀਂ ਦਿੱਲੀ, 14 ਨਵੰਬਰ (ਪੋਸਟ ਬਿਊਰੋ): ਪਾਕਿਸਤਾਨ ਦੇ ਆਲਰਾਊਂਡਰ ਸ਼ਾਹਿਦ ਨੇ ਇਕ ਪ੍ਰੈੱਸ ਕਾਨਫਰੈਂਸ 'ਚ ਕਿਹਾ ਕਿ ਪਾਕਿਸਤਾਨ ਕਸ਼ਮੀਰ ਨਹੀਂ ਸੰਭਾਲ ਸਕਦਾ। ਅਫਰੀਦੀ ਨੇ ਕਸ਼ਮੀਰ ਨੂੰ ਵੱਖਰਾ ਮੁਲਕ ਬਣਾਉਣ ਦੀ ਮੰਗ ਕੀਤੀ ਹੈ। ਸੋਸ਼ਲ ਮੀਡੀਆ 'ਤੇ ਉਨ੍ਹਾਂ ਦੀ ਇਕ ਪ੍ਰੈੱਸ ਕਾਨਫਰੈਂਸ ਦੀ ਵੀਡੀਓ ਵਾਇਰਲ ਹੋ ਰਹੀ ਹੈ, ਜਿਸ 'ਚ ਅਫਰੀਦੀ ਨੇ ਕਿਹਾ, 'ਪਾਕਿਸਤਾਨ ਤੋਂ ਆਪਣੇ ਲੋਕ ਤਾਂ ਸੰਭਾਲੇ ਨਹੀਂ ਜਾ ਰਹੇ, ਉਹ ਕਸ਼ਮੀਰ ਕੀ ਸੰਭਾਲੇਗਾ। ਉਨ੍ਹਾਂ ਕਿਹਾ,' ਕਸ਼ਮੀਰ ਕੋਈ ਇਸ਼ੂ ਨਹੀਂ ਹੈ, ਮੈਂ ਕਹਿੰਦਾ ਹਾਂ ਪਾਕਿਸਤਾਨ ਨੂੰ ਨਹੀਂ ਚਾਹੀਦਾ ਕਸ਼ਮੀਰ.. ਭਾਰਤ ਨੂੰ ਵੀ ਨਾ ਦਿਓ ਕਸ਼ਮੀਰ। ਕਸ਼ਮੀਰ ਵੱਖਰਾ ਮੁਲਕ ਬਣੇ। ਘੱਟੋ ਘੱਟ ਇਨਸਾਨੀਅਤ ਤਾਂ ਜ਼ਿੰਦਾ ਰਹੇ.. ਇਨਸਾਨ ਜੋ ਮਰ ਰਹੇ ਹਨ ਚਾਹੇ ਉਹ ਕਿਸੇ ਵੀ ਮਜ਼ਹਬ ਦੇ ਹੋਣ ਤਕਲੀਫ ਹੁੰਦੀ ਹੈ।'

ਵੈਸੇ ਇਹ ਪਹਿਲਾ ਮੌਕਾ ਨਹੀਂ ਹੈ, ਜਦੋਂ ਸ਼ਾਹਿਦ ਅਫਰੀਦੀ ਨੇ ਕਸ਼ਮੀਰ 'ਤੇ ਬਿਆਨ ਦਿੱਤਾ ਹੈ। ਇਸ ਤੋਂ ਪਹਿਲਾਂ ਵੀ ਉਹ ਬਿਆਨ ਦੇ ਕੇ ਕਾਫੀ ਵਿਵਾਦ ਝੱਲ ਚੁੱਕੇ ਹਨ। ਉਨ੍ਹਾਂ ਨੇ ਇਸੇ ਸਾਲ ਅਪ੍ਰੈਲ 'ਚ ਟਵੀਟ ਕਰ ਜੰਮੂ-ਕਸ਼ਮੀਰ 'ਚ ਭਾਰਤੀ ਸੈਨਾ ਦੀਆਂ ਅੱਤਵਾਦ ਰੋਕੂ ਮੁਹਿੰਮਾਂ ਤਹਿਤ ਮਾਰੇ ਗਏ 13 ਅੱਤਵਾਦੀਆਂ ਲਈ ਅਫਰੀਦੀ ਨੇ ਹਮਦਰਦੀ ਜਤਾਈ ਸੀ। ਭਾਰਤ ਦੇ ਕਬਜ਼ੇ ਵਾਲੇ ਕਸ਼ਮੀਰ ਦੀ ਸਥਿਤੀ ਬੈਚੇਨ ਕਰਨ ਵਾਲੀ ਹੈ। ਇੱਥੇ ਆਜ਼ਾਦੀ ਦੀ ਆਵਾਜ਼ ਨੂੰ ਦਬਾ ਦਿੱਤਾ ਜਾਂਦਾ ਹੈ। ਮੈਂ ਹੈਰਾਨ ਹਾਂ ਕਿ ਸੰਯੁਕਤ ਰਾਸ਼ਟਰ ਅਤੇ ਬਾਕੀ ਅੰਤਰਰਾਸ਼ਟਰੀ ਸੰਗਠਨ ਕਿੱਥੇ ਹਨ? ਉਹ ਇਸ ਖੂਨੀ ਸੰਘਰਸ਼ ਨੂੰ ਰੋਕਣ ਲਈ ਕੁਝ ਕਿਉਂ ਨਹੀਂ ਕਰ ਰਹੇ? ਇਸ ਟਿੱਪਣੀ 'ਤੇ ਭਾਰਤੀ ਕ੍ਰਿਕਟਰ ਗੌਤਮ ਗੰਭੀਰ ਸਮੇਤ ਤਮਾਮ ਨੇਤਾਵਾਂ ਅਤੇ ਸੈਲੀਬ੍ਰਿਟੀਜ਼ ਨੇ ਅਫਰੀਦੀ ਨੂੰ ਨਿਸ਼ਾਨਾ ਬਣਾਇਆ ਸੀ।

## ਹਾਂਗਕਾਂਗ ਓਪਨ 'ਚ ਪੀ.ਵੀ. ਸਿੰਧੂ ਦੀ ਜਿੱਤ



ਨਵੀਂ ਦਿੱਲੀ, 14 ਨਵੰਬਰ (ਪੋਸਟ ਬਿਊਰੋ): ਵਿਸ਼ਵ ਦੀ ਤੀਜੇ ਨੰਬਰ ਦੀ ਬੈਡਮਿੰਟਨ ਖਿਡਾਰਨ ਭਾਰਤ ਦੀ ਪੀ.ਵੀ. ਸਿੰਧੂ ਨੇ ਹਾਂਗਕਾਂਗ ਓਪਨ ਬੈਡਮਿੰਟਨ ਟੂਰਨਾਮੈਂਟ ਦੇ ਪਹਿਲੇ ਦੌਰ 'ਚ ਬੁੱਧਵਾਰ ਨੂੰ ਸੰਘਰਸ਼ਪੂਰਨ ਜਿੱਤ ਦੇ ਬਾਅਦ ਦੂਜੇ ਦੌਰ 'ਚ ਜਗ੍ਹਾ ਬਣਾਈ। ਪਰ ਪੁਰਸ਼ ਖਿਡਾਰੀ ਬੀ. ਸਾਈ ਪ੍ਰਣੀਤ ਪਹਿਲਾ ਹੀ ਮੁਕਾਬਲਾ ਹਾਰ ਕੇ ਟੂਰਨਾਮੈਂਟ ਤੋਂ ਬਾਹਰ ਹੋ ਗਏ।

ਟੂਰਨਾਮੈਂਟ 'ਚ ਤੀਜਾ ਦਰਜਾ ਪ੍ਰਾਪਤ ਸਿੰਧੂ ਨੇ ਥਾਈਲੈਂਡ ਦੀ ਨਿਤਚਾਨੋਨ ਜਿੰਦਾਪੋਲ ਨੂੰ ਇਕ ਘੰਟੇ ਇਕ ਮਿੰਟ ਤਕ ਚਲੇ ਮੈਚ 'ਚ 21-15, 13-21, 21-17 ਨਾਲ ਹਰਾਇਆ। ਸਿੰਧੂ ਨੂੰ ਹਾਲਾਂਕਿ 14ਵੀਂ ਰੈਂਕਿੰਗ ਦੀ ਜਿੰਦਾਪੋਲ ਨੇ ਸਖਤ ਟੱਕਰ ਦਿੱਤੀ ਪਰ ਭਾਰਤੀ ਖਿਡਾਰਨ ਨੇ ਜਿੱਤ ਹਾਸਲ ਕਰਕੇ ਥਾਈ ਖਿਡਾਰਨ ਦੇ ਖਿਲਾਫ ਕਰੀਅਰ ਰਿਕਾਰਡ 5-1 ਤਕ ਪਹੁੰਚਾ ਦਿੱਤਾ। ਜਿੰਦਾਪੋਲ ਕਰੀਅਰ 'ਚ 6 ਮੁਕਾਬਲਿਆਂ 'ਚ ਅਜੇ ਤਕ ਸਿਰਫ ਇਕ ਵਾਰ ਹੀ ਸਿੰਧੂ ਨੂੰ ਹਰਾ ਸਕੀ ਹੈ। ਹੁਣ ਸਿੰਧੂ ਦਾ ਦੂਜੇ ਦੌਰ 'ਚ ਕੋਰੀਆ ਦੀ ਸੁੰਗ ਜੀ ਬਿਊਨ ਨਾਲ ਮੁਕਾਬਲਾ ਹੋਵੇਗਾ।

ਪੁਰਸ਼ ਸਿੰਗਲ ਦੇ ਪਹਿਲੇ ਦੌਰ 'ਚ ਸਮੀਰ ਵਰਮਾ ਨੇ ਜਿੱਤ ਨਾਲ ਦੂਜੇ ਦੌਰ 'ਚ ਜਗ੍ਹਾ ਬਣਾਈ। ਪਰ ਬੀ. ਸਾਈ ਪ੍ਰਣੀਤ ਪਹਿਲੇ ਹੀ ਦੌਰ ਦਾ ਮੁਕਾਬਲਾ ਹਾਰ ਗਏ। ਵਿਸ਼ਵ ਦੇ 17ਵੀਂ ਰੈਂਕਿੰਗ ਦੇ ਸਮੀਰ ਨੇ ਥਾਈਲੈਂਡ ਦੇ ਸੁਪਾਨਿਊ ਅਵਿ-ਹੰਗਸਾਨਨ ਨੂੰ ਲਗਾਤਾਰ ਗੇਮਾਂ 'ਚ 21-17, 21-14 ਨਾਲ 40 ਮਿੰਟਾਂ 'ਚ ਹਰਾਇਆ।

## ਨੌਜਵਾਨ ਮੁੱਕੇਬਾਜ਼ਾਂ ਦੀ ਚੁਣੌਤੀ ਲਈ ਤਿਆਰ ਹਾਂ : ਮੈਰੀਕਾਮ



ਨਵੀਂ ਦਿੱਲੀ, 14 ਨਵੰਬਰ (ਪੋਸਟ ਬਿਊਰੋ):ਵਿਸ਼ਵ ਚੈਂਪੀਅਨਸ਼ਿਪ 'ਚ ਛੇਵਾਂ ਸੋਨ ਤਮਗਾ ਜਿੱਤਣ ਦੀ ਕੋਸ਼ਿਸ਼ 'ਚ ਲੱਗੀ ਮਸ਼ਹੂਰ ਮੁੱਕੇਬਾਜ਼ ਐੱਮ.ਸੀ. ਮੈਰੀਕਾਮ ਨੇ ਸੋਮਵਾਰ ਨੂੰ ਕਿਹਾ ਕਿ ਉਹ ਯੁਵਾ ਮੁੱਕੇਬਾਜ਼ਾਂ ਦੀ ਚੁਣੌਤੀ ਤੋਂ ਨਜਿੱਠਣ ਲਈ ਆਪਣੇ ਤਜਰਬੇ ਅਤੇ ਊਰਜਾ ਦਾ ਇਸਤੇਮਾਲ ਕਰੇਗੀ। 35 ਸਾਲਾ ਮੈਰੀਕਾਮ ਬੁੱਧਵਾਰ ਤੋਂ ਸ਼ੁਰੂ ਹੋਣ ਵਾਲੀ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ 'ਚ ਸਤਵੀਂ ਵਾਰ ਹਿੱਸਾ ਲਵੇਗੀ।

ਇਹ ਪੰਜ ਵਾਰ ਦੀ ਵਿਸ਼ਵ ਚੈਂਪੀਅਨ, ਓਲੰਪਿਕ ਕਾਂਸੀ ਤਮਗਾ ਜੇਤੂ ਅਤੇ ਏਸ਼ੀਆਈ ਖੇਡਾਂ ਦੀ ਸੋਨ ਤਮਗਾ ਜੇਤੂ ਦੇ ਰੂਪ 'ਚ ਮੈਦਾਨ 'ਤੇ ਉਤਰੇਗੀ। ਮੈਰੀਕਾਮ ਨੇ ਟੂਰਨਾਮੈਂਟ ਤੋਂ ਪਹਿਲਾਂ ਪੱਤਕਾਰਾਂ ਨੂੰ ਕਿਹਾ, "ਮੇਰੇ ਵਰਗ 'ਚ ਅਜਿਹੇ ਮੁੱਕੇਬਾਜ਼ ਹਨ ਜੋ 2001 ਤੋਂ ਹੁਣ ਤੱਕ ਖੇਡ ਰਹੇ ਹਨ। ਮੈਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦੀ ਹਾਂ। ਨਵੇਂ ਮੁੱਕੇਬਾਜ਼ ਜ਼ਿਆਦਾ ਦਮਦਾਰ ਅਤੇ ਸਮਾਰਟ ਹਨ ਅਤੇ ਉਹ ਫੁਰਤਲੇ ਵੀ ਹਨ। ਮੈਂ ਆਪਣੇ ਤਜਰਬੇ ਦਾ ਇਸਤੇਮਾਲ ਕਰਾਂਗੀ। ਪੁਰਾਣੇ ਮੁੱਕੇਬਾਜ਼ ਜ਼ਿਆਦਾਤਰ ਇਕੋ ਜਿਹੇ ਹਨ ਅਤੇ ਮੈਂ ਉਨ੍ਹਾਂ ਨੂੰ ਜਾਣਦੀ ਹਾਂ।"

## ਦੱਖਣੀ ਅਫਰੀਕਾ ਦੇ ਕੇਵਿਨ ਐਂਡਰਸਨ ਨੇ ਜਾਪਾਨ ਦੇ ਕੇਈ ਨਿਸ਼ੀਕੋਰੀ ਹਰਾਇਆ



ਨਵੀਂ ਦਿੱਲੀ, 14 ਨਵੰਬਰ (ਪੋਸਟ ਬਿਊਰੋ): ਟੈਨਿਸ 'ਚ ਦੱਖਣੀ ਅਫਰੀਕਾ ਦੇ ਕੇਵਿਨ ਐਂਡਰਸਨ ਨੇ ਜਾਪਾਨ ਦੇ ਕੇਈ ਨਿਸ਼ੀਕੋਰੀ ਨੂੰ ਮੰਗਲਵਾਰ ਨੂੰ ਇੱਥੇ 6-0, 6-1 ਨਾਲ ਹਰਾ ਕੇ ਏ.ਟੀ.ਪੀ. ਫਾਈਨਲਸ ਦੇ ਸੈਮੀਫਾਈਨਲ 'ਚ ਪਹੁੰਚਣ ਵੱਲ ਕਦਮ ਵਧਾਏ। ਐਂਡਰਸਨ ਨੇ ਪਹਿਲੇ 11 ਗੇਮ ਜਿੱਤੇ ਅਤੇ ਫਿਰ ਨਿਸ਼ੀਕੋਰੀ ਨੂੰ ਇਕਤਰਫਾ ਮੈਚ ਸਿਰਫ 64 ਮਿੰਟ 'ਚ ਹਰਾ ਦਿੱਤਾ। ਡੋਮਿਨਿਕ ਥਿਏਮ ਖਿਲਾਫ ਆਪਣਾ ਪਹਿਲਾ ਮੈਚ ਜਿੱਤਣ ਵਾਲੇ ਐਂਡਰਸਨ ਹੁਣ ਏ.ਟੀ.ਪੀ. ਫਾਈਨਲਸ ਦੇ ਅੰਤਿਮ ਚਾਰ 'ਚ ਪਹੁੰਚਣ ਵਾਲੇ ਦੱਖਣੀ ਅਫਰੀਕੀ ਖਿਡਾਰੀ ਬਣਨ ਦੇ ਕਰੀਬ ਪਹੁੰਚ ਗਏ ਹਨ।

## ਦਰੋਣਾਵੱਲੀ ਵਿਸ਼ਵ ਮਹਿਲਾ ਸ਼ਤਰੰਜ ਚੈਂਪੀਅਨਸ਼ਿਪ ਤੋਂ ਬਾਹਰ



ਖਾਂਤੀ ਮਨਸੀਸਕ, 14 ਨਵੰਬਰ (ਪੋਸਟ ਬਿਊਰੋ): ਦੁਨੀਆ ਭਰ ਤੋਂ ਚੁਣੀਆਂ ਹੋਈਆਂ 64 ਸਰਬੋਤਮ ਮਹਿਲਾ ਖਿਡਾਰੀਆਂ ਵਿਚਾਲੇ ਨਾਕਆਊਟ ਆਧਾਰ 'ਤੇ ਖੇਡੀ ਜਾ ਰਹੀ ਵਿਸ਼ਵ ਮਹਿਲਾ ਸ਼ਤਰੰਜ ਚੈਂਪੀਅਨਸ਼ਿਪ ਦੇ ਤੀਸਰੇ ਰਾਊਂਡ 'ਚ ਭਾਰਤ ਦੀ ਇਕਮਾਤਰ ਉਮੀਦ ਹਰਿਕਾ ਦਰੋਣਾਵੱਲੀ ਨੂੰ ਰੂਸ ਦੀ ਸਾਬਕਾ ਵਿਸ਼ਵ ਚੈਂਪੀਅਨ ਅਲੈਕਜ਼ੈਂਡਰਾ ਕੋਸਟੀਨਿਉਕ ਹੱਥੋਂ 3.5-2.5 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਇਸ ਦੇ ਨਾਲ ਹੀ ਉਹ ਵਿਸ਼ਵ ਸ਼ਤਰੰਜ ਚੈਂਪੀਅਨਸ਼ਿਪ ਤੋਂ ਬਾਹਰ ਹੋ ਗਈ ਹੈ। 2 ਕਲਾਸੀਕਲ ਮੁਕਾਬਲੇ 1-1 ਨਾਲ ਡਰਾਅ ਰਹਿਣ ਤੋਂ ਬਾਅਦ ਅੱਜ ਹੋਏ ਟਾਈਬ੍ਰੇਕ ਮੁਕਾਬਲੇ 'ਚ ਹਰਿਕਾ ਅਤੇ ਅਲੈਕਜ਼ੈਂਡਰਾ ਵਿਚਕਾਰ ਪਹਿਲੇ 25 ਮਿੰਟ ਦੇ ਰੈਪਿਡ ਮੁਕਾਬਲੇ 'ਚ ਅਲੇਕਜ਼ੈਂਡਰਾ ਤਾਂ ਦੂਜੇ 'ਚ ਹਰਿਕਾ ਨੇ ਜਿੱਤ ਦਰਜ ਕਰ ਕੇ ਮੁਕਾਬਲਾ 2-2 'ਤੇ ਪਹੁੰਚਾ ਦਿੱਤਾ। ਅਗਲੇ 10-10 ਮਿੰਟ ਦੇ ਟਾਈਬ੍ਰੇਕ 'ਚ ਹਰਿਕਾ ਨੂੰ ਪਹਿਲੇ ਟਾਈਬ੍ਰੇਕ 'ਚ ਹਾਰ ਦਾ ਸਾਹਮਣਾ ਕਰਨਾ ਪਿਆ, ਜਦੋਂ ਕਿ ਦੂਜੇ ਮੈਚ 'ਚ ਉਹ ਸਿਰਫ ਡਰਾਅ ਹਾਸਲ ਕਰ ਸਕੀ ਤੇ ਇਸ ਤਰ੍ਹਾਂ ਹਰਿਕਾ 3.5-2.5 ਨਾਲ ਹਾਰ ਕੇ ਵਿਸ਼ਵ ਚੈਂਪੀਅਨਸ਼ਿਪ ਤੋਂ ਬਾਹਰ ਹੋ ਗਈ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization



BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਮੂੰਹੋ ਬੋਲਦੀ ਦੀ Kitchen and Washroom ਬਣਵਾਓ

Pearson Kitchen & Cabinet

Free Estimate
We Specialize in granite, quartz & marble countertops





We Specialize In:
100% Satisfaction On Time
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ
Call Vikramjit Sangha: 416-200-0931
Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)

Dr. Randhawa Dentistry



Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

Mayfield Rd
Mcvean Dr
DENTISTRY
Squire Ellis Dr
Gore Rd
Countryside Dr

SimConnect FREIGHT MANAGEMENT
HIRING OWNER OPERATORS FOR LAREDO TX & MIDWEST LANES
ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ
Owner Operator up to 1.65 Per miles
Company Drivers :
Solo/Team : upto .65 Cents Per Mile



Sim Connect Freight Management
24 Hrs Dispatch
Ph: (905)915-1805/(905)799-8822
3380 Airway Dr Mississauga Ontario L4T1V3

